PUNJABI UNIVERSITY PATIALA

ਬੀ.ਕਾਮ. ਭਾਗ ਪਹਿਲਾ
(ਸਮੈਸਟਰ ਪਹਿਲਾ)

ਬੀ.ਸੀ. 104
ਬਿਜ਼ਨਸ ਲਾਅ

ਯੂਨਿਟ ਨੰ. 1

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰ.


1.1 ਮੁਆਇਦੇ ਦੀ ਪਰਿਭਾਸ਼ਾ ਅਤੇ ਪ੍ਰਕਿਰਤੀ
(Definition and Nature of Contract)

1.2 ਪ੍ਰਸਤਾਵ ਅਤੇ ਸਹਿਮਤੀ
(Offer and Acceptance)

1.3 ਪ੍ਰਤੀਫਲ
(Consideration)

1.4 ਧਿਰਾਂ ਦੀ ਸਮਰੱਥਾ
(Contractual Capacity of Parties)

1.5 ਸੁਤੰਤਰ ਸਹਿਮਤੀ
(Free Consent)

1.6 ਜਾਇਜ਼ ਉਦੇਸ਼ ਅਤੇ ਪ੍ਰਤਿਫਲ
(Lawful object and Consideration)


ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈੱਬਸਾਈਟ **www.pbidde.org** ਤੋਂ ਡਾਊਨਲੋਡ ਕਰਨ।

ਪਾਠ ਨੰ. 1.1

ਲੇਖਿਕਾ : ਰਾਜਵਿੰਦਰ ਕੌਰ

# ਮੁਆਇਦੇ ਦੀ ਪਰਿਭਾਸ਼ਾ ਅਤੇ ਪ੍ਰਕਿਰਤੀ

**(Definition and Nature of Contract)**

**1.1.0 ਭੂਮਿਕਾ (Introduction)**
**1.1.1 ਮੁਆਇਦੇ ਦੀ ਪਰਿਭਾਸ਼ਾ(Definition of Contract)**
**1.1.2 ਮੁਆਇਦੇ ਦੇ ਜ਼ਰੂਰੀ ਤੱਤ(Essential Elements of Contract)**
**1.1.3 ਮੁਆਇਦਿਆਂ ਦੀਆਂ ਕਿਸਮਾਂ(Kinds of Contract)**
**1.1.3.1ਜ਼ਾਇਜਪੁਣੇ ਦੇ ਅਧਾਰ ਤੇ ਵਰਗੀਕਰਨ(Classification according to validity)**
**1.1.3.2 ਬਣਤਰ ਦੇ ਆਧਾਰ ਮੁਆਇਦਿਆਂ ਦੀਆ ਕਿਸਮਾਂ(Contract classification according to formation)**
**1.1.3.3ਮੁਆਇਦਿਆਂ ਦਾ ਪਾਲਣਾ ਦੇ ਆਧਾਰ ਤੇ ਵਰਗੀਕਰਨ(Contract classified on the Basis of Performance)**

## 1.1.0 ਭੂਮਿਕਾ (INTRODUCTION)

ਮੁਆਇਦਾ ਅਧਿਨਿਯਮ 1872 ਭਾਰਤੀ ਵਪਾਰਕ ਕਾਨੂੰਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਅਜਿਹੇ ਅਧਿਨਿਯਮ ਤੋਂ ਬਿਨਾ ਕਿਸੇ ਵੀ ਵਪਾਰ ਜਾਂ ਪੇਸ਼ੇ ਨੂੰ ਚਲਾਉਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਮੁਆਇਦਾ ਅਧਿਨਿਯਮ ਕਾਨੂੰਨ ਦੀ ਉਹ ਕੜੀ ਹੈ ਜੋ ਇਹ ਨਿਰਧਾਰਿਤ ਕਰਦੀ ਹੈ ਕਿ ਕਿਹੜੀਆਂ ਹਲਾਤਾਂ ਵਿੱਚ ਸਮਝੌਤਾ ਕਰਨ ਵਾਲਾ ਵਿਅਕਤੀ ਕੀਤੇ ਹੋਏ ਸਮਝੌਤੇ ਨਾਲ ਕਾਨੂੰਨੀ ਰੂਪ ਵਿੱਚ ਬੰਨ੍ਹਿਆ ਜਾਂਦਾ ਹੈ। ਇਸ ਦਾ ਸਬੰਧ ਵਿਅਕਤੀਗਤ ਅਧਿਕਾਰਾਂ ਨਾਲ ਹੁੰਦਾ ਹੈ ਨਾ ਕਿ ਜਨਤਕ ਅਧਿਕਾਰਾਂ ਨਾਲ ਕਿਸੇ ਖਾਸ ਵਿਅਕਤੀ ਦੇ ਵਿਰੁੱਧ ਪ੍ਰਾਪਤ ਹੋਣ ਵਾਲੇ ਅਧਿਕਾਰਾਂ ਨੂੰ ਵਿਅਕਤੀਗਤ ਅਧਿਕਾਰ ਕਹਿੰਦੇ ਹਨ। ਉਦਾਹਰਣ ਵਜੋਂ A ਇੱਕ ਮਕਾਨ ਦਾ ਮਾਲਕ ਹੈ ਅਤੇ ਮਕਾਨ ਮਾਲਕ ਹੋਣ ਦੇ ਨਾਤੇ A ਨੂੰ ਆਪਣੇ ਮਕਾਨ ਨੂੰ ਆਪਣੇ ਪਾਸ ਰੱਖਣ ਅਤੇ ਉਸ ਦੀ ਮਨਮਰਜ਼ੀ ਨਾਲ ਵਰਤੋਂ ਕਰ ਸਕਣ ਦਾ ਅਧਿਕਾਰ ਹੈ। ਉਸ ਦੇ ਇਸ ਅਧਿਕਾਰ ਨੂੰ ਜਨਤਕ ਅਧਿਕਾਰ ਕਹਾਂਗੇ। ਕੋਈ ਵੀ ਦੂਸਰਾ ਵਿਅਕਤੀ ਉਸਦੇ ਅਧਿਕਾਰਾਂ ਵਿੱਚ ਰੁਕਾਵਟ ਨਹੀਂ ਪਾ ਸਕਦਾ ਹੈ। ਦੂਜੇ ਪਾਸੇ ਜੇਕਰ A ਨੇ B ਤੋਂ 2000/- ਕਰਜ਼ਾ ਲਿਆ ਹੈ ਤਾਂ ਅਜਿਹੀ ਹਾਲਤ ਵਿੱਚ B ਨੂੰ A ਤੋਂ ਆਪਣੇ ਕਰਜ਼ੇ ਦੀ ਵਸੂਲੀ ਕਰਨ ਦਾ ਅਧਿਕਾਰ ਹੋਵੇਗਾ ਜੋ ਵਿਅਕਤੀਗਤ ਅਧਿਕਾਰ ਕਹਾਉਂਦਾ ਹੈ ਕਿਉਂਕਿ B ਆਪਣੇ ਅਧਿਕਾਰ ਦੀ ਵਰਤੋਂ ਕੇਵਲ A ਦੇ ਵਿਰੁੱਧ ਹੀ ਕਰ ਸਕਦਾ ਹੈ ਨਾ ਕਿ ਕਿਸੇ ਹੋਰ ਦੇ ਵਿਰੁੱਧ

## 1.1.1 ਮੁਆਇਦੇ ਦੀ ਪਰਿਭਾਸ਼ਾ

ਮੁਆਇਦਾ ਇੱਕ ਕਾਨੂੰਨੀ ਰੂਪ ਵਿੱਚ ਲਾਗੂ ਕਰਵਾਇਆ ਜਾਣ ਵਾਲਾ ਸਮਝੌਤਾ ਹੁੰਦਾ ਹੈ। ਜਿਸ ਸਮਝੌਤੇ ਨੂੰ ਕਿਸੇ ਵੀ ਅਦਾਲਤ ਰਹੀ ਲਾਗੂ ਕੀਤਾ ਜਾ ਸਕਦਾ ਹੋਵੇ ਉਹ ਮੁਆਇਦਾ ਅਖਵਾਉਂਦਾ ਹੈ

"ਮੁਆਇਦਾ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚਕਾਰ ਹੋਇਆ ਅਜਿਹਾ ਸਮਝੌਤਾ ਹੈ ਜੋ ਕਾਨੂੰਨ ਦੁਆਰਾ ਲਾਗੂ ਕਰਾਉਣ ਦੇ ਉਦੇਸ਼ ਨਾਲ ਕੀਤਾ ਜਾਂਦਾ ਹੈ ਅਤੇ ਜਿਸ ਰਾਹੀ ਇੱਕ ਧਿਰ ਦੂਜੀ ਧਿਰ ਨੂੰ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਦੇ ਸਬੰਧ ਵਿੱਚ ਸਹਿਮਤੀ ਪ੍ਰਾਪਤ ਕਰ ਲੈਂਦੀ ਹੈ

–ਹਾਲਸਬਰੀ

ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 2(h) ਵਿੱਚ ਦਿੱਤੀ ਪ੍ਰੀਭਾਸ਼ਾ ਵੀ ਹਾਲਸਬਰੀ ਦੁਆਰਾ ਦਿੱਤੀ ਪ੍ਰੀਭਾਸ਼ਾ ਤੇ ਆਧਾਰਤ ਹੈ। ਧਾਰਾ 2(h) ਦੇ ਅਨੁਸਾਰ , "ਇੱਕ ਸਮਝੌਤਾ ਜੇ ਕਾਨੂੰਨ ਦੁਆਰਾ ਲਾਗੂ ਹੋਵੇ ਇੱਕ ਮੁਆਇਦਾ ਹੁੰਦਾ ਹੈ।'' $_3$ ਇਸ ਪ੍ਰੀਭਾਸ਼ਾ ਮੁਤਾਬਿਕ ਮੁਆਇਦੇ ਦੇ ਦੋ ਮੁੱਖ ਤੱਕ ਹੁੰਦੇ ਹਨ।

1. **ਸਮਝੌਤਾ** :- ਮੁਆਇਦੇ ਦਾ ਦੂਜਾ ਮੁੱਖ ਤੱਤ ਸਮਝੌਤਾ ਹੈ ਇੱਕ ਸਮਝੌਤਾ ਹੀ ਇੱਕ ਮੁਆਇਦੇ ਨੂੰ ਜਨਮ ਦਿੰਦਾ ਹੈ। ਸਮਝੌਤੇ ਦਾ ਜਨਮ ਤਾਂ ਹੀ ਹੁੰਦਾ ਹੈ। ਜਦੋ ਤੱਕ ਧਿਰ ਦੂਜੀ ਧਿਰ ਦੇ ਸਾਹਮਣੇ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਸਬੰਧੀ ਪ੍ਰਸਤਾਵ ਰੱਖਦੀ ਹੈ ਅਤੇ ਦੂਜੀ ਧਿਰ ਇਸ ਨੂੰ ਸਵੀਕਾਰ ਕਰ ਲੈਂਦੀ ਹੈ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਮੁਆਇਦਾ ਕਾਨੂੰਨ ਅਧੀਨ ਅਜਿਹਾ ਕੋਈ ਵੀ ਸਮਝੌਤਾ ਨਹੀਂ ਆਉਂਦਾ ਹੈ ਜਿਸ ਤੋਂ ਕਾਨੂੰਨੀ ਜਿੰਮੇਵਾਰੀ ਪੈਦਾ ਨਾ ਹੁੰਦੀ ਹੋਵੇ ਅਤੇ ਨਾ ਹੀ ਕੋਈ ਅਜਿਹੀ ਜ਼ਿੰਮੇਵਾਰੀ ਆਉਂਦੀ ਹੈ ਜਿਸ ਤੋਂ ਸਮਝੌਤੇ ਦੀ ਪੈਦਾਇਸ਼ ਨਾ ਹੁੰਦੀ ਹੋਵੇ। ਇਸ ਅਧੀਨ ਕੇਵਲ ਅਜਿਹੀਆਂ ਜ਼ਿੰਮੇਵਾਰੀਆਂ ਦਾ ਵਰਨਣ ਹੈ ਜਿਨ੍ਹਾਂ ਦੀ ਪੈਦਾਇਸ਼ ਦੋ ਧਿਰਾਂ ਵਿਚਕਾਰ ਹੋਵੇ ਸਮਝੋਤੇ ਦੇ ਅਧਾਰ ਤੇ ਹੋਈ ਹੋਵੇ।

**ਸਮਝੌਤੇ ਦੇ ਦੋ ਮੁੱਖ ਲੱਛਣ ਹੁੰਦੇ ਹਨ :-**

**(i)** ਵਿਅਕਤੀਆਂ ਦੀ ਬਹੁ ਗਿਣਤੀ ਭਾਵ ਸਮਝੌਤੇ ਲਈ ਇੱਕ ਤੋਂ ਵੱਧ ਵਿਅਕਤੀਆਂ ਦਾ ਹੋਣਾ ਜਰੂਰੀ ਹੁੰਦਾ ਹੈ

**(ii)** ਧਿਰਾਂ ਦੀ ਸਹਿਮਤੀ ਧਿਰਾਂ ਵਿਸ਼ਾ ਵਸਤੂ ਸਬੰਧੀ ਇੱਕਮਤ ਹੋਣੀਆਂ ਚਾਹੀਦੀਆਂ ਹਨ।

2. **ਕਾਨੂੰਨੀ ਜ਼ਿੰਮੇਵਾਰੀ (Legal Obligation)**

ਜ਼ਿੰਮੇਵਾਰੀ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਸਬੰਧੀ ਹੋਣੀ ਚਾਹੀਦੀ ਹੈ ਇਸ ਤੋ ਇਲਾਵਾ ਜਿੰਮੇਵਾਰੀ ਦਾ ਇਹ ਗੁਣ ਵੀ ਹੋਣਾ ਚਾਹੀਦਾ ਹੈ ਕਿ ਉਸਨੂੰ ਕਾਨੂੰਨ ਦੁਆਰਾ ਲਾਗੂ ਕਰਵਾਇਆ ਸਕਦਾ ਹੋਵੇ ਦੂਜੇ ਸ਼ਬਦਾਂ ਵਿੱਚ ਇਹ ਕਾਨੂੰਨੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਨਾ ਕਿ ਨੈਤਿਕ, ਸਮਾਜਿਕ ਜਾਂ ਆਰਥਿਕ।

## 1.1.2 ਮੁਆਇਦੇ ਦੇ ਜ਼ਰੂਰੀ ਤੱਤ
## (Essential Elements of Contract)

ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 10 ਦੇ ਅਨੁਸਾਰ "ਸਾਰੇ ਸਮਝੋਤੇ ਮੁਆਇਦੇ ਹੁੰਦੇ ਹਨ ਜੇਕਰ ਉਹ ਉਹਨਾਂ ਧਿਰਾਂ ਦੀ ਸਹਿਮਤੀ ਨਾਲ ਕੀਤੇ ਗਏ ਹੋਣ ਜਿਨਾਂ ਵਿੱਚ ਮੁਆਇਦਾ ਕਰਨ ਦੀ ਸਮੱਰਥਾਂ ਹੋਵੇ ਅਤੇ ਉਹ ਕਾਨੂੰਨੀ ਪ੍ਰਤੀਫਲ ਅਤੇ ਉਦੇਸ਼ ਨਾਲ ਕੀਤੇ ਗਏ ਹੋਣ ਅਤੇ ਉਹ ਸ਼ਪੱਸਟ ਰੂਪ ਵਿੱਚ ਵਿਅਰਥ ਘੋਸ਼ਿਤ ਨਾ ਕੀਤੇ ਗਏ ਹੋਣ''

**ਇੱਕ ਜਾਇਜ਼ ਮੁਆਇਦੇ ਦੇ ਹੇਠ ਲਿਖੇ ਤੱਕ ਹੁੰਦੇ ਹਨ :-**

1. **ਪ੍ਰਸਤਾਵ ਤੇ ਸਹਿਮਤੀ (Offer and Accetance)**

ਇੱਕ ਮੁਆਇਦਾ ਕਰਨ ਲਈ ਦੋਵੇ ਧਿਰਾਂ ਵਿਚਕਾਰ ਸਮਝੌਤਾ ਦਾ ਹੋਣਾ ਜ਼ਰੂਰੀ ਹੈ ਪ੍ਰੰਤੂ ਇੱਕ ਸਮਝਤੇ ਲਈ ਇੱਕ ਵਿਅਕਤੀ ਦੁਆਰਾ ਕੀਤੇ ਗਏ ਪ੍ਰਸਤਾਵ ਦਾ ਦੂਜੀ ਧਿਰ ਦੁਆਰਾ ਸਵੀਕਾਰ ਕਰਨਾ ਲਾਜ਼ਮੀ ਹੈ। ਧਾਰਾ **(2B) ਅਨੁਸਾਰ** ਜਦੋਂ ਉਹ ਵਿਅਕਤੀ ਜਿਸਨੂੰ ਪ੍ਰਸਤਾਵ ਕੀਤਾ ਗਿਆ ਹੋਵੇ ਉਸਤੇ ਆਪਣੀ ਸਹਿਮਤੀ ਦੇ ਦਿੰਦਾ ਹੈ ਤਾਂ ਪ੍ਰਸਤਾਵ ਸਵੀਕਾਰ ਹੋਇਆ ਮੰਨਿਆ ਜਾਂਦਾ ਹੈ।

2. **ਕਾਨੂੰਨੀ ਸਬੰਧ (Legal Relationship)**

ਮੁਆਇਦੇ ਦੀ ਪੈਦਾਇਸ਼ ਲਈ ਜਰੂਰੀ ਹੈ, ਸਮਝੌਤੇ ਰਾਹੀਂ ਧਿਰਾਂ ਵਿਚਕਾਰ ਕਾਨੂੰਨੀ ਸਬੰਧ ਕਾਇਮ ਹੋਣ। ਭਾਵ ਜੇਕਰ ਸਮਝੌਤੇ ਦੀ ਇਕ ਧਿਰ ਆਪਣੇ ਵਚਨ ਨੂੰ ਪੂਰਾ ਨਹੀਂ ਕਰਦੀ ਤਾਂ ਦੂਜੀ ਧਿਰ ਮੁਆਇਦੇ ਦੇ ਟੁੱਟਣ ਕਾਰਨ ਉਸ ਹੋਈ ਹਾਨੀ

ਦੀ ਪੂਰਤੀ ਕਰਨ ਲਈ ਪਾਬੰਦ ਕਰ ਸਕਦੀ ਹੈ। ਉਦਾਹਰਣ ਦੇ ਤੌਰ ਤੇ ਜੇਕਰ ਇੱਕ ਪਿਤਾ ਆਪਣੇ ਪੁੱਤਰ ਨੂੰ ਜੇਬ ਖਰਚ ਦੇਣ ਦਾ ਵਾਅਦਾ ਕਰਨ ਦੇ ਬਾਵਜੂਦ ਜੇਬ ਖਰਚ ਨਹੀ ਦਿੰਦਾ ਤਾਂ ਪੁੱਤਰ ਵਾਅਦੇ ਦੀ ਪੂਰਤੀ ਨਾ ਹੋਣ ਬਾਰੇ ਮੁਕਦਮਾ ਨਹੀ ਕਰ ਸਕਦਾ ਕਿਉਂਕੀ ਇਹ ਇੱਕ ਘਰੈਲੂ ਸਬੰਧ ਪੈਦਾ ਕਰਨ ਵਾਲਾ ਸਮਝੌਤਾ ਹੈ ਜਿਸ ਰਾਹੀ ਕੋਈ ਕਾਨੂੰਨੀ ਜ਼ਿੰਮੇਵਾਰੀ ਪੈਦਾ ਨਹੀ ਹੁੰਦੀ।

ਇਸ ਤਰ੍ਹਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਾਰੇ ਸਮਝੌਤੇ ਜੋ ਕਾਨੂੰਨੀ ਸਬੰਧ ਪੈਦਾ ਨਹੀ ਕਰ ਸਕਦੇ, ਉਹ ਮੁਆਇਦੇ ਨਹੀ ਹੁੰਦੇ।

### 3. ਮਾਨਸਿਕ ਇੱਕਮਤ (Consensus Ad-idem)

ਜਦੋਂ ਕੋਈ ਵਿਅਕਤੀ ਜਿਸ ਦੇ ਸਾਹਮਣੇ ਪ੍ਰਸਤਾਵ ਰੱਖਿਆ ਗਿਆ ਹੋਵੇ ਉਸ ਤੇ ਆਪਣੀ ਰਜ਼ਾਮੰਦੀ ਦੇ ਦਿੰਦਾ ਹੈ ਤਾਂ ਪ੍ਰਸਤਾਵ ਸਵੀਕਾਰ ਹੋਇਆ ਮੰਨਿਆ ਜਾਂਦਾ ਹੈ। ਕਿਸੇ ਵੀ ਸਮਝੌਤੇ ਦੀਆਂ ਸਾਰੀਆਂ ਧਿਰਾਂ ਉਸ ਸਮਝੌਤੇ ਦੀ ਵਿਸ਼ਾ ਵਸਤੂ ਬਾਰੇ ਇੱਕ ਮੱਤ ਹੋਣੀਆਂ ਜ਼ਰੂਰੀ ਹਨ ਅਜਿਹਾ ਤਾਂ ਹੀ ਮੰਨਿਆ ਜਾਵੇਗਾ ਜਦੋ ਸਾਰੀਆਂ ਧਿਰਾਂ ਸਮਝੌਤੇ ਦੀ ਵਿਸ਼ਾ ਵਸਤੂ ਬਾਰੇ ਇੱਕੋ ਜਿਹੇ ਵਿਚਾਰ ਰੱਖਦੀਆਂ ਹੋਣਗੀਆਂ। ਉਦਾਹਰਣ ਲਈ A ਦੇ ਪਾਸ ਦੋ ਕਾਰਾਂ ਹਨ ਇੱਕ ਅੰਬੈਸਡਰ ਤੇ ਦੂਜੀ ਫਿਏਟ। ਉਹ ਆਪਣੀ ਅੰਬੈਸਡਰ ਕਾਰ ਵੇਚਣ ਦੇ ਧਿਆਨ ਨਾਲ B ਨੂੰ ਆਪਣੀ ਇੱਕ ਕਾਰ ਵੇਚਣ ਦੀ ਪੇਸ਼ਕਸ਼ ਕਰਦਾ ਹੈ ਅਤੇ ਕਾਰ ਬਾਰੇ ਸ਼ਪਸ਼ਟ ਨਾ ਕਰਨ ਦੀ ਹਾਲਤ ਵਿੱਚ B ਇਹ ਸਮਝ ਕੇ ਪੇਸ਼ਕਸ਼ ਸਵੀਕਾਰ ਕਰ ਲੈਦਾ ਕਿ ਵੇਚੀ ਜਾਣ ਵਾਲੀ ਕਾਰ ਫਿਏਟ ਹੀ ਹੈ। ਅਜਿਹੀ ਹਾਲਤ ਵਿੱਚ ਸਮਝਤੇ ਦੀ ਵਿਸ਼ਾ ਵਸਤੂ ਬਾਰੇ ਦੋਵੇ ਧਿਰਾ ਦੀ ਸੋਚ ਇਕੋ ਜਿਹੀ ਨਹੀ ਹੈ। ਇਸ ਕਾਰਣ ਮੁਆਇਦਾ ਨਹੀ ਹੋ ਸਕਦਾ ਹੈ

### 4. ਧਿਰਾਂ ਵਿੱਚ ਮੁਆਇਦਾ ਕਰਨ ਦੀ ਸਮੱਰਥਾਂ (Competency of Parties)

ਸਮਝੌਤੇ ਦੀਆਂ ਧਿਰਾਂ ਵਿੱਚ ਮੁਆਇਦਾ ਕਰਨ ਦੀ ਸਮਰੱਥਾ ਦਾ ਹੋਣਾ ਜ਼ਰੂਰੀ ਹੈ। ਜੇਕਰ ਮੁਆਇਦਾ ਕਰਨ ਵਾਲੀ ਕੋਈ ਵੀ ਧਿਰ ਮੁਆਇਦਾ ਕਰਨ ਦੇ ਸਮਰੱਥ ਨਹੀਂ ਹੈ ਤਾਂ ਜਾਇਜ ਮੁਆਇਦਾ ਨਹੀਂ ਹੋ ਸਕੇਗਾ। ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 11 ਦੇ ਅਨੁਸਾਰ ਹੇਠ ਲਿਖੇ ਵਿਅਕਤੀ ਮੁਆਇਦਾ ਕਰਨ ਦੇ ਸਮਰੱਥ ਹੁੰਦੇ ਹਨ :-

(i) ਉਹ ਹਰੇਕ ਵਿਅਕਤੀ ਜੋ ਕਾਨੂੰਨ ਅਨੁਸਾਰ ਬਾਲਗ ਹੋ ਚੁੱਕਾ ਹੋਵੇ।

(ii) ਉਹ ਹਰੇਕ ਵਿਅਕਤੀ ਜੋ ਤੰਦਰੁਸਤ ਦਿਮਾਗ ਵਾਲਾ ਹੋਵੇ।

(iii) ਉਹ ਹਰੇਕ ਵਿਅਕਤੀ ਜੋ ਮੁਆਇਦਾ ਕਰਨ ਦੇ ਅਯੋਗ ਕਰਾਰ ਨਾ ਦਿੱਤਾ ਗਿਆ ਹੋਵੇ।

### 5. ਆਜ਼ਾਦ ਸਹਿਮਤੀ (Free Consent)

ਮੁਆਇਦੇ ਦੀਆਂ ਸਾਰੀਆਂ ਧਿਰਾਂ ਦੀ ਸਹਿਮਤੀ ਆਜਾਦ ਹੋਣੀ ਚਾਹੀਦੀ ਹੈ। ਭਾਰਤੀ ਮੁਆਇਦਾ ਅਧਿਨਿਯਮ ਦੀ ਧਿਰਾਂ ਦੀ ਸਹਿਮਤੀ ਤਾਂ ਹੀ ਆਜ਼ਾਦ ਮੰਨੀ ਜਾਵੇਗੀ ਜੇਕਰ ਉਹਨਾਂ ਦੀ ਸਹਿਮਤੀ, ਜਬਰ ਅਨਉਚਿਤ ਪ੍ਰਭਾਵ, ਧੋਖੇ ਗਲਤ ਬਿਆਨੀ ਤੋ ਰਹਿਤ ਹੋਵੇ। ਜੇਕਰ ਕਿਸੇ ਵੀ ਧਿਰਾ ਦੀ ਸਹਿਮਤੀ ਗੈਰ ਕਾਨੂੰਨੀ ਤਰੀਕੇ ਨਾਲ ਪ੍ਰਾਪਤ ਕੀਤੀ ਹੋਵੇ ਤਾਂ ਅਜਿਹੀ ਹਾਲਤ ਵਿੱਚ ਮੁਆਇਦਾ ਵਿਅਰਥ ਹੋ ਜਾਂਦਾ ਹੈ।

### 6. ਕਾਨੂੰਨੀ ਪ੍ਰਤੀਫਲ (Lawful Consideration)

ਹਰੇਕ ਮੁਆਇਦੇ ਵਿੱਚ ਪ੍ਰਤਿਫਲ (Consideration) ਦਾ ਹੋਣਾ ਜ਼ਰੂਰੀ ਹੈ। ਪ੍ਰਤਿਫਲ ਤੋ ਬਿਨ੍ਹਾਂ ਕੀਤਾ ਗਿਆ ਸਮਝੌਤਾ ਕਾਨੰਨ ਦੁਆਰਾ ਲਾਗੂ ਹੋਣ ਦੀ ਹਾਲਤ ਵਿੱਚ ਨਹੀ ਹੁਸੰਦਾ ਹੈ। ਗੈਰ ਕਾਨੂੰਨੀ ਪ੍ਰਤਿਫਲ ਵਾਲੇ ਸਮਝੌਤੇ ਫਜ਼ੂਲ ਹੁੰਦੇ ਹਨ, ਇਸ ਲਈ ਜਾਇਜ਼ ਮੁਆਇਦੇ ਵਿੱਚ ਪ੍ਰਤਿਫਲ ਦਾ ਹੋਣਾ ਅਤੇ ਉਸਦਾ ਕਾਨੂੰਨੀ ਹੋਣਾ, ਦੋਵੇ ਹੀ ਬਹੁਤ ਜ਼ਰੂਰੀ ਹਨ

**7. ਕਾਨੂੰਨੀ ਉਦੇਸ਼ (Lawful Objects)**

ਧਿਰਾਂ ਵਿਚਕਾਰ ਸਮਝੌਤੇ ਦਾ ਉਦੇਸ਼ ਕਾਨੂੰਨੀ ਤੌਰ ਤੇ ਜਾਇਜ ਹੋਣਾ ਜ਼ਰੂਰੀ ਹੈ ਭਾਵ ਸਮਝੋਤੇ ਦਾ ਉਦੇਸ਼ ਗੈਰ ਸੰਵਿਧਾਨਿਕ ਰਾਜ ਦੇ ਕਿਸੇ ਨਿਯਮ ਦੇ ਵਿਰੁੱਧ ਧੋਖੇ ਵਾਲਾ ਜਾਂ ਲੋਕ ਨੀਤੀ ਦੇ ਵਿਰੱਧ ਨਹੀ ਹੋਣਾ ਚਾਹੀਦਾ । ਇੱਕ ਵਿਅਕਤੀ B ਨੂੰ ਆਪਣਾ ਮਕਾਨ, ਜੂਆ ਘਰ ਬਣਾਉਣ ਦੇ ਲਈ ਕਿਰਾਏ ਤੇ ਦਿੰਦਾ ਹੈ ਇਸ ਕੇਸ ਵਿੱਚ B ਨਾਲ ਹੋਏ ਮੁਆਇਦੇ ਦਾ ਉਦੇਸ਼ ਕਿਉਕਿ ਗੈਰ ਸੰਵਿਧਾਨਿਕ ਅਤੇ ਲੋਕ ਨੀਤੀ ਦੇ ਵਿਰੱਧ ਹੈ, ਇਸ ਲਈ ਇਹ ਨਜਾਇਜ ਮੰਨਿਆ ਜਾਵੇਗਾ ਅਤੇ ਨਤੀਜੇ ਵਜੋ ਸਮਝੋਤਾ ਵੀ ਜਾਇਜ ਨਹੀਂ ਹੋ ਸਕਦਾ ਹੈ।

**8. ਮੁਆਇਦਾ ਵਿਅਰਥ ਕਰਾਰ ਨਾ ਦਿੱਤਾ ਗਿਆ ਹੋਵੇ (Contract not declared to be Void)**

ਮੁਆਇਦਾ ਅਜਿਹਾ ਨਹੀ ਹੋਣਾ ਚਾਹੀਦਾ ਜੋ ਕਿਸੇ ਅਧਿਨਿਯਮ ਰਾਹੀ ਸਪਸ਼ਟ ਰੂਪ ਵਿੱਚ ਵਿਅਰਥ ਜਾਂ ਨਜਾਇਜ਼ ਕਰਾਰ ਦਿੱਤਾ ਗਿਆ ਹੋਵੇ ਕਿਉਂਕਿ ਅਜਿਹੇ ਸਮਝੌਤੇ ਜੋ ਨਜਾਇਜ ਕਰਾਰ ਦਿੱਤੇ ਗਏ ਹੋਣ, ਕਿਸੇ ਵੀ ਜਾਇਜ਼ ਮੁਆਇਦੇ ਨੂੰ ਜਨਮ ਨਹੀ ਦੇ ਸਕਦੇ। ਭਾਰਤੀ ਮੁਆਇਦੇ ਅਧਿਨਿਯਮ ਦੀ ਧਾਰਾ 24 ਤੇ ਧਾਰਾ 30 ਦੇ ਅੰਦਰ ਦਰਜ ਕੀਤੇ ਸਮਝੌਤਿਆ ਨੂੰ ਸੁਪਸ਼ਟ ਰੂਪ ਵਿਚ ਨਜਾਇਜ ਕਰਾਰ ਦਿੱਤਾ ਗਿਆ ਹੈ।

**9. ਸਮਝੋਤੇ ਦੇ ਪੂਰੇ ਕੀਤੇ ਜਾਣ ਦੀ ਨਿਸ਼ਚਿਤਤਾ ਤੇ ਸੰਭਾਵਨਾ** (Certainity and Possibility of Performance of an Agreement) –

ਮੁਆਇਦਾ ਸਪੱਸ਼ਟ ਤੇ ਨਿਸ਼ਚਿਤ ਹੋਣਾ ਚਾਹੀਦਾ ਹ। ਦੂਜਾ ਇਹ ਅਸਥਿਰ ਨਹੀ ਹੋਣਾ ਚਾਹੀਦਾ । ਕਿਸੇ ਮੁਆਇਦੇ ਨੂੰ ਪੂਰਾ ਕਰ ਸਕਣਾ ਅਸੰਭਵ ਨਹੀ ਹੋਣਾ ਚਾਹੀਦਾ। ਮੁਆਇਦਾ ਅਸਪੱਸ਼ਟ, ਅਨਿਸ਼ਚਿਤ ਜਾਂ ਪੂਰਾ ਕਰਨਾ ਸੰਭਵ ਨਾ ਹੋਣ ਦੀ ਹਾਲਤ ਵਿੱਚ ਵਿਅਰਥ ਕਰਾਰ ਦਿੱਤਾ ਜਾ ਸਕਦਾ ਹੈ। ਅਸੰਭਵ ਕਾਰਜਾਂ ਵਾਲੇ ਮੁਆਇਦੇ ਕਾਨੂੰਨ ਦੁਆਰਾ ਲਾਗੂ ਨਹੀ ਕਰਵਾਏ ਜਾ ਸਕਦੇ ਇਸ ਲਈ ਵਿਅਰਥ ਹੋ ਜਾਂਦੇ ਹਨ।

**10. ਕਾਨੂੰਨ ਦੁਆਰਾ ਰੱਖੀਆਂ ਸ਼ਰਤਾਂ ਦੀ ਪੂਰਤੀ** (Formalities required by Law) :

ਜੇਕਰ ਕਿਸੇ ਵਿਸ਼ੇਸ਼ ਕਿਸਮ ਦੇ ਮੁਆਇਦੇ ਦਾ ਲਿਖਤੀ ਜਾਂ ਰਜਿਸਟਰਡ ਹੋਣਾਂ ਜਰੂਰੀ ਹੋਵੇ ਤਾਂ ਅਜਿਹੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਵੈਸੇ ਤਾਂ ਜ਼ੁਬਾਨੀ ਕੀਤੇ ਮੁਆਇਦੇ ਵੀ ਪੂਰੀ ਤਰ੍ਹਾਂ ਜਾਇਜ਼ ਮੰਨੇ ਜਾਂਦੇ ਹਨ ਫਿਰ ਵੀ ਭਾਰਤ ਵਿੰਚ ਵਸਤਾਂ ਦੀ ਵਿਕਰੀ ਸਬੰਧੀ ਮੁਆਇਦ, Indemnity and Bonds ਅਤੇ ਕੰਪਨੀ ਦੇ ਅੰਤਰ–ਨਿਯਮ (Articles of Association) ਲਿਖਤੀ ਰੂਪ ਵਿੱਚ ਹੋਣੇ ਜਰੂਰੀ ਹਨ। ਰਜਿਸਟਰੇਸ਼ਨ ਅਧਿਨਿਯਮ ਦੇ ਅਨੁਸਾਰ ਜੋ ਵੀ ਦਸਤਾਵੇਜ ਧਾਰਾ 17 ਵਿੱਚ ਦਰਜ ਹਨ ਉਨ੍ਹਾਂ ਦਾ ਰਜਿਸਟਰਡ ਹੋਣਾ ਜਰੂਰੀ ਹੈ।

## 1.1.3 ਮੁਆਇਦਿਆਂ ਦੀਆਂ ਕਿਸਮਾਂ (KINDS OF CONTRACTS)

1. **ਜਾਇਜ ਮੁਆਇਦੇ** (Valid Contracts)

ਉਹ ਸਮਝੋਤੇ ਜਿਨ੍ਹਾਂ ਨੂੰ ਕਾਨੂੰਨ ਰਾਹੀਂ ਲਾਗੂ ਕਰਵਾਇਆ ਜਾ ਸਕਦਾ ਹੋਵੇ ਜਾਇਜ ਮੁਆਇਦੇ ਅਖਵਾਉਦੇ ਹਨ। ਇੱਕ ਸਮਝੋਤਾ ਤਾਂ ਹੀ ਮੁਆਇਦੇ ਵਿੱਚ ਬਦਲ ਸਕਦਾ ਹੈ ਜੇਕਰ ਉਸ ਵਿੱਚ ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 10 ਵਿੱਚ ਵਰਨਣ ਕਿਤੇ ਕਿਸੇ ਜਾਇਜ ਮੁਆਇਦੇ ਦੇ ਸਾਰੇ ਲੱਛਣ ਜਾਂ ਤੱਤ ਸ਼ਾਮਲ ਹੋਣ।

2. **ਵਿਅਰਥ ਮੁਆਇਦੇ** (Void Contracts)

ਵਿਅਰਥ ਮੁਆਇਦੇ ਦਾ ਅਰਥ ਅਜਿਹੇ ਮੁਆਇਦੇ ਤੋਂ ਹੁੰਦਾ ਹੈ ਜਿਸ ਨੂੰ ਕਿਸੇ ਕਾਰਨ ਭਵਿੱਖ ਵਿੱਚ ਕਾਨੂੰਨ ਦੁਆਰਾ ਲਾਗੂ ਨਾ ਕੀਤਾ ਜਾ ਸਕਦਾ ਹੋਵੇ ਪ੍ਰੰਤੂ ਉਹ ਪਹਿਲਾਂ ਲਾਗੂ ਕੀਤੇ ਜਾਣ ਯੋਗ ਹੋਵੇ। ਇਹ ਇੱਕ ਅਜਿਹਾ ਮੁਆਇਦਾ ਹੁੰਦਾ ਹੈ

ਜਿਸਦਾ ਕੋਈ ਕਾਨੂੰਨੀ ਅਸਰ ਜਾਂ ਪ੍ਰਭਾਵ ਨਹੀਂ ਰਹਿੰਦਾ ਅਤੇ ਨਾ ਹੀ ਕੋਈ ਵੀ ਧਿਰ ਕਿਸੇ ਕਾਨੂੰਨ ਰਾਹੀਂ ਅਜਿਹੇ ਮੁਆਇਦਿਆਂ ਨੂੰ ਕਾਨੂੰਨ ਰਾਹੀ ਲਾਗੂ ਕਰਵਾਉਣ ਦਾ ਅਧਿਕਾਰ ਰੱਖਦੀ ਹੈ। ਭਾਵ ਕਿਸੇ ਕਾਰਣ ਕਰਕੇ ਇਸਦੀ ਰਚਨਾ ਵਿਅਰਥ ਹੋ ਜਾਂਦੀ ਹੈ। ਕਿਸੇ ਮਿੱਤਰ ਦੇਸ਼ ਵਿੱਚ ਰਹਿੰਦੇ ਕਿਸੇ ਵਿਅਕਤੀ ਨਾਲ ਕੀਤੇ ਸਾਰੇ ਮੁਆਇਦੇ ਉਦੋਂ ਵਿਅਰਥ ਹੋ ਜਾਂਦੇ ਹਨ ਜਦੋਂ ਉਹ ਦੇਸ਼ ਦੁਸ਼ਮਣ ਬਣ ਜਾਂਦਾ ਹੈ ਅਤੇ ਨਤੀਜੇ ਵੱਜੋ ਉਸ ਦੇਸ਼ ਵਿੱਚ ਰਹਿਣ ਵਾਲੇ ਵਿਅਕਤੀ ਵੀ ਦੁਸ਼ਮਣ ਬਣ ਜਾਂਦੇ ਹਨ। ਦੁਸ਼ਮਣ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ ਉਸ ਨਾਲ ਕੀਤੇ ਸਾਰੇ ਸਮਝੋਤੇ ਵਿਅਰਥ ਹੋ ਜਾਣਗੇ।

3. **ਵਿਅਰਥ ਹੋਣ ਯੋਗ ਮੁਆਇਦੇ** (Voidable Contracts) –

ਜਦੋਂ ਕੋਈ ਸਮਝੌਤਾ ਕਿਸੇ ਇੱਕ ਧਿਰ ਦੀ ਇੱਛਾ ਜਾਂ ਇੱਕ ਤੋਂ ਵੱਧ ਧਿਰਾਂ ਦੀ ਇੱਛਾ ਤੇ ਕਾਨੂੰਨ ਦੁਆਰਾ ਲਾਗੂ ਕੀਤਾ ਜਾ ਸਕਦਾ ਹੋਵੇ ਪ੍ਰੰਤੂ ਦੂਜੀ ਧਿਰ ਜਾਂ ਧਿਰਾਂ ਦੀ ਇੱਛਾ ਤੇ ਲਾਗੂ ਨਾ ਕਰਵਾਇਆ ਜਾ ਸਕਦਾ ਹੋਵੇ ਤਾਂ ਇਸਨੂੰ ਵਿਅਰਥ ਹੋਣ ਯੋਗ ਮੁਆਇਦਾ ਕਹਾਂਗੇ। ਜੇਕਰ ਕਿਸੇ ਸਮਝੌਤੇ ਵਿੱਚ ਕਿਸੇ ਇੱਕ ਧਿਰ ਦੀ ਸਹਿਮਤੀ ਆਜਾਦ ਨਾ ਹੋਵੇ ਤਾਂ ਅਜਿਹਾ ਮੁਆਇਦਾ ਵਿਅਰਥ ਹੋਣ ਯੋਗ ਮੰਨਿਆ ਜਾਂਦਾ ਹੈ। ਇਸ ਕਿਸਮ ਦੇ ਸਮਝੌਤੇ ਉਦੋਂ ਤੱਕ ਜਾਇਜ ਰਹਿੰਦੇ ਹਨ ਜਦੋਂ ਤੱਕ ਉਹ ਧਿਰ ਇਸਨੂੰ ਖਤਮ ਨਾ ਕਰ ਦੇਵੇ ਜਿਸਦੀ ਸਹਿਮਤੀ ਆਜਾਦ ਨਹੀ ਸੀ, ਅਜਿਹੇ ਸਮਝੌਤਿਆਂ ਦੇ ਟੁੱਟ ਜਾਣ ਨਾਲ ਇਹ ਵਿਅਰਥ ਹੋ ਜਾਂਦੇ ਹਨ।

ਉਦਾਹਰਣ: A ਅਤੇ B ਨੂੰ ਧੋਖਾ ਦੇਣ ਲਈ ਕਿਹਾ ਕਿ ਉਹ ਆਪਣੇ ਕਾਰਖਾਨੇ ਵਿੱਚ 5,000 ਟਿੱਕੀ ਸਾਬਣ ਰੋਜ ਬਣਾਉਦਾ ਹੈ ਅਤੇ ਇਸ ਤਰ੍ਹਾਂ ਉਹ B ਨੂੰ ਆਪਣਾ ਕਾਰਖਾਨਾ ਖਰੀਦਣ ਲਈ ਸਹਿਮਤ ਕਰ ਲੈਂਦਾ ਹੈ। ਇਹ ਸਮਝੌਤਾ B ਦੀ ਇੱਛਾ ਤੇ ਵਿਅਰਥ ਹੋਣ ਯੋਗ ਹੈ।

4. **ਲਾਗੂ ਨਾ ਹੋਣ ਯੋਗ ਮੁਆਇਦੇ** (Unenforceable Contracts) –

ਅਜਿਹੇ ਸਮਝੋਤੇ ਜਿਸ ਵਿੱਚ ਸਾਰੀਆਂ ਕਾਨੂੰਨੀ ਸ਼ਰਤਾਂ ਹੋਣ ਦੇ ਬਾਵਜੂਦ ਕਿਸੇ ਤਕਨੀਕੀ ਕਮੀ ਦੇ ਕਾਰਨ ਇਸਨੂੰ ਕਾਨੂੰਨ ਦੁਆਰਾ ਲਾਗੂ ਨਹੀ ਕੀਤਾ ਜਾ ਸਕਦਾ, ਉਹਨਾਂ ਨੂੰ ਲਾਗੂ ਨਾ ਹੋਣ ਯੋਗ ਮੁਆਇਦੇ ਕਿਹਾ ਜਾਂਦਾ ਹੈ। ਉਦਾਹਰਣ ਦੇ ਲਈ ਜਰੂਰੀ ਰੈਵੀਨਿਯੂ ਸਟੈਂਪਾਂ ਜਾਂ ਕਾਗਜ ਦਾ ਨਾ ਹੋਣਾਂ, ਸਮਝੋਤੇ ਦਾ ਲਿਖਤੀ ਰੂਪ ਵਿੱਚ ਨਾ ਹੋਣਾ ਆਦਿ। ਅਜਿਹੇ ਮੁਆਇਦੇ ਦੇ ਅਧੀਨ ਕੋਈ ਵੀ ਧਿਰ ਦੂਜੀ ਧਿਰ ਨੂੰ ਮੁਆਇਦੇ ਦੇ ਪੂਰਾ ਕਰਨ ਲਈ ਕੋਰਟ ਵਿੱਚ ਨਹੀ ਜਾ ਸਕਦੀ।

ਉਦਾਹਰਣ: ੳ ਨੇ ਅ ਤੋ 1000 ਰੁਪਏ ਉਧਾਰ ਲਏ ਤੇ ਬਦਲੇ ਵਿੱਚ ਪ੍ਰਤਿਗਿਆ-ਪੱਤਰ ਜਿਸ ਤੇ 10 ਪੈਸੇ ਦੀ ਸਟੈਪ ਲੱਗੀ ਸੀ, ਲਿਖ ਦੇ ਦੇ ਦਿੱਤਾ। ਇੱਥੇ ਸਮਝੌਤਾ ਜਾਇਜ ਅਤੇ ਪੂਰਨ ਹੈ ਪ੍ਰੰਤੂ ਤਕਨੀਕੀ ਕਾਰਣ (ਸਟੈਪ ਪੂਰੇ ਪੈਸਿਆਂ ਲਈ ਨਹੀ ਲੱਗੀ) ਸਟੈਪ ਡਿਊਟੀ ਦੀ ਘਾਟ ਕਾਰਣ ਲਾਗੂ ਨਹੀ ਕਰਵਾਇਆ ਜਾ ਸਕਦਾ।

5. **ਗੈਰ ਕਾਨੂੰਨੀ ਮੁਆਇਦੇ** (Illegal Contracts) –

ਅਜਿਹੇ ਮੁਆਇਦੇ ਜਿਹੜੇ ਅਧਿਨਿਯਮ ਦੇ ਵਿਰੁੱਧ ਹੋਣ ਜਾਂ ਜਿਹਨਾਂ ਤੇ ਅਧਿਨਿਯਮ ਦੇ ਅਧੀਨ ਸਪੱਸ਼ਟ ਰੂਪ ਵਿੱਚ ਰੋਕ ਲਾਈ ਗਈ ਹੋਵੇ, ਨਜਾਇਜ ਮੁਆਇਦੇ ਅਖਵਾਉਦੇ ਹਨ। ਅਜਿਹੇ ਮੁਆਇਦੇ ਮੂਲ ਰੂਪ ਵਿੱਚ ਵਿਅਰਥ ਹੁੰਦੇ ਹਨ। ੳ ਅਤੇ ਅ ਵਿੱਚ ਡਕੈਤੀ ਪਾਉਣ ਦਾ ਸਮਝੋਤਾ ਇੱਕ ਨਜਾਇਜ ਅਤੇ ਵਿਅਰਥ ਮੁਆਇਦਾ ਹੈ ਅਤੇ ਇਸਨੂੰ ਕਾਨੂੰਨ ਦੁਆਰਾ ਲਾਗੂ ਨਹੀ ਕਰਵਾਇਆ ਜਾ ਸਕਦਾ।

### 1.1.3.2 ਬਣਤਰ ਦੇ ਆਧਾਰ ਤੇ ਮੁਆਇਦਿਆਂ ਦੀਆਂ ਕਿਸਮਾਂ

### (CONTRACTS CLASSIFIED ACCORDING TO FORMATION)

1. **ਸਪੱਸ਼ਟ ਮੁਆਇਦੇ** (Express Contracts) –

ਦੋ ਧਿਰਾਂ ਦੇ ਵਿਚਕਾਰ ਲਿਖਤੀ ਜਾਂ ਜੁਬਾਨੀ ਮੁਆਇਦੇ ਸਪੱਸ਼ਟ ਹੁੰਦੇ ਹਨ ਜਦੋਂ ਇੱਕ ਧਿਰ ਸਪੱਸ਼ਟ ਸ਼ਬਦਾਂ ਰਾਹੀ ਪ੍ਰਸਤਾਵ ਰੱਖਦੀ ਹੈ ਤੇ ਦੂਜੀ ਧਿਰ ਸਪੱਸ਼ਟ ਸ਼ਬਦਾਂ ਰਾਹੀ ਇਯਨੂੰ ਸਵੀਕਾਰ ਕਰ ਲੈਂਦੀ ਹੈ ਤਾਂ ਇਹ ਸਪੱਸ਼ਟ ਮੁਆਇਦਾ ਹੁੰਦਾ ਹੈ।

2. **ਗ੍ਰਭਿਤ ਮੁਆਇਦੇ (Implied Contracts)** –

ਜਦੋਂ ਪੇਸ਼ਕਸ਼ ਤੇ ਸਹਿਮਤੀ ਸਪੱਸ਼ਟਸ਼ਬਦਾਂ ਦੀ ਥਾਂ ਤੇ ਕਿਸੇ ਹੋਰ ਤਰੀਕੇ ਨਾਲ ਹੋਵੇ ਤਾਂ ਹੋਂਦ ਵਿੱਚ ਆਏ ਮੁਆਇਦੇ ਨੂੰ ਗ੍ਰਭਿਤ ਮੁਆਇਦਾ ਆਖਿਆ ਜਾਂਦਾ ਹੈ। ਇਸ ਮੁਆਇਦੇ ਦੇ ਅਧੀਨ ਇੱਕ ਧਿਰ ਵੱਲੋਂ ਰੱਖਿਆ ਪ੍ਰਸਤਾਵ, ਉਸਦੇ ਆਸੇ-ਪਾਸੇ ਦੀਆਂ ਹਾਲਤਾਂ, ਉਸਦੇ ਆਚਰਨ ਜਾਂ ਵਿਵਹਾਰ ਰਾਹੀਂ ਹੁੰਦਾ ਹੈ ਅਤੇ ਇਸੇ ਤਰ੍ਹਾਂ ਸਹਿਮਤੀ ਦੇਣ ਵਾਲੇ ਦੇ ਆਚਰਨ, ਵਿਵਹਾਰ ਜਾਂ ਲਾਗੂ ਪ੍ਰਸਥਿਤੀਆਂ ਤੋਂ ਉਸਾਰੀ ਸਹਿਮਤੀ ਪ੍ਰਾਪਤ ਹੁੰਦੀ ਹੈ। ਗ੍ਰਭਿਤ ਮੁਆਇਦੇ ਪੂਰਨ ਰੂਪ ਵਿੱਚ ਸਪੱਸ਼ਟ ਮੁਆਇਦੇ ਦੀ ਤਰ੍ਹਾਂ ਕਾਨੂੰਨ ਦੁਆਰਾ ਲਾਗੂ ਕਰਵਾਉਣ ਯੋਗ ਹੁੰਦੇ ਹਨ।

3. **ਅਰਧ ਮੁਆਇਦੇ (Quasi Contracts)** –

ਅਰਧ ਮੁਆਇਦੇ ਅਜਿਹੇ ਮੁਆਇਦੇ ਹੁੰਦੇ ਹਨ। ਜਿਨ੍ਹਾਂ ਵਿੱਚ ਮੁਆਇਦੇ ਦੀਆਂ ਧਿਰਾਂ ਵਿੱਚ ਮੁਆਇਦਾ ਕਰਨ ਦੀ ਨੀਅਤ ਕਰਦੇ ਵੀ ਨਹੀ ਹੁੰਦੀ ਫੇਰ ਵੀ ਉਹ ਕਾਨੂੰਨੀ ਰੂਪ ਵਿੱਚ ਮੁਆਇਦੇ ਦੀਆਂ ਧਿਰਾਂ ਬਣ ਜਾਦੀਆਂ ਹਨ। ਅਰਧ ਮੁਆਇਦਿਆਂ ਵਿੱਚ ਇਸ ਦੀਆਂ ਧਿਰਾਂ ਨੂੰ ਪ੍ਰਾਪਤ ਹੋਣ ਵਾਲੇ ਅਧਿਕਾਰ ਅਤੇ ਪੈਦਾ ਹੋਈਆਂ ਜਿੰਮੇਵਾਰੀਆਂ ਕਿਸੇ ਸਮਝੋਤੇ ਅਧੀਨ ਨਹੀ ਬਲਕਿ ਕਿਸੇ ਵਿਧੀ ਜਾਂ ਨਿਯਮ ਅਧੀਨ ਪ੍ਰਾਪਤ ਹੁੰਦੇ ਹਨ। ਉਦਾਹਰਣ ਦੇ ਲਈ ਜਦੋਂ ਕਿਸੇ ਵਿਅਕਤੀ ਨੂੰ ਕਿਸੇ ਦੂਜੇ ਵਿਅਕਤੀ ਦੀ ਵਸਤੂ ਗੁੰਮ ਹੋਈ ਵਸਤੂ ਪ੍ਰਾਪਤ ਹੁੰਦੀ ਹੈ ਤਾਂ ਉਸਦਾ ਫਰਜ ਬਣਦਾ ਹੈ ਕਿ ਉਹ ਵਸਤੂ ਦੇ ਅਸਲੀ ਮਾਲਕ ਦੀ ਭਾਲ ਕਰੇ ਅਤੇ ਵਸਤੂ ਨੂੰ ਵਾਪਸ ਕਰੇ। ਦੂਜੇ ਪਾਸੇ ਜਿਸ ਵਿਅਕਤੀ ਦੀ ਵਸਤੂ ਗੁੰਮ ਹੋਈ ਉਸਨੂੰ ਅਧਿਕਾਰ ਹੋਵੇਗਾ ਕਿ ਉਹ ਆਪਣੀ ਮਲਕੀਅਤ ਸਾਬਤ ਕਰਕੇ ਵਸਤੂ ਵਾਪਸ ਲੈ ਸਕਦਾ ਹੈ।

## 1.3.3 ਮੁਆਇਦਿਆਂ ਦਾ ਪਾਲਨਾ ਦੇ ਆਧਾਰ ਤੇ ਵਰਗੀਕਰਨ (CONTRACTS CLASSIFIED ON THE BASIS OF PERFORMANCE)

1. **ਇੱਕ ਪੱਖੀ ਮੁਆਇਦੇ (Unilateral Contracts)** –

ਜੇਕਰ ਮੁਆਇਦਾ ਕਰਨ ਵੇਲੇ ਕੇਵਲ ਇੱਕ ਧਿਰ ਦੀ ਜਿੰਮੇਵਾਰੀ ਬਕਾਇਆ ਰਹਿ ਗਈ ਹੋਵੇ ਭਾਵ ਦੂਜੀ ਧਿਰ ਨੇ ਆਪਣੀ ਜਿੰਮੇਵਾਰੀ ਮੁਆਇਦਾ ਕਰਨ ਸਮੇਂ ਜਾਂ ਕਰਨ ਤੋਂ ਪਹਿਲਾਂ ਪੂਰ ਕਰ ਲਈ ਹੋਵੇ ਤਾਂ ਅਜਿਹੇ ਮੁਆਇਦੇ ਨੂੰ ਇੱਕ ਪਾਸੜ ਮੁਆਇਦਾ ਕਿਹਾ ਜਾਂਦਾ ਹੈ। ਸੌਖੇ ਸ਼ਬਦਾਂ ਵਿੱਚ ਮੁਆਇਨਾ ਹੋਣ ਤੋ ਬਾਅਦ ਮਰੀਜ ਦੀ ਹੀ ਜਿੰਮੇਵਾਰੀ ਰਹਿ ਜਾਂਦੀ ਹੈ ਕਿ ਉਹ ਡਾਕਟਰ ਦਾ ਬਣਦਾ ਭੁਗਤਾਨ ਕਰੇ।

2. **ਦੋ ਪੱਖੀ ਮੁਆਇਦੇ (Bilateral Contracts)** –

ਇਸ ਕਿਸਮ ਦੇ ਮੁਆਇਦਿਆਂ ਵਿੱਚ ਇੱਕ ਧਿਰ ਆਪਣੇ ਕੀਤੇ ਵਾਅਦੇ ਦੇ ਬਦਲੇ ਵਿੱਚ ਦੂਜੀ ਧਿਰ ਤੋਂ ਵਾਅਦਾ ਪ੍ਰਾਪਤ ਕਰਦੀ ਹੈ। ਦੋ ਪੱਖੀ ਮੁਆਇਦੇ ਵਿੱਚ ਦੋਹਾਂ ਹੀ ਧਿਰਾਂ ਨੂੰ ਆਪਣੇ ਆਪਣੇ ਵਾਅਦੇ ਪੂਰੇ ਕਰਨੇ ਪੈਂਦੇ ਹਨ ਕਿਉਂਕਿ ਹਰੇਕ ਦਾ ਕੀਤਾ ਵਾਅਦਾ ਇੱਕ ਦੂਜੇ ਲਈ ਪ੍ਰਤਿਫਲ (Consideration) ਦਾ ਰੂਪ ਹੁੰਦਾ ਹੈ। ਇਹ ਵਾਅਦੇ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਦੇ ਸਬੰਧ ਵਿੱਚ ਹੋ ਸਕਦੇ ਹਨ। ੳ ਨੇ ਅ ਨੂੰ 500 ਰੁਪਏ ਦੇ ਬਦਲੇ ਇੱਕ ਤਸਵੀਰ ਬਣਾ ਕੇ ਦੇਣ ਦਾ ਵਾਅਦਾ ਕੀਤਾ ਅਤੇ ਅ ਨੇ ਉਸ ਤਸਵੀਰ ਦੇ ਬਦਲੇ ਵਿੱਚ 500 ਰੁਪਏ ਦੇਣ ਦਾ ਵਾਅਦਾ ਕੀਤਾ। ਇਸ ਤਰ੍ਹਾਂ ਇੱਥੇ ਦੋਵੇਂ ਧਿਰਾਂ ਆਪਣੇ-ਆਪਣੇ ਵਾਅਦਿਆਂ ਨੂੰ ਪਰਾ ਕਰਨ ਦੀ ਜਿੰਮੇਵਾਰੀ ਲੈਂਦੀਆਂ ਹਨ।

3. **ਪੂਰਨ ਮੁਆਇਦੇ (Executed Contracts)** –

ਇੱਕ ਮੁਆਇਦੇ ਨੂੰ ਉਸ ਵੇਲੇ ਪੂਰਨ ਮੁਆਇਦਾ ਕਿਹਾ ਜਾ ਸਕਦਾ ਹੈ ਜਦੋਂ ਮੁਆਇਦੇ ਦੀ ਇੱਕ ਧਿਰ ਨੇ ਆਪਣੀ ਜਿੰਮੇਵਾਰੀ ਜਾਂ ਵਾਅਦੇ ਨੂੰ ਪੂਰਾ ਕਰ ਦਿੱਤਾ ਹੋਵੇ ਅਤੇ ਦੂਜੀ ਧਿਰ ਦੁਆਰਾ ਆਪਣੀ ਜਿੰਮੇਵਾਰੀ ਜਾਂ ਵਾਅਦੇ ਦਾ ਪੂਰਾ ਕਰਨਾ ਬਾਕੀ ਹੋਵੇ। ਪੂਰਣ ਮੁਆਇਦਾ ਉਦੋਂ ਤੱਕ ਹੋਂਦ ਵਿੱਚ ਨਹੀ ਆਉਦਾ ਜਦੋ ਤੱਕ ਕਿਸੇ ਧਿਰ ਨੇ ਉਹਨਾਂ ਸਾਰੇ

ਕਾਰਜਾਂ ਨੂੰ ਪੂਰਾ ਨਾ ਕਰ ਦਿੱਤਾ ਹੋਵੇ ਜੋ ਉਸ ਦੁਆਰਾ ਕਰਨੇ ਜਰੂਰੀ ਸਨ। ਉਦਾਹਰਣ ਦੇ ਲਈ ੳ ਇੱਕ ਇਸ਼ਤਿਹਾਰ ਦਿੰਦਾ ਹੈ ਕਿ ਜੇਕਰ ਕੋਈ ਉਸਦੇ ਗੁੰਮ ਹੋਏ ਕੁੱਤੇ ਨੂੰ ਲੱਭਕੇ ਦੇਵੇਗਾ ਤਾਂ ਉਹ ਉਸਨੂੰ 500 ਰੁਪਏ ਨਕਦ ਇਨਾਮ ਦੇਵੇਗਾ। ਅ ਇਸ ਇਨਾਮ ਦੀ ਜਾਣਕਾਰੀ ਤੋ ਬਾਅਦ ਕੁੱਤੇ ਨੂੰ ਲੱਭ ਕੇ ੳ ਨੂੰ ਸੌਂਪ ਦਿੰਦਾ ਹੈ। ਹੁਣ ਇਸ ਤਰ੍ਹਾਂ ੳ ਦੀ ਅ ਨੂੰ 500 ਰੁਪਏ ਇਨਾਮ ਦੇਣ ਦੀ ਜਿੰਮੇਵਾਰੀ ਬਣ ਜਾਂਦੀ ਹੈ ਜੋ ਪੂਰੀ ਹੋਣੀ ਬਾਕੀ ਹੈ।

4. **ਅਪੂਰਣ ਮੁਆਇਦੇ (Executory Contracts)** -

ਅਪੂਰਨ ਮੁਆਇਦੇ ਉਹ ਹੁੰਦੇ ਹਨ ਜਿਨ੍ਹਾਂ ਵਿੱਚ ਦੋਹਾਂ ਧਿਰਾਂ ਦੁਆਰਾ ਆਪਣੀਆਂ-ਆਪਣੀਆਂ ਜਿੰਮੇਵਾਰੀਆਂ ਨੂੰ ਨਿਭਾਉਣਾ ਬਾਕੀ ਹੁੰਦਾ ਹੈ। ਕਦੇ-ਕਦੇ ਮੁਆਇਦੇ ਅਰਧ ਰੂਪ ਵਿੱਚ ਲਾਗੂ ਹੋ ਚੁੱਕੇ ਹੁੰਦੇ ਹਨ ਅਤੇ ਅਰਧ ਰੂਪ ਵਿੱਚ ਲਾਗੂ ਹੋਣ ਵਾਲੇ ਹੁੰਦੇ ਹਨ। ਉਦਾਹਰਣ ਵਜੋਂ 6 ਮਹੀਨੇ ਦੇ ਅੰਦਰ-ਅੰਦਰ ਮਕਾਨ ਬਣਾ ਕੇ ਦੇਣ ਦਾ ਮੁਆਇਦਾ ਲਾਗੂ ਹੋ ਸਕਣ ਵਾਲਾ ਮੁਆਇਦਾ ਹੈ।

ਪਾਠ ਨੰ. 1.2 ਲੇਖਿਕਾ : ਰਾਜਵਿੰਦਰ ਕੌਰ

# ਪ੍ਰਸਤਾਵ ਅਤੇ ਸਹਿਮਤੀ
## (OFFER AND ACCEPTANCE)

**1.2.0 ਭੂਮਿਕਾ (Introduction)**
**1.2.1 ਪਰਿਭਾਸ਼ਾ (Definition)**
**1.2.2 ਪ੍ਰਸਤਾਵ ਕਿਸ ਤਰ੍ਹਾਂ ਕੀਤਾ ਜਾਂਦਾ ਹੈ? (How an offer is made)**
**1.2.3 ਪ੍ਰਸਤਾਵ ਕਿਸਨੂੰ ਕੀਤਾ ਜਾ ਸਕਦਾ ਹੈ?(To whom an offer can be made)**
**1.2.4 ਜਾਇਜ ਪ੍ਰਸਤਾਵ ਦੇ ਜਰੂਰੀ ਤੱਤ (Essentials of a valid offer)**
**1.2.5 ਸਥਿਰ ਜਾਂ ਸਾਧਾਰਨ ਪ੍ਰਸਤਾਵ (Standing or open offer)**
**1.2.6 ਪ੍ਰਤਿ ਪ੍ਰਸਤਾਵ (Counter offer)**
**1.2.7 ਵਿਸ਼ੇਸ਼ ਸ਼ਰਤਾਂ ਦਾ ਸੰਚਾਰ (communication of special conditions)**
**1.2.8 ਛਪੇ ਹੋਏ ਮੁਆਇਦੇ (Printed contract)**
**1.2.9 ਕਰਾਸ ਪ੍ਰਸਤਾਵ (Cross offers)**
**1.2.10 ਸਹਿਮਤੀ (Acceptance)**
- **1.2.10.1 ਸਹਿਮਤੀ ਦਾ ਤਰੀਕਾ (How made)**
- **1.2.10.2 ਸਹਿਮਤੀ ਕੌਣ ਦੇ ਸਕਦਾ ਹੈ? (Who may accept)**
- **1.2.10.3 ਜਾਇਜ ਸਹਿਮਤੀ ਦੇ ਜਰੂਰੀ ਤੱਤ (Essential of a valid acceptance)**
- **1.2.10.4 ਸਹਿਮਤੀ ਉੱਤੇ ਚੁੱਪ ਦਾ ਅਸਰ (Effect of silence on acceptance)**
- **1.2.10.5 ਪ੍ਰਸਤਾਵ ਅਤੇ ਸਹਿਮਤੀ ਦਾ ਸੰਚਾਰ ਅਤੇ ਖੰਡਨ (Communicateion and Revocation of offer and acceptance)**
- **1.2.10.6 ਪ੍ਰਸਤਾਵ ਦਾ ਸੰਚਾਰ (Communication of offer)**
- **1.2.10.7 ਸਹਿਮਤੀ ਦਾ ਸੰਚਾਰ (Communication of acceptance)**
- **1.2.10.8 ਭਾਰਤੀ ਕਾਨੂੰਨ ਅਤੇ ਅੰਗਰੇਜੀ ਕਾਨੂੰਨ ਵਿੱਚ ਅੰਤਰ (Difference between Indian Law and English law)**
- **1.2.10.9 ਖੰਡਨ ਦਾ ਸੰਚਾਰ (Communication of Revocation)**
- **1.2.10.10 ਪ੍ਰਸਤਾਵ ਦਾ ਖੰਡਨ (Revocation of offer)**
- **1.2.10.11 ਨੀਲਾਮੀ ਵਿਕਰੀ, ਪ੍ਰਸਤਾਵ ਦਾ ਖੰਡਨ (Action sale, Revocation of offer)**
- **1.2.10.12 ਖੁੱਲੇ ਪ੍ਰਸਤਵਾ ਦਾ ਖੰਡਨ (Revocation of Standing offer)**
- **1.2.10.13 ਆਮ ਪ੍ਰਸਤਾਵ ਦਾ ਖੰਡਨ (Revocation of standing offer)**
- **1.2.10.14 ਖੰਡਨ ਦੇ ਤਰੀਕੇ (Modes of Revocation)**
- **1.2.10.15 ਸਹਿਮਤੀ ਦਾ ਖੰਡਨ (Revocation of Acceptance)**

### 1.2.0 ਭੂਮਿਕਾ (Introduction)

ਮੁਆਇਦਾ ਅਸਲ ਵਿੱਚ ਦੋ ਧਿਰਾਂ ਦੇ ਆਪਸੀ ਵਿਵਹਾਰ, ਕੰਮਾਂ ਜਾਂ ਆਚਰਨ ਦੁਆਰਾ ਪੈਦਾ ਹੁੰਦਾ ਹੈ। ਇੱਕ ਮੁਆਇਦੇ ਦੇ ਹੋਂਦ ਵਿੱਚ ਆਉਣ ਲਈ ਜਰੂਰੀ ਹੈ ਕਿ ਇੱਕ ਧਿਰ ਦੁਆਰਾ ਦੂਜੀ ਧਿਰ ਸਾਹਮਣੇ ਆਪਣੇ ਵਿਚਾਰ ਰੱਖੇ ਜਾਣ ਅਤੇ ਦੂਜੀ ਧਿਰ ਉਹਨਾਂ ਵਿਚਾਰਾਂ ਨੂੰ ਸਵਿਕਾਰ ਕਰ ਲਵੇ। ਸਧਾਰਣ ਸ਼ਬਦਾਂ ਵਿੱਚ ਇੱਕ ਧਿਰ ਪ੍ਰਸਤਾਵ ਪੇਸ਼ ਕਰਦੀ ਹੈ ਅਤੇ ਦੂਜੀ ਧਿਰ ਉਸਨੂੰ ਸਵਿਕਾਰ ਕਰਦੀ ਹੈ। ਇਹ ਪ੍ਰਸਤਾਵ ਅਤੇ ਸਹਿਮਤੀ ਚਾਹੇ ਗ੍ਰਭਿਤ ਹੋਵੇ ਚਾਹੇ ਸਪੱਸ਼ਟ। ਕਿਸੇ ਵੀ ਮੁਆਇਦੇ ਵਿੱਚ ਇਨਾਂ ਦੋਹਾਂ ਤੱਤਾਂ ਦਾ ਹੋਣਾ ਜਰੂਰੀ ਹੈ।

### 1.2.1 ਪਰਿਭਾਸ਼ਾ (Definition)

ਜਦੋਂ ਕੋਈ ਵਿਅਕਤੀ ਕਿਸੇ ਦੂਜੇ ਵਿਅਕਤੀ ਦੇ ਸਾਹਮਣੇ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਦੀ ਇੱਛਾ ਜਾਹਰ ਕਰਦਾ ਹੈ ਤਾਂ ਜੋ ਦੂਜੀ ਧਿਰ ਉਸ ਕੰਮ ਨੂੰ ਕਰਨ ਜਾਂ ਨਾ ਕਰਨ ਬਾਰੇ ਆਪਣੀ ਸਹਿਮਤੀ ਦੇਵੇ ਤਾਂ ਇਹ ਕਿਹਾ ਜਾਂਦਾ ਹੈ ਕਿ ਪਹਿਲੇ ਵਿਅਕਤੀ ਨੇ ਦੂਜੇ ਵਿਅਕਤੀ ਸਾਹਮਣੇ ਪ੍ਰਸਤਾਵ ਪੇਸ਼ ਕੀਤਾ ਹੈ। "ਧਾਰਾ 2(a)

ਪ੍ਰਸਤਾਵ ਰੱਖਣ ਜਾਂ ਪੇਸ਼ ਕਰਨ ਵਾਲੇ ਵਿਅਕਤੀ ਨੂੰ 'ਪ੍ਰਸਤਾਵ ਕਰਤਾ' (Proposer) ਜਾਂ 'ਵਚਨਦਾਤਾ' (Offeror) ਕਹਿੰਦੇ ਹਾਂ ਅਤੇ ਜੋ ਵਿਅਕਤੀ ਇਸਨੂੰ ਸਵੀਕਾਰ ਕਰਦਾ ਹੈ ਜਾਂ ਸਹਿਮਤੀ ਦਿੰਦਾ ਹੈ ਉਸਨੂੰ 'ਸਵਿਕਾਰ' (ਸਵਿਕਾਰ ਕਰਤਾ) (offeree or acceptor) ਜਾਂ 'ਵਚਨ ਪ੍ਰਾਪਤ ਕਰਨ ਵਾਲਾ' (promisee) ਕਹਿੰਦੇ ਹਾਂ।"

### 1.2.2 ਪ੍ਰਸਤਾਵ ਕਿਸ ਤਰ੍ਹਾਂ ਕੀਤਾ ਜਾਂਦਾ ਹੈ? (How an offer is made)

ਇੱਕ ਪ੍ਰਸਤਾਵ ਧਿਰਾਂ ਦੇ ਵਿਵਹਾਰ ਰਾਹੀਂ ਸਪੱਸ਼ਟ ਜਾਂ ਗ੍ਰਭਿਤ ਰੂਪ ਵਿੱਚ ਕੀਤਾ ਜਾ ਸਕਾਦ ਹੈ। ਇੱਕ ਸਪੱਸ਼ਟ ਪ੍ਰਸਤਾਵ ਉਹ ਹੁੰਦਾ ਹੈ ਜੋ ਸ਼ਬਦਾਂ ਰਾਹੀਂ ਬੋਲ ਕੇ ਜਾਂ ਲਿਖ ਕੇ ਕੀਤਾ ਜਾਵੇ। ੳ ਨੇ ਅ ਨੂੰ ਆਪਣਾ ਕਾਲਾ ਪੈਨ 10 ਰੁਪਏ ਵਿੱਚ ਵੇਚਣ ਦਾ ਪ੍ਰਸਤਾਵ ਕੀਤਾ ਜੋ ਕਿ ਸਪੱਸ਼ਟ ਪ੍ਰਸਤਾਵ (express offer) ਹੈ ਜਦੋਂ ਕਿ ਗ੍ਰਭਿਤ ਪ੍ਰਸਤਾਵ ਸਮਝੌਤੇ ਦੀ ਧਿਰ ਦੇ ਵਿਵਹਾਰ ਰਾਹੀਂ ਜਾਂ ਸਬੰਧਿਤ ਹਾਲਤਾਂ ਤੇ ਨਿਰਭਰ ਕਰਦਾ ਹੈ। ਜਿਵੇਂ ਕਿ ਇੱਕ ਮਰੀਜ ਡਾਕਟਰ ਪਾਸ ਦਵਾਈ ਲੈਣ ਜਾਂ ਇਲਾਜ ਕਰਵਾਉਣ ਜਾਂਦਾ ਹੈ ਤਾਂ ਉਹ ਇਲਾਜ ਲੈਣ ਲਈ ਗ੍ਰਭਿਤ ਪ੍ਰਸਤਾਵ ਕਰਦਾ ਹੈ।

### 1.2.3 ਪ੍ਰਸਤਾਵ ਕਿਸਨੂੰ ਕੀਤਾ ਜਾ ਸਕਦਾ ਹੈ?(To whom an offer can be made)

ਇੱਕ ਪ੍ਰਸਤਾਵ ਖਾਸ (Specific) ਜਾਂ ਆਮ (General) ਹੋ ਸਕਦਾ ਹੈ। ਜਦੋਂ ਇੱਕ ਪ੍ਰਸਤਾਵ ਕਿਸੇ ਖਾਸ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਨੂੰ ਕੀਤਾ ਗਿਆ ਹੋਵੇ ਤਾਂ ਉਸਨੂੰ ਖਾਸ ਜਾਂ ਵਿਸ਼ਸ਼ ਪ੍ਰਸਤਾਵ ਕਹਿੰਦੇ ਹਾਂ ਅਤੇ ਅਜਿਹੇ ਪ੍ਰਸਤਾਵ ਦੀ ਸਵਿਕ੍ਰਿਤੀ ਕੇਵਲ ਉਹ ਵਿਅਕਤੀ ਹੀ ਕਰ ਸਕਦਾ ਹੈ ਜਿਸਨੂੰ ਉਹ ਕੀਤਾ ਗਿਆ ਹੋਵੇ। ਦੂਜੇ ਪਾਸੇ ਆਮ ਪ੍ਰਸਤਾਵ ਸਾਰੀ ਦੁਨੀਆਂ ਨੂੰ ਖੁੱਲੇ ਰੂਪ ਵਿੱਚ ਕੀਤਾ ਜਾਂਦਾ ਹੈ ਜਿਵੇਂ ਕਿ ੳ ਨੇ ਘੋਸ਼ਣਾ ਕੀਤੀ ਕਿ ਜੋ ਵੀ ਵਿਅਕਤੀ ਉਸਦੇ ਗੁੰਮ ਹੋਏ ਕੁੱਤੇ ਨੂੰ ਲੱਭ ਲਿਆਵੇਗਾ ਉਹ ਉਸਨੂੰ 500 ਰੁਪਏ ਇਨਾਮ ਦੇਵੇਗਾ। ਇੱਕ ਆਮ ਪ੍ਰਸਤਾਵ ਹੈ ਕਿ ਜੋ ਕਿਸੇ ਵਿਅਕਤੀ ਦੁਆਰਾ ਵੀ ਸਵਿਕਾਰ ਕੀਤਾ ਜਾ ਸਕਦਾ ਹੈ।

**ਇਸ ਵਿਸ਼ੇ 'ਤੇ ਪ੍ਰਮੁੱਖ ਕੇਸ Carlill v. Carbolic Smoke Ball Co. (1893) ਹੈ।**

**CARLILL V. CARBOLIC SMOKE BALL CO. (1893)**

**ਫੈਸਲਾ**

(a) ਇੱਕ ਪ੍ਰਸਤਾਵ ਸਾਰੀ ਦੁਨੀਆਂ ਨੂੰ ਕੀਤਾ ਜਾ ਸਕਦਾ ਹੈ।
(b) ਮੁਆਇਦਾ ਉਦੋਂ ਹੀ ਹੋਂਦ ਵਿੱਚ ਆਵੇਗਾ ਜਦੋਂ ਕੋਈ ਵਿਅਕਤੀ ਅਜਿਹੇ ਆਮ ਪ੍ਰਸਤਾਵ ਦੀਆਂ ਸ਼ਰਤਾਂ ਦੀ ਪਾਲਣਾ ਕਰਕੇ ਸਾਹਮਣੇ ਆਉਂਦਾ ਹੈ।
(c) ਆਮ ਪ੍ਰਸਤਾਵ ਦੀ ਹਾਲਤ ਵਿੱਚ ਉਸਦੀ ਸਵੀਕ੍ਰਿਤੀ ਦਾ ਸੰਚਾਰ (Communication) ਜਰੂਰੀ ਨਹੀ ਹੁੰਦਾ।

**ਕੇਸ ਦੇ ਤੱਥ**

ਕਾਰਬੋਲਿਕ ਸਮੋਕ ਬਾਲ ਕੰਪਨੀ ਨੇ ਅਖਬਾਰ ਵਿੱਚ ਇਹ ਵਿਗਿਆਪਨ ਦਿੱਤਾ ਕਿ ਜੋ ਵੀ ਵਿਅਕਤੀ ਇਸ ਕੰਪਨੀ ਦੀ ਦਵਾਈ ਪ੍ਰਯੋਗ ਦਿਨ ਵਿੱਚ ਤਿੰਨ ਵਾਰੀ ਕੰਪਨੀ ਦੀਆਂ ਦੱਸੀਆਂ ਸ਼ਰਤਾਂ ਅਨੁਸਾਰ ਦੋ ਹਫਤੇ ਲਈ ਲਗਾਤਾਰ ਕਰੇਗਾ ਉਸਨੂੰ ਸਰਦੀ ਜੁਕਾਮ ਦੀ ਬਿਮਾਰੀ ਨਹੀ ਲੱਗੇਗੀ। ਜੇਕਰ ਪ੍ਰਯੋਗ ਤੋਂ ਬਾਅਦ ਕਿਸੇ ਨੂੰ ਇਸ ਕਿਸਮ ਦੀ ਬਿਮਾਰੀ ਲੱਗ ਜਾਂਦੀ ਹੈ ਤਾਂ ਕੰਪਨੀ ਉਸਨੂੰ 100 ਪੌਂਡ ਹਰਜਾਨਾ ਦੇਵੇਗੀ ਅਤੇ ਇਸ ਮੰਤਵ ਲਈ ਕੰਪਨੀ ਨੇ ਬੈਂਕ ਵਿੱਚ 100 ਪੌਂਡ ਦੀ ਰਕਮ ਜਮ੍ਹਾਂ ਕਰਵਾ ਦਿੱਤੀ ਹੈ। ਸ਼੍ਰੀਮਤੀ ਕਾਰਲਿਲ ਨੇ ਇਸ਼ਤਿਹਾਰ ਦੀ ਸ਼ਬਦਾਵਲੀ ਤੇ ਵਿਸ਼ਵਾਸ਼ ਕਰਕੇ ਦੱਸੀਆਂ ਸ਼ਰਤਾਂ ਅਨੁਸਾਰ ਦਵਾਈ ਦੀ ਵਰਤੋਂ ਕੀਤੀ ਪ੍ਰੰਤੂ ਫਿਰ ਵੀ ਉਸਨੂੰ ਜੁਕਾਮ ਹੋ ਗਿਆ। ਮਾਨਯੋਗ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਸ਼੍ਰੀਮਤੀ ਕਾਰਲਿਲ ਕੰਪਨੀ ਤੋਂ 100 ਪੌਂਡ ਦਾ ਹਰਜਾਨਾ ਵਸੂਲ ਕਰ ਸਕਦੀ ਹੈ ਕਿਉਂਕਿ ਕੰਪਨੀ ਵੱਲੋਂ ਦਿੱਤਾ ਗਿਆ ਪ੍ਰਸਤਾਵ ਆਮ ਪ੍ਰਸਤਾਵ ਹੋਣ ਕਾਰਨ ਕੋਈ ਵੀ ਵਿਅਕਤੀ ਇਸਨੂੰ ਸਵਿਕਾਰ ਕਰ ਸਕਦਾ ਸੀ।

### 1.2.4 ਜਾਇਜ ਪ੍ਰਸਤਾਵ ਦੇ ਜਰੂਰੀ ਤੱਤ (Essentials of a valid offer)

**ਪ੍ਰਸਤਾਵ ਕਾਨੂੰਨੀ ਸਬੰਧ ਪੈਦਾ ਕਰਨ ਯੋਗ ਹੋਣਾ ਚਾਹੀਦਾ ਹੈ** (Offer must be Capable of Creating Legal Relations) ਇੱਕ ਜਾਇਜ ਪ੍ਰਸਤਾਵ ਲਈ ਜਰੂਰੀ ਹੈ ਕਿ ਉਹ ਧਿਰਾਂ ਵਿਚਕਾਰ ਕਾਨੂੰਨੀ ਸਬੰਧ ਪੈਦਾ ਕਰਨ ਦੇ ਸਮਰੱਥ ਹੋਵੇ ਜੇਕਰ ਪ੍ਰਸਤਾਵ ਵਿੱਚ ਧਿਰਾਂ ਦੇ ਦਰਮਿਆਨ ਕਾਨੂੰਨੀ ਸਬੰਧ ਪੈਦਾ ਕਰਨ ਦੀ ਸਮਰੱਥਾ ਨਹੀ ਹੋਵੇਗੀ ਤਾਂ ਉਹ ਕਾਨੂੰਨ ਦੀ ਨਜਰ ਵਿੱਚ ਜਾਇਦ ਪ੍ਰਸਤਾਵ ਨਹੀ ਮੰਨਿਆ ਜਾਂਦਾ। ਇਸ ਲਈ ਜਰੂਰੀ ਹੈ ਕਿ ਪ੍ਰਸਤਾਵ ਰਾਹੀਂ ਧਿਰਾਂ ਦਾ ਉਦੇਸ਼ ਆਪਸ ਵਿੱਚ ਕਾਨੂੰਨੀ ਸਬੰਧ ਪੈਦਾ ਕਰਨਾ ਹੀ ਹੋਵੇ।

ਉਦਾਹਰਣ: ੳ ਨੇ ਅ ਨੂੰ ਰਾਤ ਦੇ ਖਾਣੇ ਤੇ ਬੁਲਾਉਣ ਦਾ ਸੱਦਾ ਦਿੱਤਾ ਅ ਇਸ ਪ੍ਰਸਤਾਵ ਨੂੰ ਮੰਨ ਲੈਂਦਾ ਹੈ ਪ੍ਰੰਤੂ ਉਹ ਕਿਸੇ ਕਾਰਨ ਪਹੁੰਚ ਨਹੀ ਸਕਿਆ। ਅਜਿਹੀ ਹਾਲ ਵਿੱਚ ੳ ਨੂੰ ਇਹ ਅਧਿਕਾਰ ਕਾਨੂੰਨੀ ਤੌਰ ਤੇ ਪ੍ਰਾਪਤ ਨਹੀ ਹੋ ਜਾਦਾ ਕਿ ਉਹ ਅ ਦੇ ਖਾਣੇ ਤੇ ਨਾ ਪਹੁੰਚਣ ਕਾਰਨ ਹੋਈ ਹਾਨੀ ਦੀ ਪੂਰਤੀ ਲਈ ਅ ਉੱਤੇ ਮੁਕੱਦਮਾ ਦਾਇਰ ਕਰ ਦੇਵੇ ਕਿਉਂਕਿ ਅਜਿਹੇ ਸਮਝੌਤੇ ਸਮਾਜਿਕ ਜਾਂ ਘਰੇਲੂ ਕਿਸਮ ਦੇ ਹੁੰਦੇ ਹਨ ਜਿਨ੍ਹਾਂ ਰਾਹੀਂ ਧਿਰਾਂ ਆਪਸ ਵਿੱਚ ਕਾਨੂੰਨੀ ਬੰਦਸ਼ਾ ਜਾਂ ਸਬੰਧ ਪੈਦਾ ਨਹੀ ਕਰ ਸਕਦੀਆਂ।

2. **ਪ੍ਰਸਤਾਵ ਸਥਿਤ ਅਤੇ ਨਿਸ਼ਚਿਤ ਹੋਵੇ ਨਾ ਕਿ ਅਸਥਿਰ ਅਤੇ ਅਨਿਸ਼ਚਿਤ** (Offer must be Certain, Definite and not Vague) ਪ੍ਰਸਤਾਵ ਦੀਆਂ ਸ਼ਰਤਾਂ ਅਤੇ ਮੱਦਾਂ ਸਪੱਸ਼ਟ ਅਤੇ ਨਿਸ਼ਚਿਤ ਹੋਣੀਆਂ ਚਾਹੀਦੀਆਂ ਹਨ ਨਾ ਕਿ ਅਸਪੱਸ਼ਟ ਅਤੇ ਅਨਿਸ਼ਚਿਤ ਕਿਉਂਕਿ ਅਸਪੱਸ਼ਟ ਅਤੇ ਅਨਿਸ਼ਚਿਤ ਪ੍ਰਸਤਾਵ ਨੂੰ ਮੁਆਇਦੇ ਦੇ ਰੂਪ ਵਿੱਚ ਲਾਗੂ ਕਰਵਾਉਣਾ ਅਸੰਭਵ ਹੁੰਦਾ ਹੈ। ਇੱਕ ਜਾਇਜ ਸਮਝੋਤੇ ਦੀ ਹੋਂਦ ਲਈ ਜਰੂਰੀ ਹੈ ਕਿ ਪ੍ਰਸਤਾਵ ਦੀਆਂ ਸ਼ਰਤਾਂ ਸਪੱਸ਼ਟ ਹੋਣ ਤਾਂ ਜੋ ਮੁਆਇਦੇ ਦੀਆਂ ਧਿਰਾਂ ਦੇ ਆਪਸੀ ਅਧਿਕਾਰ ਅਤੇ ਜਿੰਮੇਵਾਰੀਆਂ ਨੂੰ ਸਪੱਸ਼ਟ ਰੂਪ ਵਿੱਚ ਨਿਰਧਾਰਤ ਕੀਤਾ ਜਾ ਸਕੇ। ਇੱਕ ਅਨਿਸ਼ਚਿਤ ਅਤੇ ਅਸਪੱਸ਼ਟ ਪ੍ਰਸਤਾਵ ਇਹ ਤਹਿ ਨਹੀ ਕਰ ਸਕੇਗਾ ਕਿ ਪ੍ਰਸਤਾਵ ਰੱਖਣ ਵਾਲੀ ਧਿਰ ਕੀ ਕਰਨ ਜਾਂ ਕੀ ਨਾ ਕਰਨ ਬਾਰੇ ਪ੍ਰਸਤਾਵ ਰੱਖ ਰਹੀ ਹੈ।

ਉਦਾਹਰਣ: ਕ ਨੇ ਖ ਨੂੰ ਆਪਣਾ ਮਕਾਨ ਤਿੰਨ ਸਾਲ ਲਈ ਕਿਰਾਏ ਤੇ ਦੇਣ ਦਾ ਵਚਨ ਕੀਤਾ ਅਤੇ ਕਿਰਾਇਆ 8500 ਰੁਪਏ ਸਲਾਨਾ ਹੋਵੇਗਾ। ਇਸਦੇ ਨਾਲ ਹੀ ਇਹ ਸ਼ਰਤ ਰੱਖੀ ਗਈ ਕਿ ਖ ਮਕਾਨ ਦੀ ਲਗਾਤਾਰ ਮੁਰੰਮਤ ਕਰਵਾਉਂਦਾ ਰਹੇਗਾ ਅਤੇ Drawing Room ਨੂੰ ਆਧੁਨਿਕ ਤਰੀਕੇ ਨਾਲ ਸਜਾਏਗਾ। ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਪ੍ਰਸਤਾਵ ਦੀਆਂ ਸ਼ਰਤਾਂ ਅਸਥਿਰ ਅਤੇ ਅਨਿਸ਼ਚਿਤ ਹੋਣ ਕਾਰਨ ਵਚਨ ਨੂੰ ਲਾਗੂ ਨਹੀਂ ਕਰਵਾਇਆ ਜਾ ਸਕਦਾ।

3. **ਪ੍ਰਸਤਾਵ ਕਿਸੇ ਇੱਕ ਵਿਅਕਤੀ ਨੂੰ ਜਾਂ ਬਹੁਤ ਸਾਰੇ ਲੋਕਾਂ ਨੂੰ ਕੀਤਾ ਜਾ ਸਕਦਾ ਹੈ** (Offer may be made to an individual or to the public at large) – ਜਦ ਕੋਈ ਪ੍ਰਸਤਾਵ ਕਿਸੇ ਇੱਕ ਵਿਅਕਤੀ ਨੂੰ ਜਾਂ ਵਿਅਕਤੀਆਂ ਦੇ ਸਮੂਹ ਨੂੰ ਕੀਤਾ ਜਾਂਦਾ ਹੈ ਤਾਂ ਉਸਨੂੰ ''ਵਿਸ਼ੇਸ਼ ਪ੍ਰਸਤਾਵ'' ਕਹਿੰਦੇ ਹਨ। ਇਸਦੇ ਉਲਟ ਜਦੋਂ ਪ੍ਰਸਤਾਵ ਬਹੁਤ ਸਾਰੇ ਲੋਕਾਂ ਜਾਂ ਸਾਰੀ ਦੁਨੀਆਂ ਨੂੰ ਪੇਸ਼ ਕੀਤਾ ਜਾਵੇ ਤਾਂ ਉਸਨੂੰ "ਆਮ ਪ੍ਰਸਤਾਵ'' ਕਹਿੰਦੇ ਹਨ।

ਉਦਾਹਰਣ: ੳ ਨੇ ਅ ਨੂੰ ਪ੍ਰਸਤਾਵ ਕੀਤਾ ਕਿ ਜੇਕਰ ਉਹ ਉਸਦੇ ਗੁੰਮ ਹੋਏ ਕੁੱਤੇ ਨੂੰ ਲੱਭ ਦੇਵੇਗਾ ਤਾਂ ਉਹ ਅ ਨੂੰ 100 ਰੁਪਏ ਇਨਾਮ ਦੇਵੇਗਾ ਇਹ ਇੱਕ 'ਵਿਸ਼ੇਸ਼ ਪ੍ਰਸਤਾਵ' ਹੈ ਕਿਉਂਕਿ ਇਸਨੂੰ ਕੇਵਲ ਅ ਹੀ ਸਵਿਕਾਰ ਕਰ ਸਕਦਾ ਹੈ। ਪ੍ਰੰਤੂ

ਜੇਕਰ ੳ ਨੇ ਅਖਬਾਰ ਵਿੱਚ ਇਸ਼ਤਿਹਾਰ ਦੇ ਕੇ ਘੋਸ਼ਣਾ ਕਰਵਾਈ ਕਿ ਜੇਕਰ ਕੋਈ ਉਸਦੇ ਗੁੰਮ ਹੋਏ ਕੁੱਤੇ ਨੂੰ ਲੱਭ ਕੇ ਦੇਵੇਗਾ ਤਾਂ ਉਸਨੂੰ ਉਹ 100 ਰੁਪਏ ਇਨਾਮ ਦੇਵੇਗਾ। ਇਸ ਤਰ੍ਹਾਂ ਕੀਤਾ ਗਿਆ ਪ੍ਰਸਤਾਵ "ਆਮ ਪ੍ਰਸਤਾਵ" ਦੀ ਕਿਸਮ ਦਾ ਹੋਵੇਗਾ।

4. **ਸਵੀਕਾਰ ਕਰਨ ਵਾਲੀ ਧਿਰ ਨੂੰ ਪ੍ਰਸਤਾਵ ਦਾ ਸੰਚਾਰ ਲਾਜਮੀ ਹੈ** (Offer must be Communicated to the offeree) – ਇੱਕ ਵਿਅਕਤੀ ਆਪਣੇ ਆਪ ਨੂੰ ਪ੍ਰਸਤਾਵ ਪੇਸ਼ ਨਹੀ ਕਰ ਸਕਦਾ। ਪ੍ਰਸਤਾਵ ਦਾ ਸੰਚਾਰ ਦੂਜੇ ਵਿਅਕਤੀ ਤੱਕ ਹੋਣਾ ਜਰੂਰੀ ਹੁੰਦਾ ਹੈ। ਇੱਕ ਪ੍ਰਸਤਾਵ ਤਾਂ ਹੀ ਪ੍ਰਭਾਵਸ਼ਾਲੀ ਹੋ ਸਕਦਾ ਹੈ ਜਦੋਂ ਉਹ ਉਸ ਧਿਰ ਤੱਕ ਪਹੁੰਚ ਜਾਵੇ ਜਿਸਨੂੰ ਉਹ ਕੀਤਾ ਗਿਆ ਹੈ। ਜਦੋਂ ਤੱਕ ਪ੍ਰਸਤਾਵ ਦਾ ਸੰਚਾਰ ਸੰਪੂਰਨ ਨਹੀ ਹੁੰਦਾ ਉਦੋਂ ਤੱਕ ਉਸਦਾ ਸਵਿਕਾਰ ਕੀਤਾ ਜਾਣਾ ਸੰਭਵ ਨਹੀ ਹੁੰਦਾ। ਸਹੀ ਤਰੀਕੇ ਨਾਲ ਸੰਚਾਰ ਕੀਤੇ ਪ੍ਰਸਤਾਵ ਵੀ ਸਵੀਕ੍ਰਿਤੀ ਤੋਂ ਬਾਅਦ ਹੀ ਕਿਸੇ ਸਮਝੋਤੇ ਦੀ ਬਣਤਰ ਸੰਭਵ ਹੁੰਦੀ ਹੈ।

ਉਦਾਹਰਣ: ੳ ਇੱਕ ਪ੍ਰਸਤਾਵ ਪੇਸ਼ ਕਰਦਾ ਹੈ ਜੇ ਕੋਈ ਉਸਦੇ ਗੁੰਮ ਹੋਏ ਕੁੱਤੇ ਨੂੰ ਲੱਭ ਕੇ ਦੇਵੇਗਾ ਉਹ ਉਸਨੂੰ ਇਨਾਮ ਦੇਵੇਗਾ। ਅ ਨੇ ੳ ਦਾ ਕੁੱਤਾ ਲੱਭ ਦਿੱਤਾ ਪ੍ਰੰਤੂ ਉਸਨੂੰ ੳ ਦੇ ਦਿੱਤੇ ਪ੍ਰਸਤਾਵ ਦੀ ਜਾਣਕਾਰੀ ਨਹੀ ਸੀ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਅ ਕੁੱਤੇ ਦੇ ਲੱਭਣ ਬਦਲੇ ਇਨਾਮ ਦੀ ਵਸੂਲੀ ਲਈ ੳ ਉੱਤੇ ਮੁਕੱਦਮਾ ਨਹੀ ਕਰ ਸਕਦਾ।

5. **ਪ੍ਰਸਤਾਵ ਸਪੱਸ਼ਟ ਜਾਂ ਇਹਿਤ ਹੋ ਸਕਦਾ ਹੈ** (Offer may be Express or Implied) – ਪ੍ਰਸਤਾਵ ਦੋਵਾਂ ਧਿਰਾਂ ਦੇ ਆਚਰਨ ਜਾਂ ਕਿਰਿਆਵਾਂ ਦੇ ਆਧਾਰ ਤੇ ਸਪੱਸ਼ਟ ਜਾਂ ਨਿਹਿਤ ਹੋ ਸਕਦਾ ਹੈ। ਜਦੋਂ ਪ੍ਰਸਤਾਵ ਜੁਬਾਨ ਰਾਹੀਂ ਬੋਲ ਕੇ ਜਾਂ ਲਿਖਤੀ ਸ਼ਬਦਾਂ ਦੇ ਰੂਪ ਵਿੱਚ ਹੋਵੇ ਤਾਂ ਉਸਨੂੰ ਸਪੱਸ਼ਟ ਪ੍ਰਸਤਾਵ ਕਹਿੰਦੇ ਹਨ ਪ੍ਰੰਤੂ ਜੇਕਰ ਪ੍ਰਸਤਾਵ ਧਿਰਾਂ ਦੀ ਇੱਛਾ ਵਿਵਹਾਰ ਜਾਂ ਆਚਰਨ ਦੀਆਂ ਕਿਰਿਆਵਾਂ ਦੁਆਰਾ ਜਾਹਿਰ ਕੀਤਾ ਗਿਆ ਹੋਵੇ ਤਾਂ ਇਸ ਨੂੰ ਨਿਹਿਤ ਪ੍ਰਸਤਾਵ ਕਿਹਾ ਜਾਵੇਗਾ।

6. **ਪ੍ਰਸਤਾਵ ਦੂਜੀ ਧਿਰ ਦੁਆਰਾ ਸਵੀਕਾਰ ਕਰ ਲਏ ਜਾਣ ਦੇ ਉਦੇਸ਼ ਨਾਲ ਕੀਤਾ ਗਿਆ ਹੋਵੇ** (Offer must be made with a view to obtaining assent of the other party) – ਪ੍ਰਸਤਾਵ ਪੇਸ਼ ਕਰਨੇ ਵਾਲੇ ਦਾ ਉਦੇਸ਼ ਦੂਜੀ ਧਿਰ ਦੇ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਬਾਰੇ ਸਹਿਮਤੀ ਪ੍ਰਾਪਤ ਕਰਨ ਬਾਰੇ ਹੋਣਾ ਚਾਹੀਦਾ ਹੈ। ਪ੍ਰਸਤਾਵ ਪੇਸ਼ ਕਰਨ ਦੀ ਕੇਵਲ ਇੱਛਾ ਮਾਤਰ ਪ੍ਰਗਟ ਕਰਨ ਨੂੰ ਅਸੀਂ ਪ੍ਰਸਤਾਵ ਨਹੀ ਮੰਨ ਸਕਦੇ। ਇਸੇ ਤਰ੍ਹਾਂ ਪੁੱਛ ਪੜਤਾਲ ਜਾਂ ਜਾਣਕਾਰੀ ਹਾਸਲ ਕਰਨ ਨੂੰ ਵੀ ਪ੍ਰਸਤਾਵ ਨਹੀ ਕਹਿ ਸਕਦੇ। ਪ੍ਰਸਤਾਵ ਦਾ ਉਦੇਸ਼ ਤਾਂ ਦੂਜੀ ਧਿਰ ਦੀ ਸਹਿਮਤੀ ਪ੍ਰਾਪਤ ਕਰਨਾ ਹੀ ਹੁੰਦਾ ਹੈ।

7. **ਪ੍ਰਸਤਾਵ ਸ਼ਰਤ ਸਹਿਤ ਵੀ ਹੋ ਸਕਦਾ ਹੈ** (Offer may be Conditional) – ਪ੍ਰਸਤਾਵ ਕਰਨ ਵਾਲਾ ਵਿਅਕਤੀ ਪ੍ਰਸਤਾਵ ਦੇ ਨਾਲ ਸ਼ਰਤ ਵੀ ਜੋੜ ਸਕਦਾ ਹੈ। ਅਜਿਹੀ ਹਾਲਤ ਵਿੱਚ ਪ੍ਰਸਤਾਵ ਨੂੰ ਤਾਂ ਹੀ ਸਵੀਕਾਰ ਕੀਤਾ ਮੰਨਿਆ ਜਾਵੇਗਾ ਜੇਕਰ ਇਸ ਨਾਲ ਜੋੜੀਆਂ ਹੋਈ ਸਾਰੀਆਂ ਸ਼ਰਤਾਂ ਸਵੀਕਾਰ ਕਰ ਲਈਆਂ ਹੋਣ। ਸ਼ਰਤਾਂ ਨੂੰ ਸਵੀਕਾਰ ਕਰਨਾ ਜਾਂ ਨਾ ਕਰਨਾ ਸਵੀਕਾਰ ਕਰਨ ਵਾਲੀ ਧਿਰ ਤੇ ਨਿਰਭਰ ਕਰਦਾ ਹੈ। ਜੇਕਰ ਸ਼ਰਤਾਂ ਨੂੰ ਦੂਜੀ ਧਿਰ ਸਵੀਕਾਰ ਨਹੀ ਕਰਦੀ ਤਾਂ ਇਹਨਾਂ ਸ਼ਰਤਾਂ ਵਾਲੇ ਪ੍ਰਸਤਾਵ ਦੀ ਮਹੱਤਤਾ ਖਤਮ ਹੋ ਜਾਂਦੀ ਹੈ। ਜੇਕਰ ਪ੍ਰਸਤਾਵ ਦੇ ਨਾਲ ਜੁੜੀਆਂ ਸ਼ਰਤਾਂ ਬਾਰੇ ਯੋਗ ਜਾਣਕਾਰੀ ਜਾਂ ਵੇਰਵਾ ਪ੍ਰਸਤਾਵ ਦੇ ਵਿੱਚ ਹੀ ਹੋਵੇ ਅਤੇ ਦੂਜੀ ਧਿਰ ਅਜਿਹੇ ਪ੍ਰਸਤਾਵ ਨੂੰ ਸਵੀਕਾਰ ਕਰ ਲਵੇ ਤਾਂ ਇਹ ਮੰਨਿਆ ਜਾਵੇਗਾ ਕਿ ਉਸਨੇ ਪ੍ਰਸਤਾਵ ਨਾਲ ਜੁੜੀਆਂ ਸਾਰੀਆਂ ਸ਼ਰਤਾਂ ਵੀ ਸਵੀਕਾਰ ਕਰ ਲਈਆਂ ਹਨ।

ਉਦਾਹਰਣ: ਕ ਇੱਕ ਅਨਪੜ੍ਹ ਵਿਅਕਤੀ ਸੀ ਉਸ ਨੇ ਸੈਰ ਸਪਾਟੇ ਲਈ ਰੇਲਵੇ ਦਾ ਟਿਕਟ ਖਰੀਦਿਆ ਜਿਸ ਤੇ ਇਹ ਛਪਿਆ ਸੀ 'ਸ਼ਰਤਾਂ ਦੇ ਲਈ ਕਿਰਪਾ ਸਹਿਤ ਪਿੱਛੇ ਦੇਖੋ।' ਸ਼ਰਤਾਂ ਵਿੱਚੋਂ ਇੱਕ ਸ਼ਰਤ ਇਹ ਵੀ ਸੀ ਕਿ ਯਾਤਰਿਆਂ ਨੂੰ ਵਿਅਕਤੀਗਤ ਰੂਪ ਵਿੱਚ ਸੱਟ ਆਦਿ ਲੱਗਣ ਤੇ ਰੇਲਵੇ ਕੰਪਨੀ ਹਾਨੀ ਪੂਰਤੀ ਲਈ ਜਿੰਮੇਵਾਰ ਨਹੀ ਹੋਵੇਗੀ। ਰੇਲ ਦੁਰਘਟਨਾ ਵਿੱਚ ਕ ਨੂੰ ਸੱਟ ਲੱਗ ਜਾਂਦੀ ਹੈ। ਕ ਇਸ ਤਰ੍ਹਾਂ ਰੇਲਵੇ ਕੰਪਨੀ ਤੋਂ ਹਾਨੀ ਪੂਰਤੀ ਨਹੀ ਕਰਵਾ ਸਕਦਾ ਕਿਉਂਕਿ ਉਹ ਟਿਕਟ ਦੇ ਪਿੱਛੇ ਦਿੱਤੀਆਂ ਸ਼ਰਤਾਂ ਪ੍ਰਤੀ ਪਾਬੰਦ ਸੀ।

8. **ਪ੍ਰਸਤਾਵ ਵਾਪਸ ਲੈਣਾ** (Revocation of offer) – ਪ੍ਰਸਤਾਵ ਕਰਨ ਵਾਲਾ ਵਿਅਕਤੀ ਪ੍ਰਸਤਾਵ ਦੀ ਸਵੀਕਾਰਤਾ ਤੋਂ ਪਹਿਲਾਂ ਕਦੇ ਵੀ ਪ੍ਰਸਤਾਵ ਵਾਪਸ ਲੈ ਸਕਦਾ ਹੈ। ਪ੍ਰਸਤਾਵ ਨੂੰ ਸਵੀਕਾਰ ਕਰਨ ਦਾ ਸਮਾਂ ਨਿਸ਼ਚਿਤ

ਕੀਤਾ ਜਾ ਸਕਦਾ ਹੈ ਅਤੇ ਜੇਕਰ ਉਹ ਨਿਸ਼ਚਿਤ ਸਮੇਂ ਦੌਰਾਨ ਪ੍ਰਸਤਾਵ ਸਵੀਕਾਰ ਨਹੀ ਹੁੰਦਾ ਤਾਂ ਖੁਦ ਹੀ ਸਮਾਪਤ ਹੋ ਜਾਦਾ ਹੈ। ਪ੍ਰੰਤੂ ਪ੍ਰਸਤਾਵ ਕਰਨ ਵਾਲੇ ਵਿਅਕਤੀ ਨੂੰ ਇਹ ਵੀ ਅਧਿਕਾਰ ਹੁੰਦਾ ਹੈ ਕਿ ਉਹ ਨਿਰਧਾਰਿਤ ਸਮੇਂ ਦੇ ਸਮਾਪਤ ਹੋਣ ਤੋ ਪਹਿਲਾਂ ਕਿਸੇ ਵੀ ਸਮੇਂ ਪ੍ਰਸਤਾਵ ਨੂੰ ਵਾਪਸ ਲੈ ਸਕਦਾ ਹੈ ਬਸ਼ਰਤੇ ਇਯ ਤੋਂ ਪਹਿਲਾਂ ਦੂਜੀ ਧਿਰ ਨੇ ਪ੍ਰਸਤਾਵ ਨੂੰ ਸਵੀਕਾਰ ਨਾ ਕਰ ਲਿਆ ਹੋਵੇ। ਪ੍ਰੰਤੂ ਜੇਕਰ ਪ੍ਰਸਤਾਵ ਦੇ ਸਵੀਕਾਰ ਕਰਨ ਲਈ ਸਮਾਂ ਸਮੀਾ ਨਿਰਧਾਰਿਤ ਨਾ ਕੀਤੀ ਗਈ ਹੋਵੇ ਤਾਂ ਉਚਿੱਤ ਸਮੇਂ ਦੇ ਬੀਤ ਜਾਣ ਤੇ ਪ੍ਰਸਤਾਵ ਸਮਾਪਤ ਹੋਇਆ ਮੰਨਿਆ ਜਾਦਾ ਹੈ।

**9. ਪ੍ਰਸਤਾਵ ਦੇ ਨਾਲ ਅਜਿਹੀ ਸ਼ਰਤ ਨਹੀ ਜੋੜੀ ਜਾਣੀ ਚਾਹੀਦੀ ਜਿਸਦੇ ਨਾ ਮੰਨੇ ਜਾਣ ਦੀ ਹਾਲਤ ਵਿੱਚ ਪ੍ਰਸਤਾਵ ਨੂੰ ਸਵੀਕਾਰ ਹੋਇਆ ਮੰਨ ਲਿਆ ਜਾਂਦਾ ਹੋਵੇ** (Offer should not contain a term the non compliance of which would amount to acceptance) – ਕੋਈ ਵੀ ਵਿਅਕਤੀ ਅਜਿਹਾ ਪ੍ਰਸਤਾਵ ਨਹੀ ਕਰ ਸਕਦਾ ਕਿ ਨਿਰਧਾਰਿਤ ਸਮਾਂ ਬੀਤ ਜਾਣ ਤੇ ਜਾਂ ਕਿਸੇ ਖਾਸ ਸ਼ਰਤ ਦੇ ਪੂਰੀ ਹੋ ਜਾਣ ਜਾਂ ਨਾ ਹੋ ਜਾਣ ਤੇ ਪ੍ਰਸਤਾਵ ਨੂੰ ਸਵੀਕਾਰ ਹੋਇਆ ਮੰਨ ਲਿਆ ਜਾਵੇਗਾ। ਅਜਿਹੇ ਪ੍ਰਸਤਾਵ ਅਸਲ ਵਿੱਚ ਅਰਥਹੀਣ ਹੋ ਜਾਂਦੇ ਹਨ।

ਉਦਾਹਰਣ: ੳ ਨੇ ਇੱਕ ਪੱਤਰ ਲਿਖ ਕੇ ਅ ਨੂੰ ਆਪਣਾ ਮਕਾਨ 40,000 ਰੁਪਏ ਵਿੱਚ ਪੇਚਣ ਦਾ ਪ੍ਰਸਤਾਵ ਕੀਤਾ ਅਤੇ ਨਾਲ ਹੀ ਉਸਨੇ ਪੱਤਰ ਵਿੱਚ ਹਿਹ ਲਿਖ ਦਿੱਤਾ ਕਿ ਆਉਂਦੇ ਸੋਮਵਾਰ ਤੱਕ ਜੇਕਰ ਉਸਦਾ ਜਵਾਬ ਨਾ ਮਿਲਿਆ ਤਾਂ ਉਹ ਸਮਝੇਗਾ ਕਿ ਅ ਨੇ ਮਕਾਨ ਖਰੀਦਣਾ ਸਵੀਕਾਰ ਕਰ ਲਿਆ ਹੈ। ਅਜਿਹੀ ਹਾਲਤ ਵਿੱਚ ਅ ਦੇ ਜਵਾਬ ਨਾ ਦੇਣ ਤੇ ਪ੍ਰਸਤਾਵ ਨੂੰ ਸਵੀਕਾਰ ਹੋਇਆ ਨਹੀ ਮੰਨਿਆ ਜਾਵੇਗਾ।

**10. ਪ੍ਰਸਤਾਵ ਦੇਣ ਲਈ ਸੱਦਾ ਪ੍ਰਸਤਾਵ ਨਹੀ ਹੁੰਦਾ** (An invitation to make an offer is not an offer) – ਪ੍ਰਸਤਾਵ ਅਤੇ ਪ੍ਰਸਤਾਵ ਦੇਣ ਲਈ ਸੱਦੇ ਵਿੱਚ ਅੰਤਰ ਹੁੰਦਾ ਹੈ ਪ੍ਰਸਤਾਵ ਦੇਣ ਲਈ ਸੱਦੇ ਦਾ ਓਦੇਸ਼ ਦੂਜੀ ਧਿਰ ਨੂੰ ਇਸ ਸਬੰਧੀ ਸਹਿਮਤੀ ਹਾਸਲ ਕਰਨਾ ਨਹੀ ਹੁੰਦਾ ਸਗੋਂ ਇਸਦਾ ਉਦੇਸ਼ ਦੂਜੇ ਵਿਅਕਤੀ ਨੂੰ ਪ੍ਰਸਤਾਵ ਦੇਣ ਲਈ ਸੱਦਾ ਦੇਣਾ ਹੀ ਹੁੰਦਾ ਹੈ। ਇਸ ਤਰ੍ਹਾਂ ਪ੍ਰਸਤਾਵ ਦੇਣ ਦੇ ਸੱਦੇ ਵਿੱਚ ਪ੍ਰਸਤਾਵ ਕਰਤਾ ਸਿਰਫ ਉਹਨਾਂ ਸ਼ਰਤਾਂ ਨੂੰ ਸਪੱਸ਼ਟ ਕਰਦਾ ਹੈ ਜਿਨ੍ਹਾਂ ਦੇ ਆਧਾਰ ਤੇ ਦੂਜੀ ਧਿਰ ਨੇ ਪ੍ਰਸਤਾਵ ਦੇਣਾ ਹੋਵੇ।

ਅਜਿਹੇ ਸੱਦੇ ਕਾਨੂੰਨ ਦੀ ਨਜ਼ਰ ਵਿੱਚ ਪ੍ਰਸਤਾਵ ਨਹੀਂ ਹੁੰਦੇ ਅਤੇ ਸਵੀਕਾਰ ਕੀਤੇ ਜਾਣ ਤੇ ਵੀ ਪ੍ਰਸਤਾਵ ਨਹੀ ਬਣ ਸਕਦੇ। ਦੁਕਾਨ ਦੇ ਬਾਹਰ ਲੱਗੇ ਸ਼ੋਅ ਕੇਸ ਵਿੱਚ ਪਈਆਂ ਵਸਤਾਂ ਜਿਲ੍ਹਾਂ ਤੇ ਉਨ੍ਹਾਂ ਦੀ ਕੀਮਤ ਲਿਖੀ ਗਈ ਹੋਵੇ ਕੇਵਲ ਪ੍ਰਸਤਾਵ ਕਰਨ ਲਈ ਸੱਦਾ ਹੀ ਹੁੰਦੇ ਹਨ। ਇਸੇ ਤਰ੍ਹਾਂ ਦੁਕਾਨ ਦੇ ਬਾਹਰ ਲਟਕਾਈ ਮੁੱਲ ਸੂਚੀ ਵੀ ਪ੍ਰਸਤਾਵ ਨਹੀ ਹੁੰਦਾ। ਇਸੇ ਤਰ੍ਹਾਂ ਵਸਤਾਂ ਦੀ ਬੋਲੀ ਜਾਂ ਵਿਕਰੀ ਦਾ ਵਿਗਿਆਪਨ, ਟੈਂਡਰ ਦੇਣ ਲਈ ਨੋਟਿਸ, ਰੇਲਵੇ ਦੁਆਰਾ ਗੱਡੀਆਂ ਦੇ ਚੱਲਣ ਦਾ ਸਮਾਂ ਜਾਂ ਕਿਰਾਇਆ ਸੂਚੀ ਪ੍ਰਸਤਾਵ ਨਹੀ ਹੁੰਦੇ ਸਗੋਂ ਪ੍ਰਸਤਾਵ ਦੇਣ ਲਈ ਸੱਦਾ ਹੀ ਹੁੰਦੇ ਹਨ।

### 2.5 ਸਥਿਰ ਜਾਂ ਸਾਧਾਰਨ ਪ੍ਰਸਤਾਵ (Standing or open offer)

ਜਦੋਂ ਕਿਸੇ ਅਦਾਰੇ ਨੂੰ ਭਾਰੀ ਮਾਤਰਾ ਵਿੱਚ ਸਮੇ-ਸਮੇ ਤੇ ਵਸਤੂਆਂ ਜਾਂ ਸਮੱਗਰੀ ਦੀ ਜਰੂਰਤ ਹੁੰਦੀ ਹੈ ਤਾਂ ਇਹਨਾਂ ਦੀ ਖਰੀਦ ਲਈ ਆਮ ਤੌਰ ਤੇ ਅਖਬਾਰਾਂ ਜਾਂ ਰਸਾਲਿਆਂ ਵਿੱਚ ਟੈਂਡਰ ਮੰਗੇ ਜਾਂਦੇ ਹਨ। ਟੈਂਡਰ ਸਬੰਧੀ ਇਸ਼ਤਿਹਾਰ ਪ੍ਰਸਤਾਵ ਨਹੀ ਹੁੰਦਾ ਸਗੋਂ ਪ੍ਰਸਤਾਵ ਦੇਣ ਲਈ ਸੱਦਾ ਮਾਤਰ ਹੀ ਹੁੰਦਾ ਹੈ। ਜੋ ਵੀ ਵਿਅਕਤੀ ਮੰਗੇ ਗਏ ਟੈਂਡਰ ਭਰਦਾ ਹੈ ਉਸਨੂੰ ਪ੍ਰਸਤਾਵ ਕਰਨ ਵਾਲਾ ਮੰਨਿਆ ਜਾਂਦਾ ਹੈ ਕਿਸੇ ਨਿਸ਼ਚਿਤ ਸਮੱਗਰੀ ਦਾ ਨਿਰਧਾਰਿਤ ਮੁੱਲ ਤੇ ਕਿਸੇ ਨਿਸ਼ਚਿਤ ਸਮੇਂ ਲਈ ਸਪਲਾਈ ਕਰਨ ਦਾ ਪ੍ਰਸਤਾਵ ਲਗਾਤਾਰ ਪ੍ਰਸਤਾਵ (standing offer) ਅਖਵਾਉਦਾ ਹੈ। ਅਜਿਹੇ ਪ੍ਰਸਤਾਵ ਨੂੰ ਵਸਤਾਂ ਖਰੀਦਣ ਵਾਲੀ ਧਿਰ ਦੇ ਦਿੱਤੇ ਗਏ ਆਦੇਸ਼ ਦੀ ਪ੍ਰਾਪਤ ਤੋਂ ਪਹਿਲਾਂ ਪਹਿਲਾਂ ਰੱਦ ਕੀਤਾ ਜਾ ਸਕਦਾ ਹੈ।

### 2.6 ਪ੍ਰਤਿ ਪ੍ਰਸਤਾਵ (Counter offer)

ਮੂਲ ਪ੍ਰਸਤਾਵ ਦੇ ਮੰਨੇ ਨਾ ਜਾਣ ਤੋਂ ਬਾਅਦ ਜੇਕਰ ਕੋਈ ਨਵਾਂ ਪ੍ਰਸਤਾਵ ਦਿੱਤਾ ਜਾਂਦਾ ਹੈ ਤਾਂ ਉਸਨੂੰ ਪ੍ਰਤਿ ਪ੍ਰਸਤਾਵ ਕਹਿੰਦੇ ਹਨ। ਇੱਕ ਪ੍ਰਤਿ ਪ੍ਰਸਤਾਵ ਕਰਨ ਵਾਲਾ ਵਿਅਕਤੀ ਮੂਲ ਪ੍ਰਸਤਾਵ ਸਵੀਕਾਰ ਨਹੀ ਕਰ ਸਕਦਾ ਕਿਉਂਕਿ ਪ੍ਰਤਿ ਪ੍ਰਸਤਾਵ ਨਾਲ ਮੂਲ ਪ੍ਰਸਤਾਵ ਖਤਮ ਹੋ ਜਾਂਦਾ ਹੈ ਅਤੇ ਇਸਦੇ ਬਾਅਦ ਉਸਨੂੰ ਤਾਂ ਹੀਸਵੀਕਾਰ ਕੀਤਾ ਜਾ ਸਕਦਾ ਹੈ ਜੇਕਰ ਉਸ ਵਿਅਕਤੀ ਦੇ ਸਾਹਮਣੇ ਫਿਰ ਉਹੀ ਪ੍ਰਸਤਾਵ ਰੱਖਿਆ ਜਾਵੇ।

**ਇਸ ਵਿਸ਼ੇ ਤੇ ਪ੍ਰਮੁੱਖ ਕੇਸ [Hyde V. Wrench (1840) ਹੈ।**

**[Hyde V. Wrench (1840)**

**ਫੈਸਲਾ**

ਪ੍ਰਤਿ ਪ੍ਰਸਤਾਵ ਕਰਨ ਨਾਲ ਮੂਲ ਪ੍ਰਸਤਾਵ ਖਤਮ ਹੋ ਜਾਂਦਾ ਹੈ।

**ਕੇਸ ਦੇ ਤੱਥ**

A ਨੇ ਇੱਕ ਫਾਰਮ 1000 ਪੌਂਡ ਵਿੱਚ ਵੇਚਣ ਦਾ ਪ੍ਰਸਤਾਵ ਕੀਤਾ। X ਨੇ ਕਿਹਾ ਕਿ ਉਹ ਉਸਦੇ 950 ਪੌਂਡ ਦੇਵੇਗਾ। A ਨੇ ਇਨਕਾਰ ਕਰ ਦਿੱਤਾ ਤਾਂ X ਨੇ ਕਿਹਾ ਕਿ ਉਹ 1000 ਪੌਂਡ ਦੇਵੇਗਾ ਜਿਸਤੇ A ਨੇ ਸ਼ਰਤ ਰੱਖ ਦਿੱਤੀ ਕਿ ਉਹ ਪ੍ਰਸਤਾਵ ਦੀ ਵਿਸ਼ੇਸ਼ ਪਾਲਣਾਂ ਚਾਹੁੰਦਾ ਹੈ। ਇਹ ਫੈਸਲਾ ਕੀਤਾ ਗਿਆ ਕਿ ਕੋਈ ਵੀ ਮੁਆਇਦਾ ਹੋਂਦ ਵਿੱਚ ਆ ਸਕਿਆ ਕਿਉਂਕਿ ਮੂਲ ਪ੍ਰਸਤਾਵ ਤੇ ਪ੍ਰਤਿ ਪ੍ਰਸਤਾਵ ਕਰਨ ਨਾਲ ਮੂਲ ਪ੍ਰਸਤਾਵ ਖਤਮ ਹੋ ਗਿਆ ਹੈ।

**1.2.7 ਵਿਸ਼ੇਸ਼ ਸ਼ਰਤਾਂ ਦਾ ਸੰਚਾਰ (communication of special conditions)**

ਪ੍ਰਸਤਾਵ ਵਿੱਚ ਕੁਝ ਵਿਸ਼ੇਸ਼ ਸ਼ਰਤਾਂ ਸ਼ਾਮਲ ਕਰ ਲੈਣ ਤੇ ਜਰੂਰੀ ਹੋ ਜਾਂਦਾ ਹੈ ਕਿ ਉਹਨਾਂ ਸ਼ਰਤਾਂ ਦੀ ਖਾਸ ਤੌਰ ਤੇ ਵਿਆਖਿਆ ਕੀਤੀ ਜਾਵੇ ਅਤੇ ਸ਼ਾਮਲ ਕੀਤਆਂ ਗਈਆਂ ਸ਼ਰਤਾਂ ਦਾ ਸੰਚਾਰ ਵੀ ਯੋਗ ਤਰੀਕ ਰਾਹੀ ਕੀਤਾ ਜਾਵੇ। ਜਿਹੜਾ ਵਿਅਕਤੀ ਸ਼ਰਤਾਂ ਵਾਲਾ ਪ੍ਰਸਤਾਵ ਪੇਸ਼ ਕਰਦਾ ਹੈ ਤਾਂ ਉਸਦੀ ਜਿੰਮੇਵਾਰੀ ਹੁੰਦੀ ਹੈ ਕਿ ਉਹ ਸਵੀਕਾਰ ਕਰਤਾ ਨੂੰ ਸ਼ਰਤਾਂ ਬਾਰੇ ਜਰੂਰੀ ਜਾਣਕਾਰੀ ਪ੍ਰਾਪਤ ਕਰਵਾਏ। ਜੇਕਰ ਉਹ ਅਜਿਹਾ ਨਹੀ ਕਰਦਾ ਤਾਂ ਸਵੀਕਾਰ ਕਰਤਾ ਇਨ੍ਹਾਂ ਸ਼ਰਤਾਂ ਪ੍ਰਤੀ ਪਾਬੰਦ ਨਹੀ ਹੁੰਦਾ।

ਜੇਕਰ ਸਵੀਕਾਰ ਕਰਤਾ ਉਹ ਭਾਸ਼ਾ ਨਹੀ ਪੜ੍ਹ ਸਕਦਾ ਜਿਸ ਭਾਸ਼ਾ ਵਿੱਚ ਸ਼ਰਤਾਂ ਲਿਖੀਆਂ ਹੋਣ ਅਤੇ ਨਾ ਹੀ ਉਹ ਉਹਨਾਂ ਦੇ ਅਨੁਵਾਦ ਦੀ ਮੰਗ ਕਰੇ ਤਾਂ ਸਵੀਕਾਰ ਕਰਤਾ ਨੂੰ ਸ਼ਰਤਾਂ ਪ੍ਰਤੀ ਪਾਬੰਦ ਮੰਨਿਆ ਜਾਦਾ ਹੈ। ਕੋਈ ਵਿਅਕਤੀ ਸਵੀਕਾਰ ਕਰਤਾ ਦੇ ਰੂਪ ਵਿੱਚ ਸ਼ਰਤਾਂ ਦੇ ਪਾਲਣ ਤੋਂ ਇਸ ਆਧਾਰ ਤੇ ਮੁਕਤ ਨਹੀਹੋ ਸਕਦਾ ਕਿ ਉਹ ਅਨਪੜ੍ਹ ਹੈ ਜਾਂ ਉਹ ਅੰਨ੍ਹਾਂ ਹੈ ਜਾਂ ਸ਼ਰਤਾਂ ਉਸਨੂੰ ਸਮਝ ਨਹੀਂ ਆਈਆਂ।

ਉਦਾਹਰਣ: A ਨੇ B ਕੰਪਨੀ ਦੇ ਇੱਕ ਸਟੀਮਰ ਦੀ ਟਿਕਟ ਖਰੀਦੀ ਜਿਸ ਉੱਤੇ ਫਰੈਂਚ ਭਾਸ਼ਾ ਵਿੱਚ ਸ਼ਰਤਾਂ ਛਪੀਆਂ ਸਨ। ਟਿਕਟ ਦੇ ਹੇਠਲੇ ਹਿੱਸੇ ਤੇ ਇਹ ਛਪਿਆ ਹੋਇਆ ਸੀ ਕਿ ਟਿਕਟ ਪਿੱਛੇ ਦਿੱਤੀਆਂ ਸ਼ਰਤਾਂ ਦੇ ਆਧਾਰ ਤੇ ਜਾਰੀ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਰਤਾਂ ਵਿੱਚੋਂ ਇੱਕ ਸ਼ਰਤ ਇਹ ਵੀ ਸੀ ਕਿ 'ਸਮਾਨ ਨੂੰ ਹੋਣ ਵਾਲੀ ਹਾਨੀ ਦੀ ਪੂਰਤੀ ਲਈ ਕੰਪਨੀ ਜਿੰਮੇਵਾਰ ਨਹੀ ਹੋਵੇਗੀ। ਕੰਪਨੀ ਦੇ ਨੌਕਰ ਦੀ ਲਾਪਰਵਾਹੀ ਕਾਰਨ ਸਟੀਮਰ ਡੁੱਬ ਗਿਆ ਅਤੇ A ਦਾ ਸਮਾਨ ਨਸ਼ਟ ਹੋ ਗਿਆ A ਨੇ B ਕੰਪਨੀ ਦੇ ਵਿਰੁੱਧ ਮੁਕੱਦਮਾ ਦਾਇਰ ਕੀਤਾ ਅਤੇ ਇਹ ਤਰਕ ਦਿੱਤਾ ਕਿ ਉਹ ਸ਼ਰਤਾਂ ਫਰੈਂਚ ਭਾਸ਼ਾ ਵਿੰਚ ਦਿੱਤੀਆਂ ਹੋਣ ਕਰਕੇ ਪੜ੍ਹ ਨਹੀ ਸਕਿਆ। ਇਸ ਲਈ ਵੁਹ ਸ਼ਰਤਾਂ ਪ੍ਰਤੀ ਪਾਬੰਦ ਨਹੀ ਹੈ। ਪ੍ਰੰਤੂ ਮਾਨਯੋਗ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਕੰਪਨੀ ਨੇ ਸ਼ਰਤਾਂ ਦੀ ਜਾਣਕਾਰੀ ਦੇਣ ਲਈ ਯੋਗ ਉਪਰਾਲੇ ਕੀਤੇ ਹੋਏ ਹਨ। A ਨੇ ਲਾਪਰਵਾਹੀ ਕਰਕੇ ਉਹਨਾਂ ਸ਼ਰਤਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਉਹ ਹਾਨੀ ਪੂਰਤੀ ਦਾ ਹੱਕਦਾਰ ਨਹੀ ਹੋਵੇਗਾ।

**1.2.8 ਛਪੇ ਹੋਏ ਮੁਆਇਦੇ (Printed contract)**

ਕੁੱਠ ਵੱਡੇ ਅਦਾਰੇ ਜਿਵੇਂ ਕਿ ਭਾਰਤੀ ਜੀਵਨ ਬੀਮਾਂ ਕੰਪਨੀ, ਭਾਰਤੀ ਰੇਲਵੇ ਆਦਿ ਹਰ ਰੋਜ ਹਜਾਰਾਂ ਮੁਆਇਦੇ ਕਰਦੇ ਹਨ। ਇਹਨਾਂ ਅਦਾਰਿਆਂ ਲਈ ਵੱਖੋ ਵੱਖਰੇ, ਵਿਅਕਤੀਆਂ ਨਾਲ ਅਲੱਗ ਅਲੱਗ ਮੁਆਇਦੇ ਕਰਨੇ ਮੁਸ਼ਕਿਲ ਹਨ। ਇਸ ਲਈ ਇਹ ਅਦਾਰੇ ਇਹਨਾਂ ਵੱਖ-ਵੱਖ ਮੁਆਇਦਿਆਂ ਨੂੰ ਛਪਵਾ ਲੈਂਦੇ ਹਨ। ਇਹਨਾਂ ਮੁਆਇਦਿਆਂ ਵਿੱਚ ਬਹੁਤ ਸਾਰੀਆਂ ਸ਼ਰਤਾਂ ਅਤੇ ਮੱਦਾਂ ਹੁੰਦੀਆਂ ਹਨ ਜਿਨਾਂ ਤੇ ਹਰੇ ਧਿਰ ਨੂੰ ਹਸਤਾਖਰ ਕਰਨੇ ਹੀ ਪੈਦੇ ਹਨ ਬੇਸ਼ਕ ਉਹ ਉਹਨਾਂ ਪ੍ਰਤੀ ਰਜਾਮੰਦ ਹੋਣ ਜਾਂ ਨਾਂ ਅਤੇ ਧਿਰਾਂ ਨੂੰ ਅਜੇਹੇ ਮੁਆਇਦਿਆਂ ਤੋਂ ਧਿਰਾਂ ਨੂੰ ਹੋਣ ਵਾਲੇ ਨੁਕਸਾਨ ਤੋ ਬਚਾਉਣ ਲਈ ਅਦਾਲਤਾਂ ਨੇ ਬਹੁਤ ਸਾਰੇ ਤਰੀਕੇ ਸੁਝਾਏ ਅਤੇ ਅਪਣਾਏ ਹਨ।

### 1.2.9 ਕਰਾਸ ਪ੍ਰਸਤਾਵ (Cross offers)

ਜਦੋਂ ਦੋ ਧਿਰਾਂ ਇੱਕ ਦੂਜੇ ਨੂੰ ਇੱਕੋ ਸਮੇਂ ਇੱਕ ਦੂਜੇ ਦੇ ਪ੍ਰਸਤਾਵਾਂ ਤੇ ਅਣਜਾਣ ਇੱਕੋ ਜੇਹੇ ਪ੍ਰਸਤਾਵ ਪੇਸ਼ ਕਰਦੀਆਂ ਹਨ ਅਤੇ ਉਹ ਕਰਾਸ ਪ੍ਰਸਤਾਵ ਅਖਵਾਉਦੇ ਹਨ। ਉਹਨਾਂ ਵਿਚਕਾਰ ਇੱਕ ਪ੍ਰਸਤਾਵ ਦਾ ਦੂਜੇ ਪ੍ਰਸਤਾਵ ਨਾਲ ਸਹਿਮਤੀ (acceptance) ਨਹੀ ਹੋ ਸਕਦੀ।

ਉਦਾਹਰਣ: 28 ਫਰਵਰੀ 1997 ਨੂੰ B ਨੇ A ਨੂੰ ਲਿਖਤੀ 5000 ਟਨ ਕੋਲਾ 600 ਰੁਪਏ ਪ੍ਰਤੀ ਟਨ ਦੇ ਹਿਸਾਬ ਵੇਚਣ ਦਾ ਪ੍ਰਸਤਾਵ ਕੀਤਾ ਬਿਲਕੁਲ ਉਸੇ ਦਿਨ A ਨੇ B ਨੂੰ ਲਿਖਤੀ 5000 ਟਨ ਕੋਲਾ 600 ਰੁਪਏ ਪ੍ਰਤੀ ਟਨ ਵੇਚਣ ਦਾ ਪ੍ਰਸਤਾਵ ਕੀਤਾ। ਪ੍ਰੰਤੂ ਉਸ ਸਮੇਂ ਉਨ੍ਹਾਂ ਦੋਹਾਂ ਨੂੰ ਇੱਕ ਦੂਜੇ ਦੁਆਰਾ ਭੇਜੇ ਗਏ ਪ੍ਰਸਤਾਵਾਂ ਦੀ ਜਾਣਕਾਰੀ ਨਹੀ ਸੀ। B ਨੇ ਇਹ ਮੰਨ ਲਿਆ ਕਿ A ਨਾਲ ਇੱਕ ਸੰਪੂਰਨ ਮੁਆਇਦਾ ਹੋ ਗਿਆ ਹੈ ਜਦੋਂ ਕਿ ਅਜਿਹਾ ਨਹੀ ਹੋ ਸਕਦਾ ਸੀ।

### 1.2.10 ਸਹਿਮਤੀ (Acceptance)

ਉਹ ਧਿਰ ਜਿਸਦੇ ਸਾਹਮਣੇ ਪ੍ਰਸਤਾਵ ਰੱਖਿਆ ਜਾਂਦਾ ਹੈ ਜੇਕਰ ਉਹ ਉਸਨੂੰ ਸਵੀਕਾਰ ਕਰ ਲਵੇ ਤਾਂ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਮੰਨਿਆ ਜਾਂਦਾ ਹੈ।ਧਾਰਾ 2(b) ਦੇ ਅਨੁਸਾਰ ''ਸਵਿਕਾਰ ਕੀਤੇ ਹੋਏ ਪ੍ਰਸਤਾਵ ਨੂੰ ਵਚਨ ਕਹਿੰਦੇ ਹਾਂ।'' ਕਿਸੇ ਕੰਪਨੀ ਦੇ ਹਿੱਸੇ (Shares) ਖਰੀਦਣ ਲਈ ਕੀਤੀ ਬੇਨਤੀ ਪ੍ਰਸਤਾਵ ਹੁੰਦੀ ਹੈ ਜਦੋਂ ਕਿ 'ਕੰਪਨੀ ਆਪਣੇ ਪੂੰਜੀ ਹਿੱਸੇ ਜਾਰੀ ਕਰਦੀ ਹੈ ਤਾਂ ਇਸ ਪ੍ਰਸਤਾਵ ਨੂੰ ਸਵਿਕਾਰ ਹੋਇਆ ਮੰਨਿਆ ਜਾਂਦਾ ਹੈ ਅਤੇ ਨਤੀਜੇ ਵਜੋਂ ਇੱਕ ਸਮਝੌਤੇ ਦਾ ਨਿਰਮਾਣ ਹੋ ਜਾਂਦਾ ਹੈ। ਪ੍ਰਸਤਾਵ ਨੂੰ ਸਵਿਕਾਰ ਕੀਤੇ ਬਿਨਾਂ ਕੋਈ ਵੀ ਸਮਝੌਤਾ ਮੁਆਇਦਾ ਨਹੀ ਬਣ ਸਕਦਾ। ਕੇਵਲ ਉਹੀ ਵਿਅਕਤੀ ਪ੍ਰਸਤਾਵ ਨੂੰ ਸਵੀਕਾਰ ਕਰ ਸਕਦਾ ਹੈ ਜਿਸਨੂੰ ਉਹ ਪ੍ਰਸਤਾਵ ਕੀਤਾ ਗਿਆ ਹੈ। ਪ੍ਰਸਤਾਵ ਦੇ ਵਿੱਚ ਦਰਜ ਸ਼ਰਤਾਂ ਦੇ ਅਨੁਸਾਰ ਹੀ ਸਹਿਮਤੀ ਦੇਣੀ ਚਾਹੀਦੀ ਹੈ। ਸਹਿਮਤੀ ਦੇ ਸੰਪੂਰਣ ਹੋਣ ਲਈ ਜਰੂਰੀ ਹੈ ਕਿ ਪ੍ਰਸਤਾਵ ਦੀ ਤਰ੍ਹਾਂ ਸਹਿਮਤੀ ਦਾਸੰਚਾਰ ਪ੍ਰਸਤਾਵ ਕਰਨ ਵਾਲੇ ਤੱਕ ਯੋਗ ਪ੍ਰਣਾਲੀ ਰਾਹੀਂ ਕੀਤਾ ਜਾਵੇ। ਸਵੀਕਾਰ ਕਰਤਾ ਦੁਆਰਾ ਆਪਣੇ ਵਿਵਹਾਰ ਜਾਂ ਕੁੱਝ ਕਿਰਿਆਵਾਂ ਰਾਹੀਂ ਸਹਿਮਤੀ ਬਾਰੇ ਆਪਣੀ ਇੱਛਾ ਪ੍ਰਗਟ ਕੀਤੀ ਜਾ ਸਕਦੀ ਹੈ। ਕੇਵਲ ਮਾਨਸਿਕ ਸਹਿਮਤੀ ਸੰਪੂਰਣ ਸਹਿਮਤੀ ਨਹੀ ਹੋ ਸਕਦੀ। ਜੇਕਰ ਪ੍ਰਸਤਾਵ ਦੇ ਨਾਲ ਉਸਦੀ ਸਹਿਮਤੀ ਬਾਰੇ ਕੋਈ ਸ਼ਰਤਾਂ ਨਾ ਲਗਾਈਆਂ ਹੋਣ ਤਾਂ ਸਹਿਮਤੀ ਕਿਸੇ ਵੀ ਤਰੀਕੇ ਰਾਹੀਂ ਦਿੱਤੀ ਜਾ ਸਕਦੀ ਹੈ ਭਾਵ ਸਹਿਮਤੀ ਦਾ ਸਪੱਸ਼ਟ ਹੋਣਾ ਜਰੂਰੀ ਨਹੀ ਹੁੰਦਾ।

ਉਦਾਹਰਣ: ੳ ਨੇ ਅ ਦੇ ਸਾਹਮਣੇ ਆਪਣਾ ਕਾਲਾ ਘੋੜਾ 500 ਰੁਪਏ ਵਿੱਚ ਵੇਚਣ ਦਾ ਪ੍ਰਸਤਾਵ ਰੱਖਿਆ। ਅ ਉਸਦਾ ਘੋੜਾ 500 ਰੁਪਏ ਵਿੱਚ ਖਰੀਦਣਾ ਸਵੀਕਾਰ ਕਰ ਲੈਂਦਾ ਹੈ। ਅ ਦੇ ਪ੍ਰਸਤਾਵ ਨੂੰ ਸਵੀਕਾਰ ਕਰਨ ਦੀ ਕ੍ਰਿਆ ਨੂੰ ਸਹਿਮਤੀ ਕਹਿੰਦੇ ਹਾਂ।

### 1.2.10.1 ਸਹਿਮਤੀ ਦਾ ਤਰੀਕਾ (How made)

ਸਹਿਮਤੀ ਸਪੱਸ਼ਟ ਜਾਂ ਗ੍ਰਭਿਤ ਹੋ ਸਕਦੀ ਹੈ। ਜਦੋਂ ਸਹਿਮਤੀ ਲਿਖਤੀ ਜਾਂ ਜੁਬਾਨੀ ਸ਼ਬਦਾਂ ਰਾਹੀਂ ਦਿੱਤੀ ਜਾਵੇ, ਉਸਨੂੰ ਸਪੱਸ਼ਟ ਸਹਿਮਤੀ ਕਹਿੰਦੇ ਹਾਂ। ਜਦੋਂ ਇਹ ਵਿਹਾਰ ਰਾਹੀਂ ਦਿੱਤੀ ਜਾਵੇ ਤਾਂ ਇਸਨੂੰ ਗ੍ਰਭਿਤ ਸਹਿਮਤੀ ਕਹਿੰਦੇ ਹਾਂ।

ਉਦਾਹਰਣ: ਇੱਕ ਕੰਪਨੀ ਨੇ ਪ੍ਰਸਤਾਵ ਕਰਤਾ ਨੂੰ ਕਿਹਾ ਕਿ ਜੇਕਰ ਉਹ ਆਪਦੇ ਪ੍ਰਸਤਾਵ ਸਮੇਤ ਛਿਮਾਹੀ ਪ੍ਰੀਮੀਅਮ ਦੀ ਰਕਮ ਜਮ੍ਹਾਂ ਕਰਵਾ ਦੇਵੇਗਾ ਉਸਦਾ ਪ੍ਰਸਤਾਵ ਮੰਨ ਲਿਆ ਜਾਵੇਗਾ। ਉਸਨੇ ਬਿਲਕੁਲ ਉਸੇ ਤਰ੍ਹਾਂ ਹੀ ਕੀਤਾ ਕੰਨੀ ਨੇ ਉਸਦਾ ਚੈਕ ਕੈਸ਼ ਕਰਵਾ ਲਿਆ ਪ੍ਰੰਤੂ ਉਸਦੇ ਪ੍ਰਸਤਾਵ ਦੇ ਮੰਨਣ ਬਾਰੇ ਕੁੱਝ ਨਾ ਕਿਹਾ। ਇਸੇ ਦੌਰਾਨ ਪ੍ਰਸਤਾਵ ਕਰਤਾ ਦੀ ਮੌਤ ਹੋ ਗਈ। ਚੈੱਕ ਦਾ ਕੈਸ਼ ਕਰਵਾਉਣਾ ਗ੍ਰਭਿਤ ਸਹਿਮਤੀ ਮੰਨੀ ਗਈ।

### 1.2.10.2 ਸਹਿਮਤੀ ਕੌਣ ਦੇ ਸਕਦਾ ਹੈ? (Who may accept)

ਇੱਕ ਪ੍ਰਸਤਾਵ ਤੇ ਕੇਵਲ ਉਹੋ ਵਿਅਕਤੀ ਸਹਿਮਤੀ ਦੇ ਸਕਦਾ ਹੈ ਜਿਸ ਨੂੰ ਉਹ ਪ੍ਰਸਤਾਵ ਪੇਸ਼ ਕੀਤਾ ਗਿਆ ਹੋਵੇ। ਪ੍ਰਸਤਾਵ ਕਰਤਾ ਦੀ ਸਹਿਮਤੀ ਤੋਂ ਬਿਨਾਂ ਕੋਈ ਵੀ ਵਿਅਕਤੀ ਅਜਿਹੇ ਪ੍ਰਸਤਾਵ ਨੂੰ ਸਵੀਕਾਰ ਨਹੀਂ ਕਰ ਸਕਦਾ।

**ਇਸ ਕੇਸ ਵਿੱਚ ਪ੍ਰਮੁੱਖ ਕੇਸ Boulton V. Jones ਦਾ ਹੈ।**

**Boulton V. Jones**

**ਫੈਸਲਾ**

ਪ੍ਰਸਤਾਵ ਤੇ ਸਹਿਮਤੀ ਉਹੋ ਵਿਅਕਤੀ ਹੀ ਦੇ ਸਕਦਾ ਹੈ ਜਿਸ ਨੂੰ ਉਹ ਪ੍ਰਸਤਾਵ ਪੇਸ਼ ਕੀਤਾ ਗਿਆ ਹੋਵੇ।

**ਕੇਸ ਦੇ ਤੱਥ**

D ਨੇ ਇਸ ਫਰਮ ਨੂੰ ਜਿਸ ਪਾਸ ਉਸਦਾ ਖਾਤਾ ਚੱਲਦਾ ਸੀ, P ਨੇ, ਜੋ ਫਰਮ ਦਾ ਨਵਾ ਮਾਲਕ ਹੈ D ਦਾ ਪੁਰਾਣੀ ਫਰਮ ਦੇ ਨਾਂ ਤੇ ਭੇਜਿਆ ਗਿਆ ਪ੍ਰਸਤਾਵ ਪ੍ਰਾਪਤ ਕੀਤਾ ਅਤੇ ਇਸਨੂੰ ਸਵਿਕਾਰ ਕਰਕੇ D ਨੂੰ ਵਸਤਾਂ ਭੇਜ ਦਿੱਤੀਆਂ। P ਨੇ ਵਸਤਾਂ ਦੀ ਕੀਮਤ ਲਈ ਮੁਕੱਦਮਾ ਕੀਤਾ। ਮਾਨਯੋਗ ਅਦਾਲਤ ਨੇ ਫੈਸਲਾ ਕੀਤਾ ਕਿ ਨਵੇ ਮਾਲਕ P ਅਤੇ D ਵਿਚਕਾਰ ਕੋਈ ਮੁਆਇਦਾ ਨਹੀ ਸੀ ਹੋਇਆ, ਕਿਉਂਕਿ ਪ੍ਰਸਤਾਵ ਪੁਰਾਣੀ ਫਰਮ ਨੂੰ ਕੀਤਾ ਗਿਆ ਸੀ ਨਾ ਕਿ ਨਵੀ ਫਰਮ ਨੂੰ।

ਇੱਕ ਪ੍ਰਸਤਾਵ ਸਮੁੱਚੀ ਦੁਨੀਆਂ ਨੂੰ ਕੀਤਾ ਜਾ ਸਕਦਾ ਹੈ ਅਤੇ ਅਜਿਹੇ ਪ੍ਰਸਤਾਵ ਤੇ ਕੋਈ ਵੀ ਵਿਅਕਤੀ ਸਹਿਮਤੀ ਦੇ ਸਕਦਾ ਹੈ।

**1.2.10.3 ਜਾਇਜ ਸਹਿਮਤੀ ਦੇ ਜਰੂਰੀ ਤੱਤ (Essential of a valid acceptance)**

**1. ਸਹਿਮਤੀ ਪੂਰਣ ਅਤੇ ਸ਼ਰਤਹੀਣ ਹੋਈ ਚਾਹੀਦੀ ਹੈ** (Acceptance must be absolute and unconditional) – ਪ੍ਰਸਤਾਵ ਦੇ ਸਬੰਧ ਵਿੱਚ ਦਿੱਤੀ ਗਈ ਸਹਿਮਤੀ ਇਸਦੇ ਜਾਇਜ਼ ਹੋਣ ਲਈ ਪੂਰਣ ਅਤੇ ਸ਼ਰਤਹੀਣ ਹੋਣੀ ਚਾਹੀਦੀ ਹੈ। ਇੱਕ ਅਪੂਰਣ ਜਾਂ ਸ਼ਰਤ ਸੰਗਤ ਸਹਿਮਤੀ ਪ੍ਰਤਿ ਪ੍ਰਸਤਾਵ ਨੂੰ ਜਨਮ ਦੇਂਦੀ ਹੈ ਅਤੇ ਮੂਲ ਪ੍ਰਸਤਾਵ ਨੂੰ ਸਵੀਕਾਰ ਨਹੀ ਕਰਦੀ। ਸਵੀਕਾਰ ਕਰਤਾ ਨੂੰ ਪ੍ਰਸਤਾਵ ਦੇ ਨਾਲ-ਨਾਲ ਪ੍ਰਸਤਾਵ ਦੀਆਂ ਸਾਰੀਆਂ ਸ਼ਰਤਾਂ ਬਾਰੇ ਵੀ ਸਹਿਮਤੀ ਦੇਣੀ ਜਰੂਰੀ ਹੁੰਦੀ ਹੈ। ਪ੍ਰਸਤਾਵ ਦੇ ਕਿਸੇ ਹਿੱਸੇ ਪ੍ਰਤੀ ਸਹਿਮਤ ਨਾ ਹੋਣਾ ਜਾਂ ਮੂਲ ਪ੍ਰਸਤਾਵ ਨੂੰ ਬਦਲਣ ਦੀ ਕੋਸ਼ਿਸ਼ ਤੋਂ ਬਾਅਦ ਦਿੱਤੀ ਸਹਿਮਤੀ ਉਸ ਮੂਲ ਪ੍ਰਸਤਾਵ ਲਈਜਾਇਜ ਸਹਿਮਤੀ ਨਹੀ ਮੰਨੀ ਜਾਵੇਗੀ।

ਉਦਾਹਰਣ: ੳ ਨੇ ਅ ਨੂੰ 28000 ਰੁਪਏ ਵਿੱਚ ਇੱਕ ਪਲਾਟ ਵੇਚਣ ਪਾ ਪ੍ਰਸਤਾਵ ਕੀਤਾ ਉਸਨੂੰ ਅ ਨੇ ਸਵਿਕਾਰ ਕਰਨ ਉਪਰੰਤ 8000 ਰੁਪਏ ਭੇਜ ਦਿੱਤੇ ਅਤੇ ਬਾਕੀ ਦੀ ਰਕਮ ਦਾ ਭੁਗਤਾਨ 5000 ਰੁਪਏ ਦੀਆਂ ਬਰਾਬਰ 4 ਕਿਸ਼ਤਾਂ ਵਿੱਚ ਦੇਣ ਲਈ ਵਚਨ ਦਿੱਤਾ। ਇਸ ਕੇਸ ਵਿੱਚ ੳ, ਅ ਦੀ ਸਹਿਮਤੀ ਲਈ ਪਾਬੰਦ ਨਹੀਂ ਹੋਵੇਗਾ ਕਿਉਂਕਿ ਅ ਦੁਆਰਾ ਦਿੱਤੀ ਗਈ ਸਹਿਮਤੀ ਸ਼ਰਤ ਸੰਗਤ ਹੈ ਭਾਵ ਸ਼ਰਤਹੀਣ ਨਹੀ ਹੈ।

**2. ਸਹਿਮਤੀ ਦਾ ਸੰਚਾਰ ਪ੍ਰਸਤਾਵ ਕਰਤਾ ਨੂੰ ਹੋਣਾ ਜਰੂਰੀ ਹੈ** (Acceptance must be communicated to the offeror) – ਜੇਕਰ ਸਹਿਮਤੀ ਦੇਣ ਵਾਲੀ ਧਿਰ ਖਾਮੋਸ਼ ਰਹਿੰਦੀ ਹੈ ਅਤੇ ਪ੍ਰਸਤਾਵ ਨੂੰ ਸਵੀਕਾਰ ਕਰਨ ਤੋਂ ਬਾਅਦ ਆਪਣੀ ਸਹਿਮਤੀ ਦਾ ਪ੍ਰਗਟਾਵਾ ਕਿਸੇ ਤਰ੍ਹਾਂ ਨਹੀ ਕਰਦੀ ਤਾਂ ਸਮਝੌਤਾ ਹੋਂਦ ਵਿੱਚ ਨਹੀ ਆਵੇਗਾ ਇਸ ਲਈ ਜਰੂਰੀ ਹੈ ਕਿ ਸਵੀਕਾਰ ਕਰਤਾ ਪ੍ਰਸਤਾਵ ਨੂੰ ਸਵੀਕਾਰ ਕਰਨ ਤੋਂ ਬਾਅਦ ਆਪਣੀ ਸਹਿਮਤੀ ਦਾ ਸੰਚਾਰ ਯੋਗ ਤਰੀਕ ਰਾਹੀਂ ਪ੍ਰਸਤਾਵ ਕਰਤਾ ਨੂੰ ਕਰੇ। ਪ੍ਰਸਤਾਵ ਦਾ ਸੰਚਾਰ ਲਿਖਤੀ, ਜੁਬਾਨੀ ਜਾਂ ਵਿਵਹਾਰ ਰਾਹੀਂ ਕੀਤਾ ਜਾ ਸਕਦਾ ਹੈ ਇਸ ਵੀ ਜਰੂਰੀ ਹੈ ਕਿ ਸਹਿਮਤੀ ਦੇ ਪ੍ਰਗਟਾਵੇ ਦਾ ਸੰਚਾਰ ਪ੍ਰਸਤਾਵ ਕਰਤਾ ਤੱਕ ਪਹੁੰਚਦਾ ਕੀਤਾ ਜਾਵੇ।

**ਇਸ ਵਿਸ਼ੇ 'ਤੇ ਇੱਕ ਪ੍ਰਮੁੱਖ ਕੇਸ [Brogden V. Metropolitan Rly Co. (1877) A.C.66] ਹੈ।**

**BROGDEN V. METROPOLITAN RLY CO.**

**ਫੈਸਲਾ**

ਪ੍ਰਸਤਾਵ ਦਾ ਸੰਚਾਰ (Communication) ਨਾ ਕਰਨ ਤੇ ਮੁਆਇਦਾ ਨਹੀ ਹੋ ਸਕਦਾ।

**ਕੇਸ ਦੇ ਤੱਥ**

ਇੱਕ ਰੇਲਵੇ ਕੰਪਨੀ ਦੇ ਮੈਨੇਜਰ ਨੂੰ ਕੋਲੇ ਦੀ ਸਪਲਾਈ ਸਬੰਧੀ ਇੱਕ ਪ੍ਰਸਤਾਵ ਵਾਲਾ ਖਤ ਪ੍ਰਾਪਤ ਹੋਇਆ ਜਿਸ ਤੇ ਉਸਨੇ ਸਵੀਕਾਰ ਕੀਤਾ (Accepted) ਲਿਖ ਕੇ ਆਪਣੇ ਮੇਜ ਦੇ ਦਰਾਜ ਵਿੱਚ ਰੱਖ ਲਿਆ ਅਤੇ ਉਸਨੂੰ ਡਾਕ ਵਿੱਚ ਪਾਉਣਾ ਭੁੱਲ ਗਿਆ ਅਤੇ ਇਸ ਤਰ੍ਹਾਂ ਉਸਨੇ ਸਵਿਕਾਰਤਾ ਸੰਚਾਰ ਨਹੀ ਕੀਤਾ ਗਿਆ।

**3. ਸਹਿਮਤੀ ਉੱਚਿਤ ਸਮੇਂ ਦੇ ਅੰਦਰ ਦਿੱਤੀ ਜਾਣੀ ਚਾਹੀਦੀ ਹੈ** (Acceptance must be made within a reasonable time) – ਪ੍ਰਸਤਾਵ ਨੂੰ ਸਵੀਕਾਰ ਕਰਨ ਵਾਲੇ ਅਿਵਕਤੀ ਦੁਆਰਾ ਆਪਣੀ ਸਹਿਮਤੀ ਦਾ ਪ੍ਰਗਟਾਵਾ ਪ੍ਰਸਤਾਵ ਕਰਤਾ ਦੇ ਦਿੱਤੇ ਸਮੇਂ ਦੀ ਸਮਾਪਤੀ ਤੋਂ ਪਹਿਲਾਂ-ਪਹਿਲਾਂ ਦਿੱਤਾ ਜਾਣਾ ਚਾਹੀਦਾ ਹੈ। ਜੇਕਰ ਸਹਿਮਤੀ ਦੇਣ ਲਈ ਕੋਈ ਸਮਾਂ ਨਿਰਧਾਰਿਤ ਨਹੀ ਕਿਤਾ ਗਿਆ ਹੋਵੇ ਤਾਂ ਸਮੇਂ ਦੇ ਅੰਦਰ-ਅੰਦਰ ਸਹਿਮਤੀ ਦੇ ਦਿੱਤੀ ਜਾਣੀ ਚਾਹੀਦੀ ਹੈ। ਜਦੋਂ ਤੱਕ ਪ੍ਰਸਤਾਵ ਜਿਉਂਦਾ ਰਹਿੰਦਾ ਹੈ ਉਸਨੂੰ ਸਵੀਕਾਰ ਕੀਤਾ ਜਾ ਸਕਦਾ ਹੈ ਜੇਕਰ ਪ੍ਰਸਤਾਵ ਨੂੰ ਪ੍ਰਸਤਾਵ ਕਰਤਾ ਵਾਪਸ ਲੈ ਲੈਂਦਾ ਹੈ ਤਾਂ ਇਸ ਤੋਂ ਬਾਅਦ ਦਿੱਤੀ ਸਹਿਮਤੀ ਅਰਥਹੀਣ ਹੋ ਜਾਵੇਗੀ।

**ਇਸ ਵਿਸ਼ੇ 'ਤੇ ਇੱਕ ਪ੍ਰਮੁੱਖ ਕੇਸ [Ramagate Vioctoria Hotel Co. V. Monteflree (1866) L.R.I. Ex 109] ਹੈ।**

**RAMAGATE VIOCTORIA HOTEL CO. V. MONTEFLREE (1866)**

**ਫੈਸਲਾ**

ਪ੍ਰਸਤਾਵ ਸਬੰਧੀ ਸਹਿਮਤੀ ਨਿਰਘਾਰਤ ਸਮੇਂ ਜਾਂ ਜਾਇਜ ਸਮੇਂ ਦੇ ਅੰਦਰ ਦਿੱਤੀ ਜਾਣੀ ਚਾਹੀਦੀ ਹੈ।

**ਕੇਸ ਦੇ ਤੱਥ**

ਇੱਕ ਵਿਅਕਤੀ ਨੇ ਇੱਕ ਕੰਪਨੀ ਦੇ ਪੂੰਜੀ ਹਿੱਸੇ ਖਰੀਦਣ ਲਈ ਜੂਨ ਦੇ ਮਹੀਨੇ ਵਿੱਚ ਪ੍ਰਾਰਥਨਾ ਪੱਤਰ ਦਿੱਤਾ ਕੰਪਨੀ ਨੇ ਪੂੰਜੀ ਹਿੱਸਿਆਂ ਦੀ ਵੰਡ ਨਵੰਬਰ ਮਹੀਨੇ ਵਿੱਚ ਕੀਤੀ ਜਿਸ ਰਾਹੀਂ ਪ੍ਰਾਥਨਾ ਪੱਤਰ ਦੇਣ ਵਾਲਿਆਂ ਨੂੰ ਮਜਬੂਰ ਕੀਤਾ ਜਾ ਸਕਿਆ ਕਿਉਂਕਿ ਕੰਪਨੀ ਨੇ ਪੂੰਜੀ ਹਿੱਸਿਆਂ ਦੀ ਵੰਡ ਵਿੱਚ ਕਾਫੀ ਦੇਰ ਕਰ ਦਿੱਤੀ ਸੀ।

**4. ਸਹਿਮਤੀ ਸਪੱਸ਼ਟ ਜਾਂ ਗ੍ਰਭਿਤ ਹੋ ਸਕਦੀ ਹੈ** (Acceptance may be express or implied) – ਜਦੋਂ ਸਹਿਮਤੀ ਲਿਖਤੀ ਜਾਂ ਜ਼ੁਬਾਨ ਰਾਹੀਂ ਬੋਲ ਕੇ ਦਿੱਤੀ ਗਈ ਹੋਵੇ ਇਸਨੂੰ ਸਪੱਸ਼ਟ ਸਹਿਮਤੀ ਕਹਿੰਦੇ ਹਾਂ ਅਤੇ ਜਦੋਂ ਸਹਿਮਤੀ ਆਚਰਣ ਜਾਂ ਵਿਵਹਾਰ ਜਾਂ ਕਿਸੇ ਹੋਰ ਪ੍ਰਕਾਰ ਦੀ ਸਰੀਰਕ ਕ੍ਰਿਆ ਰਾਹੀ ਦਿੱਤੀ ਜਾਵੇ ਤਾਂ ਇਸਨੂੰ ਗ੍ਰਭਿਤ ਸਹਿਮਤੀ ਕਹਿੰਦੇ ਹਾਂ। ਉਦਾਹਰਣ ਦੇ ਲਈ ਜਦੋਂ ਕੋਈ ਵਿਅਕਤੀ ਰੇਲ ਗੱਡੀ ਜਾਂ ਬੱਸ ਤੇ ਸਫਰ ਕਰਦਾ ਹੈ ਤਾਂ ਇਹ ਮੰਨ ਲਿਆ ਜਾਂਦਾ ਹੈ ਕਿ ਉਹ ਵਿਅਕਤੀ ਬਣਦਾ ਕਿਰਾਇਆ ਦੇਣ ਲਈ ਸਹਿਮਤ ਹੈ। ਇਸ ਪ੍ਰਕਾਰ ਦਿੱਤੀ ਸਹਿਮਤੀ ਨੂੰ ਗ੍ਰਭਿਤ ਸਹਿਮਤੀ ਕਹਿੰਦੇ ਹਾਂ।

5. **ਸਹਿਮਤੀ ਦਾ ਸੰਚਾਰ ਯੋਗ ਤਰੀਕੇ ਰਾਹੀਂ ਹੋਣਾ ਚਾਹੀਦਾ ਹੈ** (Acceptance must be Communicated in proper manner) – ਜੇਕਰ ਪ੍ਰਸਤਾਵ ਕਰਨ ਵਾਲੇ ਵਿਅਕਤੀ ਨੇ ਸਹਿਮਤੀ ਦੇਣ ਦਾ ਤਰੀਕਾ ਜਾਂ ਉਸਨੂੰ ਸੰਚਾਰ ਕਰਨ ਦਾ ਤਰੀਕਾ ਨਿਰਧਾਤ ਨਹੀ ਕੀਤਾ ਤਾਂ ਸਵੀਕਾਰ ਕਰਤਾ ਦੁਅਰਾ ਸਹਿਮਤੀ ਅਜਿਹੇ ਯੋਗ ਤਰੀਕੇ ਰਾਹੀ ਦਿੱਤੀ ਜਾਣੀ ਚਾਹੀਦੀ ਹੈ ਜਿਸ ਨਾਲ ਦਿੱਤੀ ਸਹਿਮਤੀ ਬਾਰੇ ਜਾਣਕਾਰੀ ਪ੍ਰਸਤਾਵ ਕਰਤਾ ਨੂੰ ਹੋ ਜਾਵੇ ਪ੍ਰੰਤੂ ਜੇਕਰ ਪ੍ਰਸਤਾਵ ਕਰਨ ਵਾਲੇ ਨੇ ਇਸ ਨੂੰ ਸਵੀਕਾਰ ਕਰਨ ਦਾ ਤਰੀਕਾ ਅਤੇ ਇਸ ਦੇ ਸੰਚਾਰ ਲਈ ਕੋਈ ਤਰੀਕਾ ਨਿਰਘਾਰਤ ਕੀਤਾ ਹੋਵੇ ਤਾਂ ਸਹਿਮਤੀ ਅਤੇ ਉਸਦਾ ਸੰਚਾਰ ਉਸੇ ਤਰੀਕੇ ਅਨੁਸਾਰ ਹੀ ਹੋਣਾ ਜਰੂਰੀ ਹੁੰਦਾ ਹੈ।

6. **ਸਹਿਮਤੀ ਉਹ ਵਿਅਕਤੀ ਹੀ ਦੇ ਸਕਦਾ ਹੈ ਜਿਸਨੂੰ ਪ੍ਰਸਤਾਵ ਕੀਤਾ ਗਿਆ ਹੋਵੇ** (An offer can be accepted only by the person to whom it is made) – ਪ੍ਰਸਤਾਵ ਤੇ ਸਹਿਮਤੀ ਉਹੋ ਵਿਅਕਤੀ ਦੇ ਸਕਦਾ ਹੈ ਜਿਸਨੂੰ ਪ੍ਰਸਤਾਵ ਕੀਤਾ ਗਿਆ ਹੋਵੇ। ਉਸਤੋਂ ਇਲਾਵਾ ਕਿਸੇ ਵੀ ਦੂਜੇ ਵਿਅਕਤੀ ਦੁਆਰਾ ਦਿੱਤੀ ਗਈ ਸਹਿਮਤੀ ਮੰਨਣ ਯੋਗ ਜਾਂ ਜਾਇਜ ਨਹੀ ਹੋਵੇਗੀ ਜੇਕਰ ਪ੍ਰਸਤਾਵ ਖੁੱਲ੍ਹਾ ਹੋਵੇ ਜਾਂ ਆਮ ਜਨਤਾ ਨੂੰ ਕੀਤਾ ਗਿਆ ਹੋਵੇ ਤਾਂ ਹੀ ਕੋਈ ਵੀ ਵਿਅਕਤੀ ਪ੍ਰਸਤਾਵ ਨੂੰ ਸਵੀਕਾਰ ਕਰ ਸਕਦਾ ਹੈ।

ਉਦਾਹਰਣ: ੳ ਨੇ ਅ ਨੂੰ ਇੱਕ ਪ੍ਰਸਤਾਵ ਕੀਤਾ ਜਿਸ ਉੱਤੇ ੲ ਨੇ ਸਹਿਮਤੀ ਦੇ ਦਿੱਤੀ ਇਸ ਤਰ੍ਹਾਂ ੲ ਦੁਆਰਾ ਦਿੱਤੀ ਸਹਿਮਤੀ ੳ ਲਈ ਲਾਗੂ ਕਰਨ ਜਾਂ ਕਰਵਾਉਣ ਯੋਗ ਨਹੀ ਹੋਵੇਗੀ ਕਿਉਂਕਿ ਪ੍ਰਸਤਾਵ ਅ ਲਈ ਸੀ ਨਾ ਕਿ ੲ ਲਈ

7. **ਸਵੀਕਾਰ ਕਰਤਾ ਨੂੰ ਸਹਿਮਤੀ ਦੇ ਸਮਂ ਪ੍ਰਸਤਾਵ ਦੀ ਜਾਣਕਾਰੀ ਜਰੂਰ ਹੋਵੇ** (The Acceptor must be aware of the proposal at the time of acceptance) – ਸਹਿਮਤੀ ਕਿਸੇ ਪ੍ਰਸਤਾਵ ਲਈ ਹੀ ਹੁੰਦੀ ਹੈ। ਜੇਕਰ ਸਵੀਕਾਰ ਕਰਤਾ ਨੂੰ ਸਹਿਮਤੀ ਦੇਣ ਵੇਲੇ ਪ੍ਰਸਤਾਵ ਦੀ ਹੋਂਦ ਦੀ ਜਾਣਕਾਰੀ ਹੀ ਨਹੀ ਹੋਵੇਗੀ ਤਾਂ ਓਹ ਪ੍ਰਸਤਾਵ ਦੀ

ਸਹਿਮਤੀ ਦੇ ਕਾਰਣ ਹੋਏ ਮੁਆਇਦੇ ਨੂੰ ਲਾਗੂ ਨਹੀ ਕਰਵਾ ਸਕੇਗਾ। ਭਾਵ ਜਾਇਜ ਮੁਆਇਦੇ ਦੀ ਬਣਤਰ ਲਈ ਜਰੂਰੀ ਹੈ ਕਿ ਸਵੀਕਾਰ ਕਰਤਾ ਨੂੰ ਸਹਿਮਤੀ ਦੇਣ ਸਮੇਂ ਪ੍ਰਸਤਾਵ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

ਉਦਾਹਰਣ: ੳ ਨੇ ਆਪਣੇ ਨੌਕਰ ਅ ਨੂੰ ਆਪਣੇ ਆਪਣੇ ਗੁੰਮ ਹੋਏ ਭਤੀਜੇ ਨੂੰ ਲੱਭਣ ਲਈ ਭੇਜਿਆ। ਬਾਅਦ ਵਿੱਚ ੳ ਨੇ ਐਲਾਨ ਕੀਤੀ ਕਿ ਜੋ ਵੀ ਕੋਈ ਉਸਦੇ ਗੁੰਮ ਹੋਏ ਭਤੀਜੇ ਨੂੰ ਲੱਭ ਕੇ ਲਿਆਵੇਗਾ ਉਹ ਉਸਨੂੰ 1000 ਰੁਪਏ ਇਨਾਮ ਦੇਵੇਗਾ ਪ੍ਰੰਤੂ ਇਨਾਮ ਦੀ ਸੂਚਨਾ ਅ ਨੂੰ ਮਿਲਣ ਤੋ ਪਹਿਲਾਂ ਹੀ ਅ ਨੇ ੳ ਦੇ ਗੁੰਮ ਹੋਏ ਭਤੀਜੇ ਨੂੰ ਲੱਭ ਲਿਆ। ੳ ਬਾਅਦ ਵਿੱਚ ਇਨਾਮ ਦੀ ਰਕਮ ਅ ਨੂੰ ਦੇਣ ਤੋਂ ਮੁਕਰ ਗਿਆ। ਅ ਦੇ ੳ ਉੱਤੇ ਮੁਕੱਦਮਾ ਕਰਨ ਤੇ ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਅ ਨੂੰ ੳ ਦਾ ਭਤੀਜਾ ਲੱਭਣ ਵੇਲੇ ਇਨਾਮ ਦੀ ਪ੍ਰਸਤਾਵ ਦੀ ਜਾਣਕਾਰੀ ਨਹੀ ਸੀ, ਇਸ ਲਈ ਉਸਨੂੰ ਇਨਾਮ ਦੀ ਰਕਮ ਨਹੀ ਮਿਲ ਸਕੇਗੀ।

### 1.2.10.4 ਸਹਿਮਤੀ ਉੱਤੇ ਚੁੱਪ ਦਾ ਅਸਰ (Effect of silence on acceptance)

ਜੇਕਰ ਕਿਸੇ ਪ੍ਰਸਤਾਵ ਦੀ ਸਹਿਮਤੀ ਬਾਰੇ ਸਵੀਕਾਰ ਕਰਤਾਰ ਚੁੱਪ ਧਾਰਣ ਕਰ ਲੈਂਦਾ ਹੈ ਤਾਂ ਪ੍ਰਸਤਾਵ ਕਰਤਾ ਲਈ ਇਹ ਜਾਨਣਾ ਮੁਸ਼ਕਲ ਹੋ ਜਾਂਦਾ ਹੈ ਕਿ ਕੀ ਸਵੀਕਾਰ ਕਰਨ ਵਾਲੇ ਵਿਅਕਤੀ ਨੇ ਸਹਿਮਤੀ ਦੇ ਦਿੱਤੀ ਹੈ ਜਾਂ ਨਹੀ ਇਸ ਲਈ ਇਹ ਜਰੂਰੀ ਹੈ ਕਿਸ ਸਵੀਕਾਰ ਕਰਤਾ ਸਹਿਮਤੀ ਨੂੰ ਲਿਖਤੀ ਸ਼ਬਦਾਂ ਰਾਹੀਂ ਜਾਂ ਜੁਬਾਨੀ ਜਾਂ ਫਿਰ ਆਪਣੇ ਆਚਰਣ ਜਾਂ ਵਿਵਹਾਰ ਰਾਹੀਂ ਪ੍ਰਗਟ ਕਰੇ। ''ਕੇਵਲ ਮਾਨਸਿਕ ਸਹਿਮਤੀ ਜੋ ਸ਼ਬਦਾਂ, ਜੁਬਾਨ ਜਾਂ ਵਿਵਹਾਰ ਰਾਹੀਂ ਸਪਸ਼ਟ ਨਾ ਕੀਤੀ ਗਈ ਹੋਵੇ, ਕਾਨੂੰਨ ਦੀ ਨਜ਼ਰ ਵਿੱਚ ਜਾਇਜ਼ ਸਹਿਮਤੀ ਨਹੀ ਹੁੰਦੀ।''[1]

ਇਸ ਵਿਸ਼ੇ ਤੇ ਪ੍ਰਮੁੱਖ ਕੇਸ (Brogdon V. Metropolitan Railway Co. (1877)] ਹੈ।

**(BROGDON V. METROPOLITAN RAILWAY CO. (1877)**

**ਫੈਸਲਾ**

(1) ਪ੍ਰਸਤਾਵ ਤੇ ਸਹਿਮਤੀ ਦਾ ਸੰਚਾਰ ਹੋਣਾ ਲਾਜਮੀ ਹੈ।

(2) ਕੇਵਲ ਮਾਨਸਿਕ ਸਹਿਮਤੀ ਜੋ ਸ਼ਬਦਾਂ ਜਾਂ ਵਿਹਾਰ ਰਾਹੀਂ ਪ੍ਰਗਟ ਨਾ ਕੀਤੀ ਗਈ ਹੋਵੇ, ਸਹਿਮਤੀ ਨਹੀ ਮੰਨੀ ਜਾਂਦੀ।

**ਕੇਸ ਦੇ ਤੱਥ**

B ਨੇ ਰੇਲਵੇ ਕੰਪਨੀ ਦੇਮੈਨੇਜਰ ਨੂੰ ਕੋਲਾ ਸਪਲਾਈ ਕਰਨ ਦਾ ਪ੍ਰਸਤਾਵ ਲਿਖਤੀ ਰੂਪ (Draft agreement) ਵਿੱਚ ਭੇਜਿਆ। ਮੈਨੇਜਰ ਨੇ ਇਸ ਉੱਤੇ 'ਸਵਿਕਾਰ ਕੀਤਾ' ਸ਼ਬਦ ਲਿਖ ਕੇ ਆਪਣੇ ਮੇਜ ਦੇ ਦਰਾਜ ਵਿੱਚ ਰੱਖ ਲਿਆ ਅਤੇ ਗਲਤੀ ਨਾਲ ਇਹ ਦਰਜਾ ਵਿੱਚ ਹੀ ਪਿਆ ਰਹਿ ਗਿਆ। ਭਾਵ B ਨੂੰ ਨਹੀ ਭੇਜਿਆ ਜਾ ਸਕਿਆ। ਇਹ ਫੈਸਲਾ ਦਿੱਤਾ ਗਿਆ ਕਿ ਕੋਈ ਵੀ ਮੁਆਇਦਾ ਹੋਂਦ ਵਿੱਚ ਨਹੀ ਆਇਆ ਕਿਉਂਕਿ ਪ੍ਰਸਤਾਵ ਨੂੰ ਕੇਵਲ ਮਾਨਸਿਕ ਸਹਿਮਤੀ ਪ੍ਰਾਪਤ ਹੋ ਸਕੀ ਹੈ।

ਕਦੇ-ਕਦੇ ਸਹਿਮਤੀ ਬਾਰੇ ਚੁੱਪ ਧਾਰਨ ਜਾਂ ਯੋਗ ਕਾਰਵਾਈ ਨਾ ਕਰਨ ਦੀ ਹਾਲਤ ਵਿੱਚ ਵੀ ਪ੍ਰਸਤਾਵ ਨੂੰ ਸਵੀਕਾਰ ਕੀਤਾ ਮੰਨ ਲਿਆ ਜਾਂਦਾ ਹੈ ਪ੍ਰੰਤੂ ਅਜਿਹਾ ਕੁਝ ਵਿਸ਼ੇਸ਼ ਹਾਲਤਾਂ ਵਿੱਚ ਹੋ ਸਕਦਾ ਹੈ ਜੋ ਹੇਠ ਦਿੱਤੇ ਅਨੁਸਾਰ ਹਨ:

**1)** ਜੇਕਰ ਸਵੀਕਾਰ ਕਰਤਾ ਨੂੰ ਪ੍ਰਸਤਾਵ ਅਧੀਨ ਪ੍ਰਾਪਤ ਸੇਵਾਵਾਂ ਜਾਂ ਵਸਤਾਂ ਨੂੰ ਵਾਪਸ ਕਰਨ ਲਈ ਕਾਫੀ ਸਮਾਂ ਮਿਲਿਆ ਹੋਵੇ ਅਤੇਉਹ ਇਸਦੇ ਬਾਵਜੂਦ ਵੀ ਉਹਨਾਂ ਵਸਤਾਂ ਜਾਂ ਸੇਵਾਵਾਂ ਦੀ ਵਰਤੋਂ ਕਰਦਾ ਹੋਵੇ ਅਤੇ ਨਾ ਹੀ ਪ੍ਰਸਤਾਵ ਨੂੰ ਰੱਦ ਕਰੇ ਤਾਂ ਉਸਨੂੰ ਸਵੀਕਾਰ ਕੀਤਾ ਮੰਨ ਲਿਆ ਜਾਂਦਾ ਹੈ।

**2)** ਜੇਕਰ ਪ੍ਰਸਤਾਵ ਕਰਤਾ ਦੇ ਨਾਲਸਵੀਕਾਰ ਕਰਤਾ ਨੇ ਸੁਰੂ ਤੋਂ ਹੀ ਅਜਿਹਾ ਵਿਵਹਾਰ ਕੀਤਾ ਹੋਵੇ ਜਿਹੜਾ ਇਹ ਸਪੱਸ਼ਟ ਕਰਦਾ ਹੋਵੇ ਕਿ ਜੇਕਰ ਸਵੀਕਾਰ ਕਰਤਾ ਪ੍ਰਸਤਾਵ ਤੋਂ ਬਾਅਦ ਚੁੱਪ ਧਾਰਣ ਕਰ ਲੈਂਦਾ ਹੈ ਤਾਂ ਇਸਨੂੰ ਸਵੀਕਾਰ ਹੋਇਆ ਮੰਨ ਲਿਆ ਜਾਵੇਗਾ। ਅਜਿਹੇ ਪ੍ਰਸਤਾਵਾਂ ਨੂੰ ਪਹਿਲਾਂ ਤੋ ਹੀ ਅਜਿਹਾ ਮੰਨ ਕੇ ਧਿਰਾਂ ਪੇਸ਼ ਕਰਦੀਆਂ ਅਤੇ ਪ੍ਰਾਪਤ ਕਰਦੀਆਂ ਹਨ ਕਿ ਸਵੀਕਾਰ ਕਰਤਾ ਦੇ ਚੁੱਪ ਧਾਰਣ ਦੀ ਹਾਲਤ ਵਿੱਚ ਵੀ ਇਹਨਾਂ ਨੂੰ ਸਵੀਕਾਰ ਹੋਇਆ ਮੰਨਿਆ ਜਾਵੇਗਾ।

### 1.2.10.5 ਪ੍ਰਸਤਾਵ ਅਤੇ ਸਹਿਮਤੀ ਦਾ ਸੰਚਾਰ ਅਤੇ ਖੰਡਨ (Communication and Revocation of offer and acceptance)

ਕਿਸੇ ਵੀ ਨਿਸ਼ਚਿਤ ਵਿਸ਼ਾ ਵਸਤੂ ਤੇ ਦੋ ਧਿਰਾਂ ਦਾ ਇੱਕਮੱਤ ਹੋਣਾ ਉਦੋਂ ਤੱਕ ਸੰਭਵ ਨਹੀ ਜਦੋਂ ਤੱਕ ਦੋਵੇ ਧਿਰਾਂ ਉਸ ਵਿਸ਼ਾ ਵਸਤੂ ਸੰਬਧੀ ਆਪਸ ਵਿੱਚ ਵਿਚਾਰ ਵਟਾਂਦਰਾ ਨਹੀ ਕਰਦੀਆਂ। ਭਾਵ ਜਦੋਂ ਤੱਕ ਪ੍ਰਸਤਾਵ ਦਾ ਸੰਚਾਰ ਸਹੀ ਢੰਗ ਨਾਲ ਨਹੀ ਹੁੰਦਾ ਉਦੋਂ ਤੱਕ ਸਹਿਮਤੀ ਪ੍ਰਾਪਤ ਕਰਨ ਦਾ ਸਵਾਲ ਹੀ ਪੈਦਾ ਨਹੀ ਹੁੰਦਾ। ਇਸੇ ਤਰ੍ਹਾਂ ਹੀ ਜਦੋਂ ਤੱਕ ਸਵੀਕਾਰ ਕਰਤਾ ਵੱਲੋਂ ਸਹਿਮਤੀ ਦਾ ਪ੍ਰਗਟਾਵਾ ਅਤੇ ਸੰਚਾਰ ਸਹੀ ਤਰੀਕੇ ਨਾਲ ਨਹੀਂ ਕੀਤਾ ਜਾਂਦਾ ਓਦੋਂ ਤੱਕ ਸਮਝੌਤਾ ਹੋਂਦ ਵਿੱਚ ਨਹੀ ਆ ਸਕਦਾ।

### 1.2.10.6 ਪ੍ਰਸਤਾਵ ਦਾ ਸੰਚਾਰ (ਧਾਰਾ 4) (Communication of offer)

ਅਜਿਹਾ ਪ੍ਰਸਤਾਵ ਜਿਸਦਾ ਸੰਚਾਰ ਨਾ ਕੀਤਾ ਗਿਆ ਹੋਵੇ ਉਸਦਾ ਕੋਈ ਕਾਨੂੰਨੀ ਪ੍ਰਭਾਵ ਨਹੀ ਹੁੰਦਾ। ਜਦੋਂ ਵੀ ਪ੍ਰਸਤਾਵ ਦੀ ਜਾਣਕਾਰੀ ਸਵੀਕਾਰ ਕਰਤਾ ਨੂੰ ਹੋ ਜਾਂਦੀ ਹੈ ਪ੍ਰਸਤਾਵ ਦਾ ਸੰਚਾਰ ਪੂਰਾ ਹੋ ਜਾਂਦਾ ਹੈ।

ਉਦਾਹਰਣ : ੳ ਨੇ ਅ ਨੂੰ ਇੱਕ ਪੱਤਰ ਰਾਹੀਂ ਆਪਣਾ ਮਕਾਨ 30,000 ਰੁਪਏ ਵਿੱਚ ਵੇਚਣ ਦਾ ਪ੍ਰਸਤਾਵ ਕੀਤਾ। ਜਦੋਂ ਅ ਨੂੰ ੳ ਦਾ ਪਾਇਆ ਪੱਤਰ ਪ੍ਰਾਪਤ ਹੋ ਜਾਂਦਾ ਹੈ ਉਸ ਸਮੇਂ ਪ੍ਰਸਤਾਵ ਦਾ ਸੰਚਾਰ ਸੰਪੂਰਣ ਹੋ ਜਾਂਦਾ ਹੈ।

ਧਾਰਾ 4 ਇਹ ਸਪੱਸ਼ਟ ਕਰਦੀ ਹੈ ਕਿ ਪ੍ਰਸਤਾਵ ਦਾ ਸਮੁੱਚੇ ਰੂਪ ਵਿੱਚ ਸੰਚਾਰ ਹੋਣਾ ਜਰੂਰੀ ਨਹੀ ਹੈ ਇਸਦੀ ਜਾਣਕਾਰੀ ਸਵੀਕਾਰ ਕਰਤਾ ਨੂੰ ਮਿਲ ਜਾਵੇ ਇੰਨਾ ਹੀ ਕਾਫੀ ਹੈ। ਇਸ ਤੋਂ ਪਿੱਛੋਂ ਸਵੀਕਾਰ ਕਰਤਾ ਤੇ ਨਿਰਭਰ ਕਰਦਾ ਹੈ ਕਿ ਉਹ ਇਸਨੂੰ ਸਵੀਕਾਰ ਕਰੇ ਜਾਂ ਨਾ ਕਰੇ।

ਜਦੋਂ ਕੋਈ ਪ੍ਰਸਤਾਵ ਖੱਤ ਪੱਤਰ ਰਾਹੀਂ ਕੀਤਾ ਜਾਂਦਾ ਹੈ ਤਾਂ ਉਸਦਾ ਸੰਚਾਰ ਉਦੋਂ ਹੀ ਪੂਰਣ ਮੰਨਿਆ ਜਾਵੇਗਾ ਜਦੋਂ ਪ੍ਰਸਤਾਵ ਦਾ ਪੱਤਰ ਸੰਚਾਰ ਕਰਤਾ ਨੂੰ ਮਿਲ ਜਾਂਦਾ ਹੈ। ਪੱਤਰ ਦਾ ਡਾਕ ਵਿੱਚ ਪਾ ਦੇਣ ਨਾਲ ਸੰਚਾਰ ਪੂਰਣ ਨਹੀਂ ਹੁੰਦਾ ਸਗੋਂ ਇਹ ਉਦੋਂ ਹੀ ਪੂਰਾ ਹੋਵੇਗਾ ਜਦੋਂ ਪੱਤਰ ਸਵੀਕਾਰ ਕਰਤਾ ਨੂੰ ਅਸਲ ਵਿੱਚ ਪ੍ਰਾਪਤ ਹੋ ਜਾਂਦਾ ਹੈ।

### 1.2.10.7 ਸਹਿਮਤੀ ਦਾ ਸੰਚਾਰ (ਧਾਰਾ 4) (Communication of Acceptance)

ਸਹਿਮਤੀ ਦਾ ਸੰਚਾਰ (i) ਪ੍ਰਸਤਾਵ ਕਰਤਾ ਦੇ ਵਿਰੁੱਧ ਉਦੋਂ ਪੂਰਾ ਹੋ ਜਾਂਦਾ ਹੈ ਜਦੋਂ ਸਵੀਕਾਰ ਕਰਤਾ ਸਹਿਮਤੀ ਪੱਤਰ ਡਾਕ ਵਿੱਚ ਇਸ ਤਰੀਕ ਪਾ ਦੇਵੇ ਕਿ ਉਹ ਉਸਨੂੰ ਵਾਪਸ ਨਾ ਲੈ ਸਕਦਾ ਹੋਵੇ ਅਤੇ (ii) ਸਵੀਕਾਰ ਕਰਤਾ ਦੇ ਵਿਰੁੱਧ ਸੰਚਾਰ ਉਦੋਂ ਪੂਰਾ ਹੋ ਜਾਂਦਾ ਹੈ ਜਦੋਂ ਅਸਲ ਵਿੱਚ ਸਹਿਮਤੀ ਪੱਤਰ ਪ੍ਰਸਤਾਵ ਕਰਤਾ ਨੂੰ ਪ੍ਰਾਪਤ ਹੋ ਜਾਂਦਾ ਹੈ।

ਉਦਾਹਰਣ : ੳ ਨੇ ਆਪਣਾ ਮਕਾਨ ਇੱਕ ਨਿਸ਼ਚਿਤ ਮੁੱਲ ਤੇ ਵੇਚਣ ਦਾ ਪ੍ਰਸਤਾਵ ਅ ਨੂੰ ਪੱਤਰ ਰਾਹੀਂ ਕੀਤਾ। ਅ ਸਹਿਮਤੀ ਦੀ ਸੂਚਨਾਂ ੳ ਨੂੰ ਪੱਤਰ ਰਾਹੀਂ ਭੇਜ ਦਿੰਦਾ ਹੈ ਅਤੇ ਉਹ ਪੱਤਰ ੳ ਦੇ ਡਾਕ-ਪਤੇ ਤੇ ਉਸਨੂੰ ਪ੍ਰਾਪਤ ਹੋ ਜਾਂਦਾ ਹੈ। ਇਸ ਕੇ ਵਿੱਚ ੳ ਦੇ ਵਿਰੁੱਧ ਸਹਿਮਤੀ ਦਾ ਸੰਚਾਰ ਉਦੋਂ ਹੀ ਪੂਰਾ ਹੋ ਜਾਂਦਾ ਹੈ, ਜਦੋਂ ਅ ਨੇ ਸਹਿਮਤੀ ਪੱਤਰ ਡਾਕ ਰਾਹੀਂ ਭੇਜਣ ਲਈ ਡਾਕਖਾਨੇ ਦੇ ਸਪੁਰਦ ਕਰ ਦਿੱਤਾ ਅਤੇ ਸਹਿਮਤੀ ਦਾ ਸੰਚਾਰ ਅ ਦੇ ਵਿਰੁੱਧ ਉਦੋਂ ਪੂਰਾ ਹੋ ਜਾਂਦਾ ਹੈ ਜਦੋਂ ਉਸਦਾ ਪਾਇਆ ਪੱਤਰ ੳ ਨੂੰ ਡਾਕ ਰਾਹੀਂ ਮਿਲ ਜਾਂਦਾ ਹੈ।

### 1.2.10.8 ਭਾਰਤੀ ਕਾਨੂੰਨ ਅਤੇ ਅੰਗਰੇਜੀ ਕਾਨੂੰਨ ਵਿੱਚ ਅੰਤਰ (Difference between Indian Law and English law)

ਡਾਕ ਰਾਹੀਂ ਭੇਜੀ ਸਹਿਮਤੀ ਦੇ ਕਾਨੂੰਨੀ ਪ੍ਰਭਾਵ ਬਾਰੇ ਭਾਰਤੀ ਕਾਨੂੰਨ ਅਤੇ ਇੰਗਲਿਸ਼ ਕਾਨੂੰਨ ਵਿੱਚ ਮੱਤ ਭੇਦ ਹਨ। ਇੰਗਲਿਸ਼ ਕਾਨੂੰਨ ਅਧੀਨ ਜੇਕਰ ਸਹਿਮਤੀ ਪੱਤਰ ਨੂੰ ਇੱਕ ਵਾਰੀ ਡਾਕ ਵਿੱਚ ਪਾ ਦਿੱਤਾ ਜਾਵੇ ਤਾਂ ਇਸਨੂੰ ਵਾਪਸ ਨਹੀ ਲਿਆ ਜਾ ਸਕਦਾ ਬੇਸ਼ੱਕ ਤਾਰ, ਟੈਲੀਫੋਨ ਜਾਂ ਵਿਸ਼ੇਸ਼ ਦੂਤ ਭੇਜ ਕੇ ਸਹਿਮਤੀ ਪੱਤਰ ਦੇ ਪ੍ਰਸਤਾਵ ਕਰਤਾ ਦੇ ਪਾਸ ਪਹੁੰਚਣ ਤੋਂ ਪਹਿਲਾਂ ਹੀ ਸਹਿਮਤੀ ਨੂੰ ਵਾਪਸ ਲੈਣ ਬਾਰੇ ਪ੍ਰੇਸਕਸ਼ ਕੀਤੀ ਗਈ ਹੋਵੇ। ਭਾਰਤੀ ਕਾਨੂੰਨ ਦੇ ਅਧੀਨ ਇਸਦੇ ਉਲਟ ਸਹਿਮਤੀ ਨੂੰ ਪ੍ਰਸਤਾਵ ਕਰਤਾ ਪਾਸ ਪੰਹੁਚਣ ਤੋਂ ਪਹਿਲਾਂ ਕਿਸੇ ਵੀ ਸਮੇਂ ਵਾਪਸ ਲੈ ਸਕਦਾ ਹੈ। ਪ੍ਰੰਤੂ ਅਜਿਹਾ ਸਹਿਮਤੀ ਪੱਤਰ ਦੇ ਪ੍ਰਸਤਾਵ ਕਰਤਾ ਦੇ ਪਾਸ ਪਹੁੰਚਣ ਤੋਂ ਪਹਿਲਾਂ-ਪਹਿਲਾਂ ਤਾਰ, ਟੈਲੀਫੋਨ ਜਾਂ ਵਿਸ਼ਸ਼ੇ ਦੂਤ ਰਾਹੀਂ ਜਾਂ ਕਿਸੇ ਹੋਰ ਤਰੀਕੇ ਰਾਹੀਂ ਕੀਤਾ ਜਾ ਸਕਦਾ ਹੈ।

### 1.2.10.9 ਖੰਡਨ ਦਾ ਸੰਚਾਰ (Communication of Revocation)

ਜਦੋਂ ਕੋਈ ਵਿਅਕਤੀ ਆਪਣੇ ਪ੍ਰਸਤਾਵ ਜਾਂ ਸਹਿਮਤੀ ਦਾ ਖੰਡਨ ਕਰਦਾ ਹੈ ਤਾਂ ਉਸਦੇ ਵਿਰੁੱਧ ਖੰਡਨ ਦਾ ਸੰਚਾਰ ਉਦੋਂ ਪੂਰਾ ਹੋਇਆ ਮੰਨਿਆ ਜਾਵੇਗਾ ਜਦੋਂ ਉਹ ਖੰਡਨ ਦੀ ਸੂਚਨਾਂ ਇਸ ਤਰ੍ਹਾਂ ਭੇਜੇ ਕਿ ਜਿਸਨੂੰ ਵਾਪਸ ਲੈਣਾ ਉਸ ਲਈ ਅਸੰਭਵ ਹੋ ਜਾਵੇ। ਜਿਸ ਵਿਅਕਤੀ ਨੂੰ ਖੰਡਨ ਦੀ ਸੂਚਨਾ ਭੇਜੀ ਜਾਂਦੀ ਹੈ। ਉਸਦੇ ਵਿਰੁੱਧ ਖੰਡਨ ਉਦੋਂ ਲਾਗੂ ਹੋਵੇਗਾ, ਜਦੋਂ ਉਸਨੂੰ ਸੂਚਨਾ ਅਸਲ ਵਿੱਚ ਪ੍ਰਾਪਤ ਹੋ ਜਾਂਦੀ ਹੈ।

ਉਦਾਹਰਣ: ੳ ਨੇ ਇੱਕ ਪੱਤਰ ਰਾਹੀ ਆਪਣਾ ਮਕਾਨ 2000 ਰੁਪਏ ਵਿੱਚ ਅ ਨੂੰ ਵੇਚਣ ਦਾ ਪ੍ਰਸਤਾਵ ਦਿੱਤਾ। ਪ੍ਰਸਤਾਵ ਦਾ ਪੱਤਰ ਡਾਕ ਵਿੱਚ ਪਾਉਣ ਤੋ ਬਾਅਦ ਉਹ ਪ੍ਰਸਤਾਵ ਦਾ ਖੰਡਨ ਤਾਰ ਰਾਹੀਂ ਕਰ ਦੇਦਾ ਹੈ। ਖੰਡਨ ਦਾ ਸੰਚਾਰ ੳ ਦੇ ਵਿਰੁੱਧ ਉਦੋਂ ਹੀ ਸਮਾਪਤ ਹੋ ਜਾਵੇਗਾ, ਜਦੋਂ ਉਹ ਤਾਰ ਰਾਹੀਂ ਸੂਚਨਾ ਦੇਂਦਾ ਹੈ ਅਤੇ ਅ ਦੇ ਵਿਰੁੱਧ ਖੰਡਨ ਦਾ ਸੰਚਾਰ ਉਸ ਵੇਲੇ ਪੂਰਾ ਹੋ ਜਾਂਦਾ ਹੈ ਜਦੋਂ ਉਸਨੂੰ ਤਾਰ ਪ੍ਰਾਪਤ ਹੋ ਜਾਂਦੀ ਹੈ।

### 1.2.10.10 ਪ੍ਰਸਤਾਵ ਦਾ ਖੰਡਨ (Revocation of offer)

ਪ੍ਰਸਤਾਵ ਦਾ ਖੰਡਨ ਪ੍ਰਸਤਾਵ ਕਰਤਾਰ ਦੁਆਰਾ ਸਹਿਮਤੀ ਤੋਂ ਪਹਿਲਾ ਪਹਿਲਾਂ ਕਦੇ ਵੀ ਕੀਤਾ ਜਾ ਸਕਦਾ ਹੈ ਪ੍ਰੰਤੂ ਖੰਡਨ ਦੀ ਸੂਚਨਾ ਸਵੀਕਾਰ ਕਰਨ ਵਾਲੀ ਧਿਰ ਦੇ ਸਹਿਮਤੀ ਪੱਤਰ ਦੇ ਡਾਕ ਵਿੱਚ ਪਾਉਣ ਜਾਂ ਭੇਜੇ ਜਾਣ ਤੋ ਪਹਿਲਾਂ ਪ੍ਰਾਪਤ ਹੋ ਜਾਣੀ ਚਾਹੀਦੀ ਹੈ। ਕਿਸੇ ਵੀ ਪ੍ਰਸਤਾਵ ਦੇ ਸਵੀਕਾਰ ਹੋਣ ਤੋਂ ਬਾਅਦ ਵਾਪਸ ਨਹੀ ਲਿਆ ਜਾ ਸਕਾਦ ਦੂਜੇ ਇਹ ਵੀ ਜਰੂਰੀ ਹੈ ਖੰਡਨ ਦੀ ਸੂਚਨਾਂ ਦੂਜੀ ਧਿਰ ਨੂੰ ਦਿੱਤੀ ਜਾਵੇ।

### 1.2.10.11 ਨੀਲਾਮੀ ਵਿਕਰੀ, ਪ੍ਰਸਤਾਵ ਦਾ ਖੰਡਨ (Action sale, Revocation of offer)

ਨੀਲਾਮੀ ਵਿਕਰੀ ਦੌਰਾਨ ਖਰੀਦਦਾਰ ਵਾਰੀ-ਵਾਰੀ ਨਵਾਂ ਪ੍ਰਸਤਾਵ ਰੱਖਦੇ ਹਨ। ਭਾਵ ਇੱਕ ਬੋਲ ਗਈ ਰਕਮ ਤੋ ਉੱਚੀ ਬੋਲੀ ਗਈ ਰਕਮ ਪਹਿਲੇ ਪ੍ਰਸਤਾਵ ਦਾ ਖੰਡਨ ਕਰ ਦਿੰਦੀ ਹੈ ਅਸਲ ਵਿੱਚ ਪ੍ਰਸਤਾਵ ਉਦੋਂ ਹੀ ਸਵੀਕਾਰ ਹੋਇਆ ਮੰਨਿਆ ਜਾਂਦਾ ਹੈ ਜਦੋਂ ਨੀਲਾਮੀ ਕਰਤਾ ਸਭ ਤੋਂ ਉੱਚੀ ਬੋਲੀ ਰਕਮ (ਮੁੱਲ) ਤੇ ਸਹਿਮਤੀ ਦਿੰਦਾ ਹੈ। ਪ੍ਰੰਤੂ ਸਹਿਮਤੀ ਦੇ ਨਿਰਧਾਤ ਤਰੀਕੇ ਭਾਵ ਹਥੌੜੇ ਦੀ ਚੋਟ ਜਾਂ ਟੱਲੀ ਆਦਿ ਵੱਜਣ ਤੋਂ ਪਹਿਲਾਂ ਪ੍ਰਸਤਾਵ ਕਰਤਾ ਆਪਣਾ ਪ੍ਰਸਤਾਵ ਵਾਪਸ ਲੈ ਸਕਦਾ ਹੈ। ਬੋਲੀ ਜਾਂ ਪ੍ਰਸਤਾਵ ਦਾ ਖੰਡਨ ਕਰਨ ਦੇ ਅਧਿਕਾਰ ਤੇ ਲਗਾਈਆਂ ਸਾਰੀਆਂ ਬੰਦਸ਼ਾ ਵਿਅਰਥ ਹੁੰਦੀਆਂ ਹਨ।

### 1.2.10.12 ਖੁੱਲੇ ਪ੍ਰਸਤਵਾ ਦਾ ਖੰਡਨ (Revocation of Standing offer)

ਜਦੋਂ ਕੋਈ ਵਿਅਕਤੀ ਖੁੱਲਾ ਪ੍ਰਸਤਾਵ ਜਾਂ ਟੈਂਡਰ ਦਿੰਦਾ ਹੈ ਤਾਂ ਇਸਨੂੰ 'ਪ੍ਰਸਤਾਵ ਲਈ ਸੱਦਾ' ਮਾਤਰ ਹੀ ਮੰਨਿਆ ਜਾਂਦਾ ਹੈ। ਇਸਦਾ ਸਵੀਕਾਰ ਹੋਣਾ ਕਿਸੇ ਕਾਨੂੰਨੀ ਮੁਆਇਦੇ ਦਾ ਨਿਰਮਾਣ ਨਹੀ ਕਰਦਾ। ਟੈਂਡਰ ਦੁਆਰਾ ਮੁਆਇਦੇ ਜਾ ਜਨਮ ਕੇਵਸ ਉਸ ਸਮੇਂ ਹੁੰਦਾ ਹੈ ਜਦੋਂ ਦੂਜੀ ਧਿਰ ਵਸਤਾਂ ਜਾਂ ਸੇਵਾਵਾਂ ਨੂੰ ਸਪਲਾਈ ਕਰਨ ਦੇ ਆਦੇਸ਼ ਦੇ ਦਿੰਤੀ ਹੈ। ਖੁੱਲੇ ਪ੍ਰਸਤਾਵ ਦੀ ਹਾਲਤ ਵਿੱਚ ਭਵਿੱਖ ਵਿੱਚ ਪ੍ਰਪਤ ਹੋਣ ਵਾਲੇ ਆਦੇਸ਼ਾਂ ਦਾ ਖੰਡਨ ਕੀਤਾ ਜਾ ਸਕਦਾ ਹੈ ਪ੍ਰੰਤੂ ਜੇ ਆਦੇਸ਼ ਦਿੱਤੇ ਜਾ ਚੁੱਕੇ ਹੋਣ ਅਤੇ ਦੂਜੀ ਧਿਰ ਨੂੰ ਪ੍ਰਾਪਤ ਹੋ ਚੁੱਕੇ ਹੋਣ ਉਹਨਾਂ ਦਾ ਖੰਡਨ ਨਹੀ ਹੋ ਸਕਦਾ।

### 1.2.10.13 ਆਮ ਪ੍ਰਸਤਾਵ ਦਾ ਖੰਡਨ (Revocation of standing offer)

ਹੋਰ ਕਿਸਮਾਂ ਦੇ ਪ੍ਰਸਤਾਵਾਂ ਦੀਤਰ੍ਹਾਂ ਹੀ ਆਮ ਪ੍ਰਸਤਾਵ ਦਾ ਖੰਡਨ ਵੀ ਉਸਦੇ ਸਵੀਕਾਰ ਹੋਣ ਤੋਂ ਪਹਿਲਾਂ ਪਹਿਲਾਂ ਕੀਤਾ ਜਾ ਸਕਦਾ ਹੈ ਪ੍ਰਸਤਾਵ ਨੂੰ ਖੰਡਨ ਕਰਨ ਦਾ ਤਰੀਕਾ ਵੀ ਲਗਭਗ ਉਹੋ-ਜਿਹਾ ਹੋਣਾ ਚਾਹੀਦਾ ਹੈ ਜਿਹੋ-ਜਿਹੇ ਤਰੀਕੇ ਨਾਲ ਪ੍ਰਸਤਾਵ ਕੀਤਾ ਗਿਆ ਹੋਵੇ।

### 1.2.10.14 ਖੰਡਨ ਦੇ ਤਰੀਕੇ (Modes of Revocation)

1) ਪ੍ਰਸਤਾਵ ਦਾ ਖੰਡਨ ਦੂਜੀ ਧਿਰ ਨੂੰ ਖੰਡਨ ਦੀ ਸੂਚਨਾ ਦੇ ਕੇ ਕੀਤਾ ਜਾ ਸਕਦਾ ਹੈ। ਲਿਖਤੀ ਪ੍ਰਸਤਾਵ ਦਾ ਖੰਡਨ ਮੂੰਹ ਜੁਬਾਨੀ ਵੀ ਕੀਤਾ ਜਾ ਸਕਦਾ ਹੈ। ਖੰਡਨ ਨੂੰ ਪ੍ਰਭਾਵੀ ਬਣਾਉਣ ਲਈ ਜਰੂਰੀ ਹੈ ਕਿ ਇਸਦਾ ਸੰਚਾਰ ਸਹੀ ਤਰੀਕੇ ਰਾਹੀਂ ਸਵੀਕਾਰ ਕਰਤਾ ਤੱਕ ਪੂਰਣ ਕੀਤਾ ਜਾਵੇ। ਸਵੀਕਾਰ ਕਰਤਾ ਨੂੰ ਸੂਚਨਾ ਮਿਲ ਜਾਣ ਤੇ ਹੀ ਸੰਚਾਰ ਦਾ ਖੰਡਨ ਪੂਰਣ ਹੁੰਦਾ ਹੈ।
2) ਜੇਕਰ ਪ੍ਰਸਤਾਵ ਨੂੰ ਸਵੀਕਾਰ ਕਰਨ ਲਈ ਕੋਈ ਸਮਾਂ ਨਿਰਧਾਰਤ ਕੀਤਾ ਗਿਆ ਹੋਵੇ ਤਾਂ ਉਸ ਸਮੇਂ ਦੇ ਪੂਰਾ ਹੋਣ ਤੋਂ ਪਹਿਲਾਂ ਜੇਕਰ ਪ੍ਰਸਤਾਵ ਸਵੀਕਾਰ ਨਾ ਹੋਇਆ ਹੋਵੇ ਤਾਂ ਪ੍ਰਸਤਾਵ ਦੀ ਹੋਂਦ ਆਪਣੇ ਆਪ ਹੀ ਖਤਮ ਹੋ ਜਾਂਦੀ ਹੈ

ਅਤੇ ਕੋਈ ਸਮਾਂ ਨਿਰਧਾਰਤ ਨਾ ਕੀਤਾ ਗਿਆ ਹੋਵੇ ਤਾਂ ਉੱਚਿਤ ਸਮੇਂ ਦੇ ਅੰਦਰ ਸਹਿਮਤੀ ਨਾ ਦੇਣ ਦੀ ਹਾਲਤ ਵਿੱਚ ਵੀ ਪ੍ਰਸਤਾਵ ਖਤਮ ਹੋ ਜਾਂਦਾ ਹੈ। ਸਮਾਂ ਕਿੰਨਾ ਉੱਚਿਤ ਹੋਵੇਗਾ ਇਹ ਸਬੰਧਿਤ ਮਾਮਲੇ ਦੀਆਂ ਹਾਲਤਾਂ ਤੇ ਨਿਰਭਰ ਕਰਦਾ ਹੈ।

3) ਜੇਕਰ ਕਿਸੇ ਪ੍ਰਸਤਾਵ ਦੇ ਨਾਲ ਕੋਈ ਅਜਿਹੀ ਸ਼ਰਤ ਲਗਾਈ ਗਈ ਹੋਵੇ ਜਿਸਦੀ ਪੂਰਤੀ ਸਹਿਮਤੀ ਦੇ ਲਈ ਜਰੂਰੀ ਹੋਵੇ ਤਾਂ ਅਜਿਹੀ ਸ਼ਰਤ ਦੇ ਪੂਰਾ ਕਰਨ ਤੇ ਪ੍ਰਸਤਾਵ ਸਮਾਪਤ ਹੋ ਜਾਂਦਾ ਹੈ। ਉਦਾਹਰਣ ਦੇ ਲਈ ੳ ਨੇ ਅ ਨੂੰ ਕੁਝ ਵਸਤਾਂ ਇਸ ਸ਼ਰਤ ਤੇ ਵੇਚਣ ਦਾ ਪ੍ਰਸਤਾਵ ਕੀਤਾ ਕਿ ਜੇਕਰ ਅ ਉਸਨੂੰ ਕੁਝ ਰਕਮ ਇੱਕ ਨਿਸ਼ਚਿਤ ਮਿਤੀ ਤੋ ਪਹਿਲਾਂ ਦੇਵੇਗਾ ਜੇਕਰ ਅ ਅਜਿਹਾ ਨਹੀ ਕਰਦਾ ਤਾਂ ਪ੍ਰਸਤਾਵ ਖਤਮ ਹੋ ਜਾਵੇਗਾ।
4) ਜੇਕਰ ਸਵੀਕਾਰ ਕਰਤਾ ਨੂੰ ਸਹਿਮਤੀ ਦੇਣ ਤੋਂ ਪਹਿਲਾਂ ਹੀ ਇਹ ਪਤਾ ਚੱਲ ਜਾਵੇ ਕਿ ਪ੍ਰਸਤਾਵ ਕਰਨ ਵਾਲਾ ਪਾਗਲ ਹੈ ਜਾਂ ਉਸਦੀ ਮੌਤ ਹੋ ਚੁੱਕੀ ਹੈ ਤਾਂ ਪ੍ਰਸਤਾਵ ਖਤਮ ਹੋ ਜਾਂਦਾ ਹੈ। ਇੰਗਲਿਸ਼ ਕਾਨੂੰਨ ਅਧੀਨ ਪ੍ਰਸਤਾਵ ਕਰਨ ਵਾਲੇ ਦੀ ਮੌਤ ਹੋ ਜਾਣ ਨਾਲ ਉਸਦੇ ਪ੍ਰਸਤਾਵਾਂ ਦਾ ਆਪਣੇ ਆਪ ਅੰਤ ਹੋ ਜਾਂਦਾ ਹੈ ਭਾਵੇਂ ਉਸਦੀ ਮੌਤ ਦੀ ਜਾਣਕਾਰੀ ਸਹਿਮਤੀ ਦੇਣ ਵਾਲੀ ਧਿਰ ਨੂੰ ਹੋਵੇ ਜਾਂ ਉਸਨੇ ਸਹਿਮਤੀ ਦੇ ਦਿੱਤੀ ਹੋਵੇ ਪ੍ਰੰਤੂ ਭਾਰਤੀ ਕਾਨੂੰਨ ਅਧੀਨ ਪ੍ਰਸਤਾਵ ਦਾ ਖੰਡਨ ਉਦੋਂ ਹੀ ਪੂਰਨ ਹੋਵੇਗਾ ਜਦੋਂ ਮੌਤ ਦੀ ਸੂਚਨਾ ਸਵੀਕਾਰ ਕਰਤਾ ਨੂੰ ਮਿਲ ਜਾਂਦੀ ਹੈ।
5) ਪ੍ਰਤਿ ਪ੍ਰਸਤਾਵ ਕਰਨ ਨਾਲ ਵੀ ਮੂਲ ਪ੍ਰਸਤਾਵ ਦਾ ਖੰਡਨ ਆਪਣੇ ਆਪ ਹੋ ਜਾਂਦਾ ਹੈ।
6) ਜੇਕਰ ਪ੍ਰਸਤਾਵ ਤੇ ਸਹਿਮਤੀ ਨਿਰਧਾਰਿਤ ਤਰੀਕੇ ਰਾਹੀਂ ਨਾ ਦਿੱਤੀ ਗਈ ਹੋਵੇ ਤਾਂ ਵੀ ਪ੍ਰਸਤਾਵ ਦਾ ਅੰਤ ਹੋ ਜਾਂਦਾ ਹੈ। ਉਦਾਹਰਣ ਵਜੋਂ ਜੇਕਰ ਪ੍ਰਸਤਾਵ ਕਰਤਾ ਸਹਿਮਤੀ ਲਿਖਤੀ ਪੱਤਰ ਰਾਹੀ ਹੀ ਮੰਗਦਾ ਹੈ ਤਾਂ ਜ਼ੁਬਾਨੀ ਸਹਿਮਤੀ ਪ੍ਰਸਤਾਵ ਨੂੰ ਅਰਥਹੀਣ ਬਣਾ ਦੇਵੇਗੀ।

### 1.2.10.15 ਸਹਿਮਤੀ ਦਾ ਖੰਡਨ (Revocation of Acceptance)

ਪ੍ਰਸਤਾਵ ਤੇ ਸਹਿਮਤੀ ਦਾ ਖੰਡਨ ਸਵੀਕਾਰ ਕਰਤਾ ਦੇ ਵਿਰੁੱਧ ਸਹਿਮਤੀ ਦਾ ਸੰਚਾਰ ਪੂਰਾ ਹੋਣ ਤੋਂ ਪਹਿਲਾਂ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। ਜਦੋਂ ਸਹਿਮਤੀ ਪੱਤਰ ਜਾਂ ਸਹਿਮਤੀ ਦੀ ਜਾਣਕਾਰੀ ਪ੍ਰਸਤਾਵ ਕਰਨ ਵਾਲੀ ਧਿਰ ਨੂੰ ਪ੍ਰਾਪਤ ਹੋ ਜਾਂਦੀ ਹੈ ਤਾਂ ਇਸਦਾ ਖੰਡਨ ਨਹੀ ਹੋ ਸਕਦਾ।

ਇੰਗਲਿਸ਼ ਕਾਨੂੰਨ ਦੇ ਅਧੀਨ ਸਹਿਮਤੀ ਦਾ ਖੰਡਨ ਕੀਤਾ ਹੀ ਨਹੀ ਜਾ ਸਕਦਾ ਜਦੋਂ ਕਿ ਭਾਰਤੀ ਕਾਨੂੰਨ ਅਧੀਨ ਅਜਿਹਾ ਕੀਤਾ ਜਾ ਸਕਦਾ ਹੈ। ਭਾਵ ਭਾਰਤੀ ਕਾਨੂੰਨ ਅਧੀਨ ਸਵੀਕਾਰ ਕਰਤਾ ਨੂੰ ਵਿਸੇਸ਼ ਅਧਿਕਾਰ ਪ੍ਰਾਪਤ ਹੁੰਦਾ ਹੈ ਕਿ ਉਹ ਸਹਿਮਤੀ ਦੀ ਸੂਚਨਾ ਪ੍ਰਸਤਾਵ ਕਰਤਾ ਤੱਕ ਪਹੁੰਚਣ ਤੋਂ ਪਹਿਲਾਂ ਪਹਿਲਾਂ ਕਿਸੇ ਵੀ ਸਮੇਂ ਸਹਿਮਤੀ ਦਾ ਖੰਡਨ ਕਰ ਸਕਦਾ ਹੈ।

ਜੇਕਰ ਸਹਿਮਤੀ ਦੀ ਸੂਚਨਾ ਪਹੁੰਚਣ ਵਿੱਚ ਦੇਰ ਹੁੰਦੀ ਹੈ ਤਾਂ ਇਸਦਾ ਲਾਭ ਸਵੀਕਾਰ ਕਰਤਾ ਨੂੰ ਮਿਲਦਾ ਹੈ ਦੂਜੇ ਪਾਸੇ ਜੇਕਰ ਸਹਿਮਤੀ ਪੱਤਰ ਗੁੰਮ ਹੋ ਜਾਵੇ ਤਾਂ ਵੀ ਪ੍ਰਸਤਾਵ ਸਵੀਕਾਰ ਕਰਨ ਵਾਲਾ ਸਹਿਮਤੀ ਦਾ ਖੰਡਨ ਕਰ ਸਕਦਾ ਹੈ। ਪ੍ਰਸਤਾਵ ਅਤੇ ਸਹਿਮਤੀ ਦੇ ਖੰਡਨ ਦੀਆਂ ਸੰਬਧਿਤ ਹਾਲਤਾਂ ਦਾ ਧਿਆਨ ਐਨਸਨ ਨੇ ਬੜੇ ਹੀ ਖਬਸੂਰਤ ਸ਼ਬਦਾਂ ਵਿੱਚ ਕੀਤਾ ਹੈ।'' ਇੱਕ ਪ੍ਰਸਤਾਵ ਦੇ ਲਈ ਸਹਿਮਤੀ ਅਜਿਹੀ ਹੁੰਦੀ ਹੈ ਜਿਵੇਂ ਕਿ ਬਾਰੂਦ ਦੀ ਭਰੀ ਰੇਲ ਗੱਡੀ ਲਈ ਜਲਦੀ ਹੋਈ ਮਾਚਸ ਦੀ ਤੀਲੀ।'' ਇੱਥੇ ਬਾਰੂਦ ਦੀ ਰੇਲ ਗੱਡੀ ਪ੍ਰਸਤਾਵ ਦਾ ਸੂਚਕ ਹੈ ਅਤੇ ਮਾਚਸ ਦੀ ਬਲਦੀ ਹੋਈ ਤੀਲੀ'' ਸਹਿਮਤੀ ਦਾ। ਜਦੋਂ ਤੱਕ ਦੋਹਾਂ ਦਾ ਸੰਪਰਕ ਨਹੀ ਹੁੰਦਾ, 'ਧਮਾਕਾ' ਭਾਵ ਮੁਆਇਦਾ ਨਹੀ ਹੋ ਸਕਦਾ ਅਤੇ ਜੇਕਰ ਇੱਕ ਵਾਰੀ ਮਾਚਸ ਦੀ ਬਲਦੀ ਹੋਈ ਤੀਲੀ ਬਾਰੂਦ ਨੂੰ ਲਗਾ ਦਿੱਤੀ ਜਾਵੇ ਤਾਂ ਉਦਾ ਪਿੱਛੇ ਹਟਣਾਂ ਅਤੇ ਧਮਾਕੇ ਤੋ ਬਚਣਾ ਅਸੰਭਵ ਹੁੰਦਾ ਹੈ। ਮਾਚਿਸ ਦੀ ਬਲਦੀ ਹੋਈ ਤੀਲੀ ਨੂੰ ਬਾਰੂਦ ਦੇ ਸੰਪਰਕ ਵਿੱਚ ਆਉਂਣ ਤੋ ਪਹਿਲਾਂ ਬੁਝਾਇਆ ਜਾ ਸਕਦਾ ਹੈ ਭਾਵ ਸਹਿਮਤੀ ਨੂੰ ਇਸਦੇ ਸੰਚਾਰ ਹੋਣ ਤੋ ਪਹਿਲਾਂ ਵਾਪਸ ਲਿਆ ਜਾ ਸਕਦਾ ਹੈ। ਜਲਦੀ ਹੋਈ ਤੀਲੀ ਦੇ ਬਾਰੂਦ ਨੂੰ ਲੱਗਣ ਤੋ ਪਹਿਲਾਂ-ਪਹਿਲਾਂ ਬਾਰੂਦ ਨੂੰ ਬੇਅਸਰ ਕੀਤਾ ਜਾ ਸਕਦਾ ਹੈ ਜਾਂ ਹਟਾਇਆ ਜਾ ਸਕਦਾ ਹੈ ਭਾਵ ਸਹਿਮਤੀ ਤੋ ਪਹਿਲਾਂ-ਪਹਿਲਾਂ ਪ੍ਰਸਤਾਵ ਵਾਪਸ ਕੀਤਾ ਜਾ ਸਕਦਾ ਹੈ। ਤੀਲੀ ਲੱਗਣ ਤੋਂ ਬਾਅਦ ਨਹੀ ਭਾਵ ਪ੍ਰਸਤਾਵ ਦੇ ਸਵੀਕਾਰ ਹੋਣ ਤੋਂ ਬਾਅਦ ਨਹੀ।

**ਪਾਠ ਨੰ. 1.3** **ਲੇਖਿਕਾ : ਰਾਜਵਿੰਦਰ ਕੌਰ**

# ਪ੍ਰਤਿਫਲ (Consideration)

**1.3.0 ਭੂਮਿਕਾ (Introduction)**
**1.3.1 ਪਰਿਭਾਸ਼ਾ (Definition)**
**1.3.2 ਜਾਇਜ ਪ੍ਰਤਿਫਲ ਦੇ ਜਰੂਰੀ ਤੱਤ (Essential of Valid consideration)**
**1.3.3 ਪ੍ਰਤਿਫਲ ਦੇ ਲਈ ਅਜਨਬੀ ਅਤੇ ਮੁਆਇਦੇ ਲਈ ਅਜਨਬੀ (Stranger to Consideration and Stranger to Contract)**
**1.3.4 ਮੁਆਇਦੇ ਦੇ ਲਈ ਅਜਨਬੀ ਵਿਅਕਤੀ ਮੁਕੱਦਮਾ ਨਹੀ ਕਰ ਸਕਦਾ: ਛੋਟਾਂ: (A Stranger to Contract can not sue: Exceptions)**
**1.3.5 ਪ੍ਰਤਿਫਲ ਦੀ ਮਹੱਤਤਾ (Importance of Consideration)**
**1.3.6 ਪ੍ਰਤਿਫਲ ਤੋਂ ਬਿਨਾਂ ਮੁਆਇਦਾ ਨਹੀ ਹੋ ਸਕਦਾ : ਛੋਟਾਂ (No consideration, no contract : Exceptions)**

## 1.3.0 ਭੂਮਿਕਾ (Introduction)

ਭਾਰਤੀ ਮੁਆਇਦਾ ਅਧਿਨਿਯਮ ਦੇ ਅਨੁਸਾਰ ਪ੍ਰਤਿਫਲ ਤੋਂ ਬਿਨਾਂ ਕੀਤੇ ਵਚਨ ਲਾਗੂ ਕਰਵਾਉਣ ਯੋਗ ਨਹੀ ਹੁੰਦੇ। ਭਾਵ ਕੇਵਲ ਉਹ ਵਚਨ ਜਾਂ ਸਮਝੌਤੇ ਕਾਨੂੰਨ ਦੁਆਰਾ ਲਾਗੂ ਕਰਵਾਏ ਜਾ ਸਕਦੇ ਹਨ ਜੋ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਤਿਫਲ ਦੇ ਬਲਦੇ ਵਿੱਚ ਕੀਤੇ ਜਾਂਦੇ ਹਨ। ਇੱਕ ਸਮਝੌਤਾ ਕਾਨੂੰਨ ਦੁਆਰਾ ਉਦੋਂ ਹੀ ਲਾਗੂ ਕਰਵਾਇਆ ਜਾ ਸਕਦਾ ਹੈ। ਜਸ ਵਿੱਚਪ ੍ਰਤਿਫਲ ਦੀ ਹੋਂਦ ਹੋਵੇ। ਅਸਲ ਵਿੱਚ ਪ੍ਰਤਿਫਲ ਹਰੇਕ ਮੁਆਇਦੇ ਦੀ ਨੀਂਹ ਹੁੰਦੀ ਹੈ। ਪ੍ਰਤਿਫਲ ਹਰੇਕ ਸਮਝੌਤੇ ਦੀ ਹੋਂਦ ਦਾ ਪ੍ਰਤੀਕ ਹੁੰਦਾ ਹੈ।

## 1.3.1 ਪਰਿਭਾਸ਼ਾ (Definition)

ਪ੍ਰਤਿਫਲ ਉਹ ਕੀਮਤ ਹੈ ਜਿਸਦੇ ਬਦਲੇ ਵਿੱਚ ਦੂਜੇ ਵਿਅਕਤੀ ਤੋਂ ਕੋਈ ਵਚਨ ਪ੍ਰਾਪਤ ਕੀਤੀ ਜਾਂਦਾ ਹੈ।ਪ੍ਰਤਿਫਲ ਉਹ ਕੁਝ ਵੀ ਹੋ ਸਕਦਾ ਹੈ ਜਿਸਦੀ ਕਾਨੂੰਨ ਦੀ ਨਜ਼ਰ ਵਿੱਚ ਕੁਝ ਕੀਮਤ ਹੁੰਦੀ ਹੈ। ਭਾਰਤੀ ਮੁਆਇਦਾ ਐਕਟ ਦੀ ਧਾਰਾ 2 (d) ਅਨੁਸਾਰ ਪ੍ਰਤਿਫਲ ਦੀ ਪਰਿਭਾਸ਼ਾ ਹੇਠ ਅਨੁਸਾਰ ਦਿੱਤੀ ਗਈ ਹੈ :

(a) ਇੱਕ ਵਚਨਦਾਤਾ ਦੀ ਇੱਛਾ ਤੇ ;
(b) ਵਚਨ ਦੇ ਪ੍ਰਾਪਤ ਕਰਤਾ ਜਾਂ ਕਿਸੇ ਹੋਰ ਵਿਅਕਤੀ ਨੇ ;
(c) ਕੋਈ ਕੰਮ;
(d) ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਕਰ ਰਿਹਾ ਜਾਂ ਨਹੀ ਕਰ ਰਿਹਾ ਜਾਂ ਕਰਨ ਜਾਂ ਨਾ ਕਰਨ ਬਾਰੇ ਕੋਈ ਵਚਨ ਦਿੰਦਾ ਹੈ ਤਾਂ

ਸਾਧਾਰਣ ਸ਼ਬਦਾਂ ਵਿੱਚ ਪ੍ਰਤਿਫਲ ਕੁਝ ਮੁੱਲ ਹੁੰਦਾ ਹੈ ਜਿਹੜਾ ਵਚਨਦੇਣ ਬਦਲੇ ਵਚਨ ਦੇਣ ਵਾਲੇ ਵਿਅਕਤੀ ਨੂੰ ਪ੍ਰਾਪਤ ਹੁੰਦਾ ਹੈ। ਇਸਦਾ ਅਰਥ ਇਹ ਨਹੀਂ ਕਿ ਮੁੱਲ ਕੇਵਲ ਭੁਗਤਾਨ ਹੋਣ ਯੋਗ ਹੀ ਹੋਵੇ। ਕਿਸੇ ਤੇ ਮੁਕੱਦਮਾ ਨਾ ਕਰਨ ਦਾ ਵਚਣ ਦੇਣਾਂ ਇੱਕ ਵਧੀਆ ਪ੍ਰਤੀਫਲ ਦੀ ਉਦਾਹਰਣ ਹੈ। ਹਰੇਕ ਵਚਨ ਦਾ ਪ੍ਰਤਿਫਲ ਹੋਣਾ ਚਾਹੀਦਾ ਹੈ। ਦੋ ਜਾਂ ਦੋ ਤੋਂ ਵੱਧ ਵਚਨਾਂ

ਦੇ ਬਦਲੇ ਇੱਕੋ ਪ੍ਰਤਿਫਲ ਵੀ ਹੋ ਸਕਦਾ ਹੈ। ਧਿਰਾਂ ਦਾ ਆਪਸ ਵਿੱਚ ਵਚਨ ਦੇ ਬਦਲੇ ਵਚਨ ਦੇਣਾ ਵੀ ਅੱਛੇ ਪ੍ਰਤਿਫਲ ਹੋ ਸਕਦੇ ਹਨ।

ਉਦਾਹਰਣ: X ਨੇ Y ਨੂੰ ਮੰਦਰ ਦੀ ਇਮਾਰਤ ਲਈ 6000 ਰੁਪਏ ਆਪਣੀ ਖੁਸ਼ੀ ਨਾਲ ਦਾਨ ਦੇਣ ਦਾ ਵਚਨ ਦਿੱਤਾ।ਇਹ ਵਚਨ X ਨੂੰ ਪਾਬੰਦ ਨਹੀ ਕਰ ਸਕਦਾ ਕਿਉਂਕਿ ਇਸ ਵਿੱਚ ਕੋਈ ਪਰਸਪਰ ਪ੍ਰਤਿਫਲ ਨਹੀਂ ਹੈ। ਫੇਰ ਵੀ ਜੇਕਰ Y ਨੇ X ਦੇ ਵਚਨ ਤੇ ਵਿਸ਼ਵਾਸ਼ ਕਰਕੇ ਕੋਈ ਦੇਣਦਾਰੀ ਪੈਦਾ ਕਰ ਲਈ ਹੋਵੇ ਤਾਂ X ਨੂੰ ਪਾਬੰਦ ਕਰੇਗਾ।

### 1.3.2 ਜਾਇਜ ਪ੍ਰਤਿਫਲ ਦੇ ਜਰੂਰੀ ਤੱਤ (Essential of Valid consideration)

**1. ਵਚਨਦਾਤਾ ਦੀ ਇੱਛਾ ਤੇ –** ਪ੍ਰਤਿਫਲ ਦੀ ਪਹਿਲੀ ਵਿਸ਼ਸ਼ਤਾ ਜਾਂ ਜਰੂਰੀ ਤੱਤ ਇਹ ਹੈ ਕਿ ਪ੍ਰਤਿਫਲ ਨਾਲ ਸਬੰਧਿਤ ਕੰਮ ਵਚਨਦਾਤਾ ਦੀ ਇੱਛਾ ਤੇ ਕੀਤਾ ਜਾਂ ਨਹੀ ਕੀਤਾ ਜਾਣਾ ਚਾਹੀਦਾ ਹੈ। ਜੇਕਰ ਅਜਿਹਾ ਕਿਸੇ ਤੀਜੀ ਧਿਰ ਦੀ ਇੱਛਾ ਅਨੁਸਾਰ ਹੋਵੇ ਭਾਵ ਵਚਨਦਾਤਾ ਦੀ ਇੱਛਾ ਤੋ ਬਗੈਰ ਕੀਤਾ ਜਾ ਰਿਹਾ ਹੋਵੇ ਤਾਂ ਇਹ ਪ੍ਰਤਿਫਲ ਨਹੀ ਹੋਵੇਗਾ। ਵਚਨਦਾਤਾ ਦੀ ਇੱਛਾ ਸਪਸ਼ਟ ਜਾਂ ਗ੍ਰਭਿਤ ਕਿਸੇ ਵੀ ਰੂਪ ਵਿੱਚ ਹੋ ਸਕਦੀ ਹੈ। ਜੇਕਰ ਵਚਨ ਪ੍ਰਾਪਤ ਕਰਨ ਵਾਲੀ ਧਿਰ ਦੁਆਰਾ ਕੋਈ ਕਾਰਜ ਵਚਨ ਦਾਤਾ ਦੀ ਬੇਨਤੀ ਜਾਂ ਕਹਿਣ ਤੋਂ ਬਿਨਾਂ ਕੀਤਾ ਗਿਆ ਹੋਵੇ ਤਾਂ ਅਜਿਹਾ ਪ੍ਰਤਿਫਲ ਕਾਨੂੰਨ ਦੀ ਨਜ਼ਰ ਵਿੱਚ ਮੁਆਇਦੇ ਨੂੰ ਲਾਗੂ ਕਰਵਾਉਣ ਯੋਗ ਨਹੀ ਹੁੰਦਾ। ਪ੍ਰੰਤੂ ਇਹ ਜਰੂਰੀ ਨਹੀਂ ਕਿ ਵਚਨਦਾਤਾ ਨੂੰ ਅਜਿਹਾ ਕਰਨਾ ਲਾਭਦਾਇਕ ਹੋਵੇ ਭਾਵ ਲਾਭ ਕਿਸੇ ਹੋਰ ਨੂੰ ਪ੍ਰਾਪਤ ਕਰਵਾਇਆ ਜਾ ਸਕਦਾ ਹੈ।

**ਇਸ ਵਿਸ਼ੇ ਤੇ ਪ੍ਰਮੁੱਖ ਕੇਸ [Durga Prash Vs. Baldeo (1880)] ਦਾ ਹੈ।**

**DURGA PRASH VS. BALDEO (1880)**

**ਫੈਸਲਾ**

ਪ੍ਰਤਿਫਲ ਦਾਤਾ ਦੀ ਇੱਛਾ ਅਨੁਸਾਰ ਹੋਣਾ ਚਾਹੀਦਾ ਹੈ।

**ਕੇਸ ਦੇ ਤੱਥ**

A ਨੇ ਇੱਕ ਮਾਰਕੀਟ ਵਿੱਚ ਕੁਝ ਦੁਕਾਨਾਂ ਦੀ ਉਸਾਰੀ ਕਰਵਾਈ। B ਨੇ ਵੁਹਨਾਂ ਵਿੱਚੋਂ ਇੱਕ ਦੁਕਾਨ ਪ੍ਰਾਪਤ ਕੀਤੀ ਅਤੇ ਪ੍ਰਤਿਫਲ ਦੇ ਰੂਪ ਵਿੱਚ ਵਚਨ ਦਿੱਤਾ ਕਿ ਉਹ A ਨੂੰ ਵਿਕਰੀ ਦੇ ਆਧਾਰ ਤੇ ਕਮੀਸ਼ਨ ਦੇਵੇਗਾ। A ਦੁਆਰਾ ਮਾਰਕੀਟ ਦੀ ਉਸਾਰੀ ਤੇ ਖਰਚ B ਦੇ ਕਹਿਣ ਤੇ ਨਹੀ ਸਗੋਂ ਡਿਪਟੀ ਕਮਿਸ਼ਨਰ ਦੇ ਕਹਿਣ ਤੇ ਕਿਤਾ ਗਿਆ ਸੀ। A ਦੁਆਰਾ ਦਾਇਰ ਕੀਤੇ ਮੁਕੱਦਮੇ ਤੇ ਇਹ ਫੈਸਲਾ ਦਿੱਤਾ ਗਿਆ ਕਿ B ਦੁਆਰਾ ਕੀਤੇ ਗਏ ਕਮਿਸ਼ਨ ਦੇਣ ਦੇ ਵਚਨ ਬਦਲੇ ਉਸਨੂੰ ਕੋਈ ਪ੍ਰਤਿਫਲ ਨਹੀ ਮਿਲਿਆ। ਇਸ ਲਈ A ਅਤੇ B ਵਿਚਕਾਰ ਕਿਸੇ ਮੁਆਇਦੇ ਦੀ ਸਥਾਪਨਾ ਨਹੀ ਹੋਈ।

**2. ਵਚਨ ਪ੍ਰਾਪਤ ਕਰਨ ਵਾਲਾ ਜਾਂ ਪ੍ਰਸਤਾਵ ਕਰਤਾ ਜਾਂ ਕੋਈ ਹੋਰ ਵਿਅਕਤੀ** – ਪ੍ਰਤਿਫਲ ਦਾ ਵਚਨ ਪ੍ਰਾਪਤ ਕਰਨ ਵਾਲੇ ਵਿਅਕਤੀ ਦੁਆਰਾ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਦਿੱਤਾ ਜਾਣਾ ਜਰੂਰੀ ਹੁੰਦਾ ਹੈ। ਇੱਥੇ ਤੱਕ ਇੱਕ ਅਜਨਬੀ ਵੀ ਪ੍ਰਤਿਫਲ ਦਾ ਭੁਗਤਾਨ ਕਰ ਸਕਦਾ ਹੈ ਭਾਵ ਕਿਸੇ ਮੁਆਇਦੇ ਲਈ ਹਿੱਕ ਅਜਨਬੀ ਵੀ ਪ੍ਰਤਿਫਲ ਦੇ ਸਕਦਾ ਹੈ ਪ੍ਰੰਤੂ ਇਹ ਵਚਨ ਪ੍ਰਾਪਤ ਕਰਨ ਵਾਲੇ ਅਵਿਕਤੀ ਦੀ ਇੱਛਾ ਤੇ ਨਿਰਭਰ ਕਰਦਾ ਹੈ। ਭਾਰਤੀ ਕਾਨੂੰਨ ਅਤੇ ਇੰਗਲਿਸ਼ ਕਾਨੂੰਨ ਵਿੱਚ ਇਸ ਬਾਰੇ ਥੋੜਾ ਮੱਤਭੇਦ ਹੈ। ਇੰਗਲਿਸ਼ ਕਾਨੂੰਨ ਅਨੁਸਾਰ ਸਿਰਫ ਵਚਨ ਪ੍ਰਾਪਤ ਕਰਨ ਵਾਲਾ ਵਿਅਕਤੀ ਹੀ ਪ੍ਰਤਿਫਲ ਦਾ ਭੁਗਤਾਨ ਕਰ ਸਕਦਾ ਹੈ ਜਦੋਂ ਕਿ ਭਾਰਤੀ ਕਾਨੂੰਨ ਅਨੁਸਾਰ ਪ੍ਰਤਿਫਲ ਦਾ ਭੁਗਤਾਨ ਕਿਸੇ ਵੀ ਤੀਸਰੀ ਅਜਨਬੀ ਧਿਰ ਦੁਆਰਾ ਵਚਨ ਪ੍ਰਾਪਤ ਕਰਨ ਵਾਲੇ ਦੀ ਇੱਛਾ ਤੇ ਕੀਤਾ ਜਾ ਸਕਦਾ ਹੈ।

ਉਦਾਹਰਣ: A, B ਅਤੇ C ਇੱਕ ਸਮਝੌਤਾ ਕਰਦੇ ਹਨ ਕਿ A, B ਨੂੰ 10,000 ਰੁਪਏ ਭੁਗਤਾਨ ਕਰੇਗਾ ਅਤੇ B ਬਦਲੇ ਵਿੱਚ C ਲਈ ਮਕਾਨ ਬਣਾਕੇ ਦੇਵੇਗਾ। ਇੱਥੇ C ਮੁਆਇਦੇ ਦੀ ਇੱਕ ਧਿਰ ਤਾਂ ਹੈ ਪ੍ਰੰਤੂ ਪ੍ਰਤਿਫਲ ਲਈ ਅਜਨਬੀ ਹੀ ਹੈ ਫਿਰ ਵੀ ਉਹ ਮੁਆਇਦੇ ਨੂੰ ਲਾਗੂ ਕਰਵਾ ਸਕੇਗਾ।

**3. ਪ੍ਰਤਿਫਲ ਦਾ ਭੁਗਤਾਨ ਭੂਤਕਾਲ, ਵਰਤਮਾਨ ਜਾਂ ਭਵਿੱਖ ਵਿੱਚ ਕੀਤਾ ਜਾ ਸਕਦਾ ਹੈ** – ''ਕੀਤਾ ਹੈ ਜਾਂ ਕਰਨ ਤੋਂ ਸੰਜਮ ਕੀਤਾ ਹੈ ਕਰ ਰਿਹਾ ਹੈ ਜਾਂ ਕਰਨ ਤੋਂ ਸੰਜਮ ਕਰ ਰਿਹਾ ਹੈ ਅਤੇ ਜਾਂ ਕਰਗੇਾ ਜਾਂ ਕਰਨ ਤੋਂ ਸੰਜਮ ਕਰੇਗਾ

ਦਾ ਵਚਨ. ਦਿੰਦਾ ਹੈ'' ਇਹ ਸ਼ਬਦ ਇਹ ਸੰਕੇਤ ਦਿੰਦੇ ਹਨ ਕਿ ਪ੍ਰਤਿਫਲ ਦਾ ਤਬਾਦਲਾ ਭੂਤਕਾਲ ਵਰਤਮਾਨ ਜਾਂ ਭਵਿੱਖ ਕਿਸੇ ਵੀ ਸਮੇਂ ਹੋ ਸਕਦਾ ਹੈ।

**ਭੂਤਕਾਲ ਦਾ ਪ੍ਰਤਿਫਲ (Past consideration)**

ਜੇਕਰ ਵਰਤਮਾਨ ਸਮਝੌਤੇ ਦੇ ਬਦਲੇ ਵਿੱਚ ਸਮਝੌਤੇ ਦੀ ਮਿਤੀ ਤੋ ਪਹਿਲਾਂ ਪ੍ਰਤਿਫਲ ਦਾ ਤਬਾਦਲਾ ਜਾਂ ਭੁਗਤਾਨ ਹੋ ਚੁੱਕਾ ਹੋਵੇ ਤਾਂ ਇਸਨੂੰ ਭੂਤਕਾਲ ਪ੍ਰਤਿਫਲ ਕਹਿੰਦੇ ਹਾਂ। ਭੂਤਕਾਲ ਦਾ ਪ੍ਰਤਿਫਲ ਉਨਾ ਹੀ ਜਾਇਜ ਹੁੰਦਾ ਹੈ ਜਿੰਨਾ ਕਿ ਵਰਤਮਾਨ ਜਾਂ ਭਵਿੱਖ ਕਾਲ ਦਾ ਪ੍ਰਤਿਫਲ। ਜੇਕਰ ਭੂਤਕਾਲ ਦੇ ਪ੍ਰਤਿਫਲ ਦੇਰੂਪ ਵਿੱਚ ਮਜਦੂਰਾਂ ਨੇ ਦਿੱਤੇ ਕੰਮ ਤੋਂ ਵੱਧ ਕੰਮ ਕੀਤਾ ਹੋਵੇ ਤਾਂ ਮਾਲਕ ਦੁਆਰਾ ਇਸਦੇ ਬਦਲੇ ਬੋਨਸ ਦੇਣ ਦਾ ਵਚਨ ਕੀਤਾ ਹੋਵੇ ਤਾਂ ਇਹ ਇੱਕ ਸੁਯੋਗ ਪ੍ਰਤਿਫਲ ਹੋਵੇਗਾ ਜੋ ਕਿ ਪਹਿਲਾਂ ਕੀਤੇ ਗਏ ਕੰਮ ਦੇ ਬਦਲੇ ਵਿੱਚ ਦਿੱਤਾ ਜਾ ਰਿਹਾ ਹੈ।

ਉਦਾਹਰਣ: ਇੱਕ ਵਕੀਲ ਨੇ ਕਿਸੇ ਵੱਡੇ ਜਿਮੀਦਾਰ ਦੀ ਬੇਨਤੀ ਤੇ ਵਕਾਲਤ ਦਾ ਪੇਸ਼ਾ ਛੱਡ ਕੇ ਉਸ ਦੇ ਫਾਰਮ ਦੀ ਮੈਨੇਜਰੀ ਸਵੀਕਾਰ ਕਰ ਲਈ ਜਿਸ ਦੇ ਬਦਲੇ ਜਿਮੀਦਾਰ ਨੇ ਉਸਨੂੰ ਪੈਂਨਸ਼ਨ ਦੇਣ ਦਾ ਵਆਦਾ ਕੀਤਾ। ਇਸ ਕੇਸ ਦਾ ਇਹ ਫੈਸਲਾ ਹੋਇਆ ਕਿ ਇੱਕ ਬਹੁਤ ਹੀ ਵਧੀਆ ਕਿਸਮ ਦਾ ਪ੍ਰਤਿਫਲ ਸੀ।

**ਵਰਤਮਾਨ ਪ੍ਰਤਿਫਲ** (Present Consideration) – ਜਦੋਂ ਪ੍ਰਤਿਫਲ ਦਾ ਤਬਾਦਲਾ ਜਾਂ ਭੁਗਤਾਨ ਵਚਨ ਦੇਣ ਦੇ ਸਮੇਂ ਕੀਤਾ ਜਾਂਦਾ ਹੈ ਤਾਂ ਇਸਨੂੰ ਵਰਤਮਾਨ ਪ੍ਰਤਿਫਲ ਕਹਿੰਦੇ ਹਾਂ। ਵਰਤਮਾਨ ਪ੍ਰਤਿਫਲ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਨਾਲ ਸਬੰਧਿਤ ਹੁੰਦਾ ਹੈ। ਕਰਜਾ ਦੇਣ ਸਮੇ ਕਰਜਾ ਲੈਣ ਵਾਲੇ ਨੂੰ ਵਿਆਜ ਦੇ ਬਦਲੇ ਕਰਜੇ ਦਾ ਸਮਾਂ ਨਿਰਧਾਰਤ ਕਰਨਾ ਇੱਕ ਵਧੀਆ ਪ੍ਰਤਿਫਲ ਹੈ। ਵਸਤਾਂ ਦੀ ਵਿਕਰੀ ਦੇ ਸਮੇਂ ਭੁਗਤਾਨ ਦਾ ਲੈ ਲੈਣਾ ਜਾਂ ਭੁਗਤਾਨ ਕਰਨ ਦਾ ਵਾਅਦਾ ਲੈਣਾ ਵਰਤਮਾਨ ਪ੍ਰਤਿਫਲ ਦੀਆਂ ਵਧੀਆਂ ਉਦਾਹਰਣਾਂ ਵਿੱਚੋਂ ਹੈ।

**ਭਵਿੱਖ ਦਾ ਪ੍ਰਤਿਫਲ** (Future Consideration) – ਜਦੋਂ ਕਿਸੇ ਵਰਤਮਾਨ ਵਚਨ ਦੇ ਬਦਲੇ ਵਿੱਚ ਭਵਿੱਖ ਵਿੱਚ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਜਾਂ ਕੁਝ ਪ੍ਰਾਪਤ ਕਰਨ ਦਾ ਵਚਨ ਕੀਤਾ ਜਾਂਦਾ ਹੈ ਤਾਂ ਇਸਨੂੰ ਭਾਵੀ ਜਾਂ ਭਵਿੱਖ ਦਾ ਪ੍ਰਤਿਫਲ ਕਹਿੰਦੇ ਹਾਂ। ਇਸਨੂੰ ਵਚਨ ਦੇ ਬਦਲੇ ਪ੍ਰਾਪਤ ਕੀਤਾ ਵਚਨ ਵੀ ਕਹਿ ਸਕਦੇ ਹਾਂ। ਆਪਸ ਵਿੱਚ ਵਿਆਹ ਕਰਵਾਉਣ ਦਾ ਵਚਨ, ਕਿਸੇ ਨਿਰਧਾਰਤ ਰਕਮ ਦੇ ਬਦਲੇ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਸਬੰਧੀ ਵਚਨ ਦੇਣ ਦੀਆਂ ਉਦਾਹਰਣਾਂ ਇਸ ਸਬੰਧ ਵਿੱਚ ਦਿੱਤੀਆਂ ਜਾਣ ਯੋਗ ਹਨ।

ਉਦਾਹਰਣ: A ਨੇ B ਨੂੰ ਇਹ ਵਚਨ ਦਿੱਤਾ ਕਿ ਉਹ X ਜਹਾਜ ਦੇ ਪਹੁੰਚਚਣ ਤੇ ਉਸਨੂੰ ਵਸਤਾਂ ਦੀ ਸਪੁਰਦਗੀ ਦੇਵਾਂਗਾ C ਤੇ B ਉਸ ਨਾਲ ਇਹ ਵਾਅਦਾ ਕਰਦਾ ਹੈ ਕਿ ਵਸਤਾਂ ਪ੍ਰਾਪਤ ਕਰਨ ਤੋ ਬਾਅਦ ਉਹ A ਨੂੰ 5000 ਰੁਪਏ ਦਾ ਭੁਗਤਾਨ ਕਰੇਗਾ। ਇਹ ਭਵਿੱਖ ਦੇ ਪ੍ਰਤਿਫਲ ਦੀ ਵਧੀਆ ਉਦਾਹਰਣ ਹੈ ਕਿਉਂਕਿ ਦੋਹਾਂ ਦੇ ਵਚਨਾਂ ਨੂੰ ਜਹਾਜ ਦੇ ਪਹੁੰਚਣ ਤੋਂ ਬਾਅਦ ਹੀ ਪੂਰਾ ਕੀਤਾ ਜਾ ਸਕੇਗਾ।

4. **ਕੁਝ ਵੀ ਪ੍ਰਤਿਫਲ ਦਾ ਕਾਫੀ ਹੋਣਾ** – ਵਚਨ ਅਧੀਨ ਪ੍ਰਤਿਫਲ ਦਾ ਕਾਫੀ ਹੋਣਾ (ਪੂਰਾ ਹੋਣਾ) ਜਰੂਰੀ ਨਹੀ। ਇਹ ਤਾਂ ਮੁਆਇਦਾ ਕਰਨ ਵਾਲੀਆਂ ਧਿਰਾਂ ਦੀ ਇੱਛਾ ਤੇ ਨਿਰਭਰ ਕਰਦਾ ਹੈ ਕਿ ਪ੍ਰਤਿਫਲ ਕਿੰਨਾ ਹੋਵੇ ਬਾਅਦ ਵਿੱਚ ਪ੍ਰਤਿਫਲ ਦੇ ਘੱਟ ਹੋਣ ਦੇ ਆਧਾਰ ਦੇ ਜਾਂ ਕਾਫੀ ਨਾ ਹੋਣ ਦੇ ਅਧਾਰ ਤੇ ਮੁਆਇਦਾ ਤੋੜਿਆ ਨਹੀ ਜਾ ਸਕਦਾ। ਜੇਕਰ ਪ੍ਰਤਿਫਲ ਦਾ ਨਿਰਧਾਰਣ ਕਪਟ ਜਾਂ ਛੱਲ ਜਾਂ ਧੋਖੇ ਨਾਲ ਕੀਤਾ ਗਿਆ ਹੋਵੇ ਅਤੇ ਇਹ ਕਾਫੀ ਨਾ ਹੋਵੇ ਤਾਂ ਮੁਆਇਦਾ ਪੂਰਾ ਨਹੀ ਹੋ ਸਕੇਗਾ। ਅਦਾਲਤਾਂ ਇਸ ਮਾਮਲੇ ਵਿੱਚ ਦਖਲ ਅੰਦਾਜੀ ਨਹੀ ਕਰਦੀਆਂ ਕਿ ਨਿਰਧਾਰਿਤ ਪ੍ਰਤਿਫਲ ਵਚਨ ਦੇ ਬਦਲੇ ਕਾਫੀ ਹੈ ਜਾਂ ਨਹੀ ਜੇਕਰ ਧਿਰਾਂ ਪੂਰਣ ਆਜਾਦੀ ਨਾਲ ਸਹਿਮਤ ਹੋਈਆਂ ਤਾਂ ਬਾਅਦ ਵਿੱਚ ਪ੍ਰਤਿਫਲ ਦੇ ਕਾਫੀ ਨਾ ਹੋਣ ਦੇ ਆਧਾਰ ਤੇ ਕੋਈ ਵੀ ਧਿਰ ਮੁਆਇਦੇ ਦੇ ਪੂਰਾ ਕਰਨ ਤੋਂ ਪਿੱਛੇ ਨਹੀ ਹੱਟ ਸਕਦੀ। ਜੇਕਰ ਪ੍ਰਤਿਫਲ ਬਹੁਤ ਹੀ ਘੱਟ ਹੋਵੇ ਅਤੇ ਇਹ ਦੋਸ਼ ਸਾਬਤ ਹੋ ਜਾਵੇ ਕਿ ਪ੍ਰਤਿਫਲ ਦਾ ਨਿਰਧਾਰਣ ਧਿਰਾਂ ਦੀ ਪੂਰਣ ਆਜਾਦ ਸਹਿਮਤੀ ਉੱਤੇ ਨਹੀ ਸੀ ਤਾਂ ਹੀ ਅਦਾਲਤ ਦਖਲ ਅੰਦਾਜੀ ਕਰਦੀ ਹੈ।

5. **ਪ੍ਰਤਿਫਲ ਅਸਲ ਹੋਣਾ ਚਾਹੀਦਾ ਹੈ** – ਭਾਵੇਂ ਪ੍ਰਤਿਫਲ ਦਾ ਕਾਫੀ ਜਾਂ ਪੂਰਾ ਪੂਰਾ ਹੋਣਾ ਜਰੂਰੀ ਨਹੀ ਪ੍ਰੰਤੂ ਇਹ ਅਸਲ ਜਰੂਰ ਹੋਣਾ ਚਾਹੀਦਾ ਹੈ ਨਾ ਕਿ ਕਲਪਨਿਕ। ਕੋਈ ਵੀ ਅਜਿਹੇ ਕੰਮ ਨੂੰ ਕਰਨ ਦਾ ਵਾਅਦਾ ਕਰਨਾ ਜਿਸ ਨੂੰ ਉਹ ਵਿਅਕਤੀ ਕਾਨੂੰਨੀ ਤੌਰ ਤੇ ਕਰਨ ਲਈ ਪਾਬੰਦ ਹੋਵੇ, ਨੂੰ ਕਰਨ ਦੇ ਬਦਲੇ ਪ੍ਰਤਿਫਲ ਦੀ ਜਰੂਰਤ ਨਹੀ ਹੁੰਦੀ ਅਜਿਹੇ

ਦਿੱਤੇ ਜਾਣ ਵਾਲੇ ਪ੍ਰਤਿਫਲ ਨੂੰ ਅਸਲ ਪ੍ਰਤਿਫਲ ਨਹੀ ਕਹਿ ਸਕਦੇ। ਇਸ ਤੋਂ ਇਲਾਵਾ ਪ੍ਰਤਿਫਲ ਦਾ ਯੋਗ (Competent) ਹੋਣਾ ਵੀ ਜਰੂਰੀ ਹੈ।ਜੇਕਰ ਪ੍ਰਤਿਫਲ ਸਰੀਰਕ ਪੱਖੋਂ ਅਸੰਭਵ ਹੋਵੇ, ਸਥਾਈ ਨਾ ਹੋਵੇ ਜਾਂ ਕਾਨੂੰਨੀ ਰੂਪ ਵਿੱਚ ਕਰਨਾ ਅਸੰਭਵ ਹੋਵੇ ਤਾਂ ਉਹ ਮੁਆਇਦੇ ਨੂੰ ਲਾਗੂ ਨਹੀ ਕਰਵਾ ਸਕੇਗਾ। ਉਦਾਹਰਣ ਦੇ ਲਈ ਕੋਈ ਵਿਅਕਤੀ ਦੋ ਸਮਾਨਅੰਤਰ ਰੇਖਾਵਾਂ ਨੂੰ ਮਿਲਾ ਦੇਣ ਦਾ ਵਚਨ ਦੇਵੇ ਤਾਂ ਇਸਨੂੰ ਅੱਛਾ ਪ੍ਰਤਿਫਲ ਨਹੀ ਮੰਨਿਆ ਜਾਂਦਾ। ਸੰਖੇਪ ਵਿੱਚ ਪ੍ਰਤਿਫਲ ਦਾ ਅਸਲ ਹੋਣਾ ਜਰੂਰੀ ਹੁੰਦਾ ਹੈ।

ਉਦਾਹਰਣ: A ਨੇ B ਤੋ 1000 ਰੁਪਏ 6% ਸਾਲਾਨਾ ਵਿਆਜ ਦੀ ਦਰ ਤੇ ਮੰਗਣ ਤੇ ਮੋੜ ਦੇਣ ਦੀ ਸ਼ਰਤ ਤੇ ਉਧਾਰ ਲਏ। B ਨੇ ਰਕਮ ਦੀ ਮੰਗ ਕੀਤੀ ਪ੍ਰੰਤੂ A ਰਕਮ ਨਾ ਦੇ ਸਕਿਆ ਅਤੇ B ਉਸ ਉੱਤੇ ਮੁਕੱਦਮਾ ਕਰਨ ਹੀ ਵਾਲਾ ਸੀ ਕਿ A ਨੇ ਵਿਆਜ ਕਰਜੇ ਤੇ 9% ਸਲਾਨਾ ਵਿਆਜ ਦੇਣ ਲਈ ਸਹਿਮਤੀ ਦੇ ਦਿੱਤੀ। A ਦੇ 9% ਸਾਲਾਨਾ ਵਿਆਜ ਨਾ ਦੇਣ ਤੇ B ਨੇ ਉਸ ਉੱਤੇ ਮੁਕੱਦਮਾ ਕਰ ਦਿੱਤਾ ਅਤੇ ਕੋਰਟ ਤੋਂ ਡਿਗਰੀ ਹਾਸਲ ਕਰ ਲਈ ਕਿਉਂਕਿ ਇਥੇ ਪ੍ਰਤਿਫਲ ਅਸਲੀ ਸੀ।

6. **ਪ੍ਰਤਿਫਲ ਕਾਨੂੰਨੀ ਹੋਣਾ ਚਾਹੀਦਾ ਹੈ** – ਇੱਕ ਜਾਇਜ ਸਮਝੌਤੇ ਲਈ ਜਰੂਰੀ ਹੈ ਕਿ ਪ੍ਰਤਿਫਲ ਕਾਨੂੰਨੀ ਹੋਵੇ। ਗੈਰ ਕਾਨੂੰਨੀ ਪ੍ਰਤਿਫਲ ਤੇ ਅਧਾਰਤ ਸਮਝੌਤੇ ਵਿਅਰਥ ਹੁੰਦੇ ਹਨ ਕਿਸੇ ਸਮਝੌਤੇ ਅਧੀਨ ਪ੍ਰਤਿਫਲ ਗੈਰ ਕਾਨੂੰਨੀ ਹੇਠ ਲਿਖੀਆਂ ਹਾਲਤਾਂ ਵਿੱਚ ਹੋ ਸਕਦਾ ਹੈ:

(a) ਉਸ ਉੱਤੇ ਕਾਨੂੰਨ ਦੁਆਰਾ ਰੋਕ ਲੱਗੀ ਹੋਵੇ ; ਜਾਂ

(b) ਪ੍ਰਤਿਫਲ ਦੇਣ ਨਾਲ ਰਾਜ ਦੇ ਨਿਯਮਾਂ ਦੀ ਉਲੰਘਣਾ ਹੁੰਦੀ ਹੋਵੇ ; ਜਾਂ

(c) ਪ੍ਰਤਿਫਲ ਕਪਟ ਜਾਂ ਧੋਖੇ ਨਾਲ ਨਿਰਧਾਰਤ ਕੀਤਾ ਗਿਆ ਹੋਵੇ ; ਜਾਂ

(d) ਪ੍ਰਤਿਫਲ ਨਾਲ ਕਿਸੇ ਦੂਜੇ ਵਿਅਕਤੀ ਦਾ ਸਰੀਰਕ ਜਾਂ ਉਸਦੀ ਜਾਇਦਾਦ ਦਾ ਨੁਕਸਾਨ ਹੁੰਦਾ ਹੋਵੇ ; ਜਾਂ

(e) ਅਦਾਲਤ ਦੀ ਰਾਏ ਅਨੁਸਾਰ ਜਦੋਂ ਪ੍ਰਤਿਫਲ ਅਨੈਤਿਕ ਜਾਂ ਲੋਕ ਨੀਤੀ ਦੇ ਵਿਰੁੱਧ ਹੋਵੇ।

ਉਦਾਹਰਣ: A ਨੇ B ਨੂੰ ਸਰਕਾਰੀ ਨੌਕਰੀ ਦਿਵਾਉਣ ਦਾ ਵਚਨ ਦਿੱਤਾ ਅਤੇ B ਨੇ A ਨੂੰ 3000 ਰੁਪਏ ਦੇਣ ਦਾ ਵਚਨ ਦਿੱਤਾ। ਇਸ ਕੇਸ ਵਿੱਚ A ਅਤੇ B ਵਿਚਕਾਰ ਹੋਇਆ ਸਮਝੌਤਾ ਵਿਅਰਥ ਹੋਵੇਗਾ ਕਿਉਂਕਿ ਪ੍ਰਤਿਫਲ ਗੈਰ ਕਾਨੂੰਨੀ ਹੈ। A ਨੇ ੳ ਦੇ ਬੱਚੇ ਦਾ ਪਾਲਣ ਪੋਸ਼ਣ ਕਰਨ ਦੀ ਸਹਿਮਤੀ ਉਸਨੂੰ ੳ ਦੁਆਰਾ ਅਦਾ ਕਰਨ ਦੀ ਸਹਿਮਤੀ ਦੇ ਦਿੱਤੀ ਇੱਥੇ ਦੋਹਾਂ ਧਿਰਾਂ ਦੁਆਰਾ ਵਚਨ ਇੱਕ ਦੂਜੀ ਧਿਰ ਲਈ ਕਾਨੂੰਨੀ ਪ੍ਰਤਿਫਲ ਹਨ।

### 1.3.3 ਪ੍ਰਤਿਫਲ ਦੇ ਲਈ ਅਜਨਬੀ ਅਤੇ ਮੁਆਇਦੇ ਲਈ ਅਜਨਬੀ (Stranger to Consideration and Stranger to Contract)

**Stranger to Contract**

ਕਿਸੇ ਵੀ ਮੁਆਇਦੇ ਦੇ ਸਬੰਧ ਵਿੱਚ ਮੁਆਇਦੇ ਦੀਆਂ ਧਿਰਾਂ ਤੋਂ ਇਲਾਵਾ ਕੋਈ ਵੀ ਧਿਰ ਮੁਕੱਦਮਾ ਨਹੀ ਕਰ ਸਕਦੀ ਅਤੇ ਨਾ ਹੀ ਉਸ ਉੱਤੇ ਮੁਕੱਦਮਾ ਕੀਤਾ ਜਾ ਸਕਦਾ ਹੈ। ਕਿਸੇ ਵੀ ਮਆਇਦੇ ਦੇ ਲਈ ਅਜਨਬੀ ਧਿਰ ਮੁਆਇਦੇ ਨੂੰ ਲਾਗੂ ਕਰਵਾਉਣ ਦੀ ਹੱਕਦਾਰ ਨਹੀ ਹੁੰਦੀ ਅਤੇ ਉਸਦੀ ਮਰਜੀ ਤੋ ਬਿਨਾਂ ਮੁਆਇਦੇ ਸਬੰਧੀ ਉਸਦੀ ਜਿੰਮੇਵਾਰੀ ਨਹੀ ਹੁੰਦੀ। ਉਦਾਹਰਣ ਦੇ ਲਈ ਇੱਕ ਵਿਅਕਤੀ A ਨੇ ਆਪਣੀ ਪਤਨੀ ਦੇ ਲਾਭ ਲਈ ਆਪਣਾ ਜੀਵਨ ਬੀਮਾਂ ਕਰਵਾ ਲਿਆ। ਇਸ ਬੀਮਾਂ ਪਾਲਿਸੀ ਦੇ ਮੁਅਇਦੇ ਦੀਆਂ ਧਿਰਾਂ A ਅਤੇ ਬੀਮਾਂ ਕੰਪਨੀ ਹਨ ਜਦੋਂ ਕਿ A ਦੀ ਪਤਨੀ ਅਜਨਬੀ ਹੈ ਭਾਵੇਂ ਉਸਨੂੰ ਉਦਸੇ ਪਤੀ ਦੀ ਜੀਵਨ ਬੀਮਾਂ ਪਾਲਿਸੀ ਤੋਂ ਲਾਭ ਹੋ ਸਕੇਗਾ। ਇਸ ਲਈ A ਦੀ ਪਤਨੀ ਬੀਮੇ ਦੇ ਮੁਆਇਦੇ ਨੂੰ ਲਾਗੂ ਕਰਵਾਉਣ ਲਈ ਮੁਕੱਦਮਾ ਨਹੀ ਕਰ ਸਕਦੀ। ਭਾਰਤੀ ਕਾਨੂੰਨ ਅਤੇ ਇੰਗਲਿਸ਼ ਕਾਨੂੰਨ ਦੋਵੇਂ ਹੀ ਇਸ ਬਾਰੇ ਇੱਕ ਮੱਤ ਹਨ। ਕਿਸੇ ਵੀ ਮੁਆਇਦੇ ਦੀਆਂ ਧਿਰਾਂ ਦੀ ਉਦੋਂ ਤੱਕ ਕੋਈ ਕਾਨੂੰਨੀ ਪੈਰਵਾਈ ਨਹੀ ਕਰ ਸਕਦੀਆਂ ਜਦੋਂ ਤੱਕ ਦੋਹਾਂ ਧਿਰਾਂ ਵਿਚਕਾਰ ਨਿਆਂਸੰਗਤ ਸਬੰਧ (Privity) ਪੈਦਾ ਨਹੀ ਹੋ ਜਾਂਦੇ। ਇਸਦਾ ਅਰਥ ਹੈ ਕਿ ਮੁਆਇਦੇ ਦੀਆਂ ਧਿਰਾਂ ਦੇ ਵਿਚਕਾਰ ਪੈਦਾ ਹੋਏ ਸੰਬੰਧ ਕੇਵਲ ਸਮਝੌਤੇ ਨੂੰ ਲਾਗੂ ਕਰਵਾਉਣ ਲਈ ਜਾਂ ਇੱਕ-ਦੂਜੇ ਨੂੰ ਪਾਬੰਦ ਕਰਨ ਯੋਗ ਹੋ ਸਕਦੇ ਹਨ।

**Stranger to Consideration**

ਇੰਗਲਿਸ਼ ਕਾਨੂੰਨ ਅਨੁਸਾਰ ਪ੍ਰਤਿਫਲ ਕੇਵਲ ਵਚਨ ਪ੍ਰਾਪਤ ਕਰਨ ਵਾਲੇ ਦਆਰਾ ਹੀ ਦਿੱਤਾ ਜਾਣਾ ਚਾਹੀਦਾ ਹੈ ਭਾਵ ਕੋਈ ਤੀਜੀ ਧਿਰ ਪ੍ਰਤਿਫਲ ਨਹੀ ਹੋ ਸਕਦੀ ਅਤੇ ਨਾ ਹੀ ਕੋਈ ਤੀਜੀ ਅਜਨਬੀ ਧਿਰ ਇਸਨੂੰ ਲਾਗੂ ਕਰਵਾਉਣ ਯੋਗ ਨਹੀ ਹੋ ਸਕਦੀ। ਭਾਰਤੀ ਕਾਨੂੰਨ ਪ੍ਰਣਾਲੀ ਇੰਗਲਿਸ਼ ਕਾਨੂੰਨ ਤੋਂ ਵੱਖ ਮੱਤ ਰੱਖਦੀ ਹੈ ਭਾਰਤੀ ਕਾਨੂੰਨ ਅਨੁਸਾਰ ਪ੍ਰਤਿਫਲ ਵਚਨ ਪ੍ਰਾਪਤ ਕਰਨ ਵਾਲੀ ਧਿਰ ਜਾਂ ਕਿਸੇ ਵੀ ਤੀਜੀ ਅਜਨਬੀ ਧਿਰ ਦੁਆਰਾ ਦਿੱਤਾ ਜਾ ਸਕਦਾ ਹੈ Dutoon Vs. Poole ਦੇ ਕੇਸ ਵਿੱਚ ਇੰਗਲਿਸ਼ ਅਦਾਲਤ ਨੇ ਪ੍ਰਤਿਫਲ ਦੇ ਸਬੰਧ ਵਿੱਚ ਜੋ ਨਿਯਮ ਨਿਰਧਾਰਿਤ ਕੀਤਾ। ਉਸਨੂੰ ਭਾਰਤੀ ਕਾਨੂੰਨ ਨੇ ਮਾਨਤਾ ਦਿੱਤੀ ਹੈ। ਇਸ ਕੇਸ ਵਿੱਚ ਇੱਕ ਲੜਕੀ ਦੇ ਪਿਤਾ ਨੇ ਆਪਣੀ ਅਸਟੇਟ ਵਿੱਚੋਂ ਲੱਕੜ ਕਟਵਾ ਕੇ ਉਸਦੇ ਵਿਆਹ ਦੇ ਖਰਚ ਵਿੱਚ ਆਪਣਾ ਹਿੱਸਾ ਦੇਣ ਦਾ ਫੈਸਲਾ ਕੀਤਾ। ਲੜਕੀ ਦੇ ਭਰਾ ਨੇ ਇਹ ਵਚਨ ਦਿੱਤਾ ਕਿ ਜੇਕਰ ਉਸਦੇ ਪਿਤਾ ਲੱਕੜ ਦੀ ਕਟਵਾਈ ਕਰਵਾ ਕੇ ਵੇਚ ਨਾ ਸਕੇ ਤਾਂ ਉਹ ਲੱਕੜ ਦੇ ਮੁੱਲ ਦੀ ਰਾਸ਼ੀ ਦੇ ਬਰਾਬਰ ਰਕਮ ਆਪਣੀ ਭੈਣ ਨੂੰ ਦੇਵੇਗਾ। ਪਿਤਾ ਇਸ ਬਾਰੇ ਸਹਿਮਤ ਹੋ ਗਿਆ ਪ੍ਰੰਤੂ ਬਾਅਦ ਵਿੱਚ ਉਹ ਮੁੱਕਰ ਗਿਆ। ਨਤੀਜੇ ਵੱਜੋਂ ਉਦੀ ਭੈਣ ਨੇ ਉਸ ਉੱਤੇ ਮੁਕੱਦਮਾ ਕਰ ਦਿੱਤਾ। ਅਦਾਲਤ ਨੇ ਇਹ ਫੈਸਲਾ ਦਿੱਤਾ ਕਿ ਲੜਕੀ ਆਪਣੇ ਭਰਾ ਤੋ ਰਕਮ ਪ੍ਰਾਪਤ ਕਰਨ ਦੀ ਹੱਕਦਾਰ ਹੈ ਬੇਸ਼ੱਕ ਉਹ ਪਿਤਾ ਅਤੇ ਪੁੱਤਰ ਵਿਚਕਾਰ ਹੋਏ ਸਮਝੌਤੇ ਦੀ ਧਿਰ ਨਹੀ ਸੀ।

ਇੰਗਲੈਂਡ ਵਿੱਚ Dution Vs. Poole ਦੇ ਕੇਸ ਵਿੱਚ ਦਿੱਤਾ ਫੈਸਲਾ ਕੋਈ ਬਹੁਤ ਵਧੀਆ ਨਿਯਮ ਨਹੀ ਹੈ ਅਤੇ ਇਹ Tweddbe Vs. Atkinson ਦੇ ਕੇਸ ਵਿੱਚ ਦਿੱਤੇ ਗਏ ਫੈਸਲੇ ਦੇ ਉਲਟ (Over ruling) ਹੈ।

ਇਸ ਕੇਸ ਵਿੱਚ ਪਤੀ ਅਤੇ ਪਤਨੀ ਦੋਹਾਂ ਦੇ ਪਿਤਾ ਦੇ ਵਿਚਕਾਰ ਇੱਕ ਮੁਆਇਦਾ ਹੋਇਆ ਕਿ ਦੋਵੇ ਹੀ ਪਤੀ ਨੂੰ ਇੱਕ ਨਿਸ਼ਚਿਤ ਰਾਸ਼ੀ ਦਾ ਭੁਗਤਾਨ ਕਰਨਗੇ। ਪਤਨੀ ਦੇ ਪਿਤਾ ਦੁਆਰਾ ਆਪਣੇ ਹਿੱਸੇ ਦਾ ਭੁਗਤਾਨ ਕਰਨ ਤੋਂ ਅਸਮਰਥ ਹੋਣ ਤੇ ਪਤੀ ਨੇ ਉਸ ਉੱਤੇ ਮੁਕੱਦਮਾ ਕਰਨਾ ਚਾਹਿਆ ਪਰੰਤੂ ਇਹ ਫੈਸਲਾ ਹੋਇਆ ਕਿ ਪ੍ਰਤਿਫਲ ਦੇ ਲਈ ਅਜਨਬੀ ਵਿਅਕਤੀ ਮੁਆਇਦੇ ਦਾ ਲਾਭ ਪ੍ਰਾਪਤ ਨਹੀ ਕਰ ਸਕਦਾ ਬੇਸ਼ੱਕ ਮੁਆਇਦਾ ਉਸਦੇ ਲਾਭ ਲਈ ਕੀਤਾ ਗਿਆ ਹੋਵੇ।

ਇਸ ਲਈ ਇੰਗਲਿਸ਼ ਕਾਨੂੰਨ ਅਨੁਸਾਰ ਪ੍ਰਤਿਫਲ ਕੇਵਲ ਵਚਨ ਪ੍ਰਾਪਤ ਕਰਨ ਵਾਲੇ ਦੁਆਰਾ ਹੀ ਦਿੱਤਾ ਜਾਣਾ ਚਾਹੀਦਾ ਹੈ ਜਦੋਂ ਕਿ ਭਾਰਤੀ ਕਾਨੂੰਨ ਦੇ ਅਧੀਨ ਪ੍ਰਤਿਫਲ ਜਾਂ ਵਚਨ ਪ੍ਰਾਪਤ ਕਰਨ ਵਾਲੇ ਵਿਅਕਤੀ ਜਾਂ ਕਿਸੇ ਵੀ ਹੋਰ ਵਿਅਕਤੀ ਰਾਹੀਂ ਕੀਤਾ ਜਾ ਸਕਦਾ ਹੈ।

**1.3.4 ਮੁਆਇਦੇ ਦੇ ਲਈ ਅਜਨਬੀ ਵਿਅਕਤੀ ਮੁਕੱਦਮਾ ਨਹੀ ਕਰ ਸਕਦਾ: ਛੋਟਾਂ: (A Stranger to Contract can not sue: Exceptions)**

1) ਟਰੱਸਟ ਦੇ ਕੇਸ ਵਿੱਚ ਟਰੱਸਟ ਦਾ ਨਿਰਮਾਤਾ ਜੇਕਰ ਲਾਭ ਪ੍ਰਾਪਤ ਕਰਨ ਵਾਲੀ ਧਿਰ ਹੋਵੇ ਤਾਂ ਉਹ ਮੁਆਇਦੇ ਨੂੰ ਲਾਗੂ ਕਰਵਾ ਸਕਦਾ ਹੈ ਬੇਸ਼ੱਕ ਉਹ ਮੁਆਇਦੇ ਲਈ ਉਹ ਅਜਨਬੀ ਹੀ ਕਿਉਂ ਨਾ ਹੋਵੇ। ਜੇਕਰ ਕਿਸੇ ਮੁਆਇਦੇ ਦੇ ਅਧੀਨ ਟਰੱਸਟ ਦੀ ਕੋਈ ਦੇਣਦਾਰੀ ਬਣਦੀ ਹੋਵੇ ਅਤੇ ਜਿਸ ਨਾਲ ਟਰੱਸਟੀ ਨੂੰ ਲਾਭ ਪ੍ਰਾਪਤ ਹੋਣਾ ਹੋਵੇ ਤਾਂ ਅਜਿਹੀ ਹਾਲਤ ਵਿੱਚ ਉਸਨੂੰ ਮੁਆਇਦਾ ਲਾਗੂ ਕਰਵਾਉਣ ਦਾ ਅਤੇ ਇਸ ਸਬੰਧੀ ਕੇਸ ਦਾਇਰ ਕਰਨ ਦਾ ਅਧਿਕਾਰ ਹੋਵੇਗਾ।

   ਉਦਾਹਰਣ: X ਨੇ Y ਨੂੰ ਬੀਮਾਂ ਸਹਿਤ ਡਾਕ (Insured Post) ਰਾਹੀਂ ਇੱਕ ਪਾਰਸਲ ਭੇਜਿਆ। ਪਾਰਸਲ ਗਲਤੀ ਨਾਲ ਕਿਸੇ ਹੋਰ ਥਾਂ ਪਹੁੰਚ ਗਿਆ ਪ੍ਰੰਤੂ Y ਨੂੰ ਨਹੀ ਮਿਲ ਸਕਿਆ। Y ਨੇ X ਉੱਤੇ ਪਾਰਸਲ ਦੀ ਸਪੁਰਦਗੀ ਨਾ ਦੇਣ ਸਬੰਧੀ ਕੇਸ ਕਰ ਦਿੱਤਾ। ਫੈਸਲਾ ਇਹ ਹੋਇਆ ਕਿ Y ਨੂੰ ਟਰੱਸਟੀ ਦੇ ਤੌਰ ਤੇ ਹਾਨੀ ਪੂਰਤੀ ਕਰਵਾਉਣ ਦਾ ਅਧਿਕਾਰ ਹੈ ਕਿਉਂਕਿ ਉਹ ਪਾਰਸਲ ਲਈ ਟਰੱਸਟੀ ਹੈ।

2) ਜਦੋਂ ਵਿਆਹ ਸਬੰਧੀ ਸਮਝੌਤੇ ਦੀਆਂ ਸ਼ਰਤਾਂ ਅਧੀਨ ਕਿਸੇ ਤੀਜੀ ਧਿਰ ਨੂੰ ਲਾਭ ਪ੍ਰਾਪਤ ਹੋਣ ਵਾਲਾ ਹੋਵੇ ਤਾਂ ਅਜਿਹਾ ਵਿਅਕਤੀ ਅਜਿਹੇ ਸਮਝੌਤੇ ਵਿੱਚ ਤੀਜੀ ਧਿਰ ਜਾਂ ਅਜਨਬੀ ਹੋਣ ਦੇ ਬਾਵਜੂਦ ਸਮਝੌਤੇ ਅਨੁਸਾਰ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਹੁੰਦਾ ਹੈ। Khwaja Mohd. Vs. Hussaini Begum ਦੇ ਕੇਸ ਅਨੁਸਾਰ ਕੋਈ ਵੀ ਤੀਜੀ ਧਿਰ ਜਿਸਨੂੰ ਦੋ ਧਿਰਾਂ ਦੇ ਸਮਝੌਤੇ ਅਧੀਨ ਲਾਭ ਪ੍ਰਾਪਤ ਹੋਣ ਵਾਲਾ ਹੋਵੇ ਆਪਣੇ ਲਾਭ ਦੀ ਵਸਲ ਦਾ ਹੱਕਦਾਰ ਹੁੰਦਾ ਹੈ।

3) ਪਰਿਵਾਰਕ ਜਾਇਦਾਦ ਦੀ ਵੰਡ ਨਿਰਧਾਰਤ ਕਰਨ ਵੇਲੇ ਪਰਿਵਾਰ ਦੇ ਜੀਆਂ ਦੇ ਪਾਲਣ ਪੋਸ਼ਣ ਦਾ ਖਰਚ ਦਾ ਇੰਤਜਾਮ, ਲੜਕੀਆਂ ਦੇ ਵਿਆਹ ਲਈ ਖਰਚ ਦਾ ਪ੍ਰਬੰਧ ਆਦਿ ਮੁਦਿਆਂ ਨਾਲ ਸਬੰਧਿਤ ਧਿਰਾਂ ਬੇਸ਼ੱਕ ਬਟਵਾਰੇ ਦੇ ਸਮਝੌਤੇ ਦੀਆਂ ਧਿਰਾਂ ਨਾ ਵੀ ਹੋਣ ਪਰੰਤੂ ਅਸਿੱਧੇ ਰੂਪ ਵਿੱਚ ਲਾਭ ਦੇ ਹੱਕਦਾਰ ਹੋਣ ਦੀ ਹਾਲਤ ਵਿੱਚ ਸਮਝੌਤੇ ਨੂੰ ਲਾਗੂ ਕਰਵਾਉਣ ਸਬੰਧੀ ਕਾਰਵਾਈ ਕਰ ਸਕਦੀਆਂ ਹਨ।
4) ਜਦੋਂ ਕਿਸੇ ਅਜਨਬੀ ਵਿਅਕਤੀ ਦੇ ਹੱਕ ਵਿੱਚ ਕਿਸੇ ਖਾਸ ਅਚੱਲ ਜਾਇਦਾਦ ਨੂੰ ਗਿਰਵੀ ਰੱਖਿਆ ਗਿਆ ਹੋਵੇ ਤਾਂ ਮੁਆਇਦੇ ਲਈ ਅਜਨਬੀ ਵਿਅਕਤੀ ਉਸਨੂੰ ਪ੍ਰਾਪਤ ਹੋਣ ਵਾਲੇ ਧਨ ਦਾ ਭੁਗਤਾਨ ਪ੍ਰਾਪਤ ਕਰਨ ਲਈ ਕੇਸ ਦਾਇਰ ਕਰ ਸਕਦਾ ਹੈ ਜੇਕਰ (ਉਸਦੇ ਹੱਕ ਵਿੱਚ) ਅਚੱਲ ਜਾਇਦਾਦ ਨੂੰ ਗਿਰਵੀ ਰੱਖ ਕੇ ਧਨ ਪ੍ਰਾਪਤ ਕੀਤਾ ਗਿਆ ਹੋਵੇ।
5) ਜਦੋਂ ਵਚਨ ਦੇਣ ਵਾਲੀ ਧਿਰ ਆਪਣੇ ਵਿਵਹਾਰ ਦੁਆਰਾ ਦੋਹਾਂ ਧਿਰਾਂ ਦੇ ਵਿੱਚ ਨਿਆਂਸੰਗਤ ਸਬੰਧਾਂ ਰਾਹੀਂ ਕਿਸੇ ਅਜਨਬੀ ਨਾਲ ਮੁਆਇਦਾ ਕਰਦਾ ਹੈ ਤਾਂ ਅਜਨਬੀ ਮੁਆਇਦੇ ਨੂੰ ਲਾਗੂ ਕਰਵਾਉਣ ਦਾ ਹੱਕਦਾਰ ਹੁੰਦਾ ਹੈ।
6) ਜਦੋਂ ਅਜਿਹਾ ਅਦਾਲਤੀ ਇਨਸਾਫ ਦੀ ਉੱਨਤੀ ਵਿੱਚ ਮਦਦਗਾਰ ਹੋਵੇ।
7) ਕਿਸੇ ਮੁਖਤਿਆਰ (Agent) ਦੁਆਰਾ ਕੀਤੇ ਕਾਰਜਾਂ ਨੂੰ ਜਾਂ ਮੁਆਇਦੇ ਨੂੰ ਮਾਲਕ (Principal) ਲਾਗੂ ਕਰਵਾ ਸਕਦਾ ਹੈ।

### 1.3.5 ਪ੍ਰਤਿਫਲ ਦੀ ਮਹੱਤਤਾ (Importance of Consideration)

ਪ੍ਰਤਿਫਲ ਹਰਕੇ ਮੁਆਇਦੇ ਦੀ ਨੀਂਹ ਹੈ। ਕਾਨੂੰਨ ਇਸ ਗੱਲ ਤੇ ਜੋਰ ਦਿੰਦਾ ਹੈ ਕਿ ਵਾਅਦੇ ਨੂੰ ਕਾਨੂੰਨੀ ਜਿੰਮੇਵਾਰੀ ਦੇ ਰੂਪ ਵਿੱਚ ਤਾਂ ਹੀ ਲਾਗੂ ਕਰਵਾਇਆ ਜਾ ਸਕਦਾ ਹੈ ਜਦੋਂ ਉਸ ਵਿੱਚ ਪ੍ਰਤਿਫਲ ਦੀ ਮੌਜੂਦਗੀ ਹੋਵੇ। ਪ੍ਰਤਿਫਲ ਤੋਂ ਬਗੈਰ ਵਾਅਦੇ ਵਿਅਰਥ ਅਤੇ ਪ੍ਰਭਾਵਹੀਣ ਹੁੰਦੇ ਹਨ। ਪ੍ਰਤਿਫਲ ਤੋਂ ਰਹਿਤ ਵਾਅਦੇ ਨੂੰ ਨੰਗਾ ਵਾਅਦਾ (Nedum Pactum) ਕਿਹਾ ਜਾਂਦਾ ਹੈ।ਇਸ ਤਰ੍ਹਾਂ A ਬਿਨਾ ਕਿਸੇ ਲਾਭ ਦੇ B ਨੂੰ 1000 ਰੁਪਏ ਦੇਣ ਦਾ ਵਾਅਦਾ ਕਰਦਾ ਹੈ ਤਾਂ ਅਜਿਹੇ ਵਾਅਦੇ ਦੀ ਸਥਾਪਨਾ ਹੁੰਦੀ ਹੈ ਜਿਸਦਾ B ਨੂੰ ਕੋਈ ਕਾਨੂੰਨੀ ਅਧਿਕਾਰ ਨਹੀ ਪ੍ਰਾਪਤ ਹੋ ਸਕਦਾ।

### 1.3.6 ਪ੍ਰਤਿਫਲ ਤੋਂ ਬਿਨਾਂ ਮੁਆਇਦਾ ਨਹੀ ਹੋ ਸਕਦਾ : ਛੋਟਾਂ (No consideration, no contract Exceptions)

ਕਿਸੇ ਵੀ ਸਮਝੌਤੇ ਦੇ ਕਾਨੂੰਨ ਦੁਆਰਾ ਲਾਗੂ ਕੀਤੇ ਜਾਣ ਲਈ ਇਹ ਜਰੂਰੀ ਹੈ ਕਿ ਉਹ ਜਾਇਜ ਪ੍ਰਤਿਫਲ ਉੱਤੇ ਅਧਾਰਿਤ ਹੋਵੇ। ਪ੍ਰਤਿਫਲ ਤੋਂ ਬਗੈਰ ਸਮਝੌਤਾ ਵਿਅਰਥ ਹੁੰਦਾ ਹੈ ਅਤੇ ਕੁਝ ਕੁ ਵਿਸ਼ੇਸ਼ ਹਾਲਤਾਂ ਵਿੱਚ ਹੀ ਪ੍ਰਤਿਫਲ ਤੋ ਬਗੈਰ ਹੋਏ ਸਮਝੌਤੇ ਨੂੰ ਲਾਗੂ ਕਰਵਾਇਆ ਜਾ ਸਕਦਾ ਹੈ। ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 25 ਵਿੱਚ ਉਹਨਾਂ ਸਮਝੌਤਿਆਂ ਦਾ ਵਰਣਨ ਕੀਤਾ ਗਿਆ ਹੈ ਜੋ ਪ੍ਰਤਿਫਲ ਤੋ ਬਗੈਰ ਵੀ ਜਾਇਜ ਹੁੰਦੇ ਹਨ। ਇਹ ਹੇਠ ਲਿਖੇ ਪ੍ਰਕਾਰ ਹਨ:-

**1. ਕੁਦਰਤੀ ਪਿਆਰ ਅਤੇ ਅਪੱਣਤ** (Natural Love and Affection) ਧਾਰਾ 25(1) - ਧਿਰਾਂ ਦੇ ਵਿਚਕਾਰ ਕੁਦਰਤੀ ਪਿਆਰ ਅਤੇ ਅਪੱਣਤ ਹੋਣ ਦੇ ਕਾਰਨ ਰਿਸ਼ਤੇਦਾਰਾਂ ਵਿਚਕਾਰ ਹੋਏ ਸਮਝੌਤੇ ਜੇ ਕਰ ਲਿਖਤੀ ਅਤੇ ਰਜਿਸਟਰਡ ਹੋਣ ਤਾਂ ਜਾਇਜ ਮੰਨੇ ਜਾਂਦੇ ਹਨ। ਭਾਵ ਪ੍ਰਤਿਫਲ ਤੋ ਬਗੈਰ ਸਮਝੌਤੇ ਤਾਂ ਹੀ ਜਾਇਜ ਹੋਣਗੇ ਜੇਕਰ

(i) ਲਿਖਤੀ ਰੂਪ ਵਿੱਚ ਹੋਣ
(ii) ਲਾਗੂ ਕਰਵਾਉਣ ਸਮੇਂ ਕਿਸੇ ਕਾਨੂੰਨ ਦੇ ਅਨੁਸਾਰ ਰਜਿਸਟਰਡ ਹੋਣ,
(iii) ਕੁਦਰਤੀ ਪਿਆਰ ਅਤੇ ਅਪੱਣਤ ਤੇ ਅਧਾਰਤ ਹੋਣ, ਅਤੇ
(iv) ਸਮਝੌਤਾ ਨਜਦੀਕੀ ਰਿਸ਼ਤੇਦਾਰਾਂ ਦਰਮਿਆਨ ਹੋਇਆ ਹੋਵੇ।

ਉਪਰੋਕਤ ਸਾਰੀਆਂ ਸ਼ਰਤਾਂ ਜੇਕਰ ਪੂਰੀਆਂ ਹੋਣ ਤਾਂ ਹੀ ਸਮਝੌਤਾ ਪ੍ਰਤਿਫਲ ਤੋਂ ਬਗੈਰ ਜਾਇਜ ਜਾਂ ਲਾਗੂ ਕਰਵਾਉਣ ਯੋਗ ਹੋਵੇਗਾ।

ਉਦਾਹਰਣ: A ਕੁਦਰਤੀ ਪਿਆਰ ਅਤੇ ਅਪੱਣਤ ਦੇ ਕਾਰਨ ਆਪਣੇ ਪੁੱਤਰ B ਨੂੰ 50,000 ਰੁਪਏ ਦੇਣ ਦਾ ਵਾਅਦਾ ਕਰਦਾ ਹੈ ਇਸ ਵਾਅਦੇ ਨੂੰ ਲਿਖਤੀ ਰੂਪ ਵਿੱਚ ਅਤੇ ਰਜਿਸਟਰਡ ਕਰਵਾ ਕੇ B ਨੂੰ ਦੇ ਦਿੰਦਾ ਹੈ। ਇਹ ਇੱਕ ਜਾਇਜ ਸਮਝੌਤਾ ਮੰਨਿਆ ਜਾਵੇਗਾ।

ਕੇਵਲ ਧਿਰਾਂ ਵਿਚਕਾਰ ਨੇੜਲੇ ਸਬੰਧ, ਜੋ ਬਿਨਾਂ ਕਿਸੇ ਕੁਦਰਤੀ ਪਿਆਰ ਜਾਂ ਅਪੱਣਤ ਦੇ ਹੋਣ, ਸਮਝੌਤੇ ਨੂੰ ਕਾਨੂੰਨ ਦੁਆਰਾ ਲਾਗੂ ਕਰਨ ਯੋਗ ਨਹੀ ਬਣਾ ਸਕਦੇ ਬੇਸ਼ੱਕ ਇਹ ਸਮਝੌਤਾ ਲਿਖਤੀ ਅਤੇ ਰਜਿਸਟਰਡ ਵੀ ਕਿਉਂ ਨਾ ਹੋਵੇ।

2. **ਕੀਤੀਆਂ ਸੇਵਾਵਾਂ ਦੀ ਹਾਨੀਪੂਰਤੀ** (Compensation for Services Rendered) (ਧਾਰਾ 25(2) – ਜੇਕਰ ਕੋਈ ਸਮਝੌਤਾ ਕਿਸੇ ਅਜਿਹੇ ਵਿਅਕਤੀ ਦੀ ਪੂਰੀ ਜਾਂ ਅਧੂਰੀ ਹਾਨੀ ਪੂਰਤੀ ਕਰਨ ਦਾ ਵਾਅਦਾ ਕਰਦਾ ਹੈ ਜਿਸ ਨੇ ਕਦੇ ਪਹਿਲਾਂ ਵਚਨ ਦੇਣ ਵਾਲੇ ਲਈ ਆਪਣੀ ਇੱਛਾ ਤੇ ਕੋਈ ਕੰਮ ਜਾਂ ਸੇਵਾ ਕੀਤੀ ਹੋਵੇ ਤਾਂ ਅਜਿਹਾ ਦਿੱਤਾ ਵਚਨ ਪ੍ਰਤਿਫਲ ਤੋਂ ਬਗੈਰ ਵੀ ਜਾਇਜ ਸਮਝੌਤੇ ਨੂੰ ਜਨਮ ਦੇਵੇਗਾ। ਇਸ ਨਿਯਮ ਨੂੰ ਲਾਗੂ ਕਰਨ ਲਈ ਹੇਠ ਦਿੱਤੀਆਂ ਸ਼ਰਤਾਂ ਦਾ ਪੂਰਾ ਹੋਣਾ ਜਰੂਰੀ ਹੈ।

(i) ਕੰਮ ਜਾਂ ਸੇਵਾ ਆਪਣੀ ਇੱਛਾ ਨਾਲ ਕੀਤੀ ਗਹੀ ਹੋਵੇ,

(ii) ਕੰਮ ਵਚਨ ਦੇਣ ਵਾਲੇ ਲਈ ਹੀ ਕੀਤਾ ਗਿਆ ਹੋਵੇ ਜਾਂ ਵਚਨ ਦੇਣ ਵਾਲੀ ਧਿਰ ਕਾਨੂੰਨੀ ਰੂਪ ਵਿੱਚ ਉਸ ਕੰਮ ਨੂੰ ਕਰਵਾਉਣ ਲਈ ਪਾਬੰਦ ਸੀ।

(iii) ਜਿਸ ਸਮੇਂ ਸੇਵਾ ਜਾਂ ਕੰਮ ਕੀਤਾ ਗਿਆ ਹੋਵੇ ਉਸ ਸਮੇਂ ਵਚਨ ਦੇਣ ਵਾਲੀ ਧਿਰ ਦਾ ਜਿਉਂਦਾ ਹੋਣਾ ਜਰੂਰੀ ਹੈ।

(iv) ਵਚਨ ਦੇਣ ਵਾਲੀ ਧਿਰ ਦੁਆਰਾ ਹਾਨੀ ਪੂਰਤੀ ਦਾ ਵਾਅਦਾ ਹੋਣਾ ਜਰੂਰੀ ਹੈ।

ਉਦਾਹਰਣ : X ਨੂੰ Y ਦਾ ਗੁੰਮ ਹੋਇਆ ਪਰਸ ਲੱਭ ਜਾਂਦਾ ਹੈ ਅਤੇ Y ਪਰਸ X ਨੂੰ ਵਾਪਸ ਕਰ ਦਿੰਦਾ ਹੈ। ਬਦਲੇ ਵਿੱਚ X ਨੇ Y ਨੂੰ 800 ਰੁਪਏ ਦੇਣ ਦਾ ਵਾਅਦਾ ਕੀਤਾ। ਇਸ ਤਰ੍ਹਾਂ ਇਹ ਇੱਕ ਜਾਇਜ ਮੁਆਇਦਾ ਹੋਵੇਗਾ। ਕੰਪਨੀ ਦੇ ਸੰਚਾਲਕਾਂ ਦੁਆਰਾ ਕੰਪਨੀ ਦੀ ਸਥਾਪਨਾ ਤੋਂ ਪਹਿਲਾਂ ਕੀਤੇ ਕੰਪਨੀ ਦੇ ਲਈ ਕੀਤੇ ਕੰਮ ਨਹੀ ਮੰਨਿਆ ਜਾ ਸਕਦਾ ਜਦੋਂ ਤੱਕ ਕੰਪਨੀ ਅਜਿਹਾ ਕਰਨ ਦੀ ਆਗਿਆ ਨਹੀ ਦਿੰਦੀ।

**3. ਮਿਆਦ ਪੁੱਗੇ ਕਰਜੇ** (Time Barred Debts) (ਧਾਰਾ 25(3) – ਮਿਆਦ ਪੁੱਗੇ ਕਰਜੇ ਦੇ ਭੁਗਤਾਨ ਲਈ ਕੀਤਾ ਗਿਆ ਵਾਅਦਾ ਲਾਗੂ ਕਰਵਾਉਣ ਯੋਗ ਹੁੰਦਾ ਹੈ ਪ੍ਰੰਤੂ ਇਹ ਜਰੂਰੀ ਹੈ ਕਿ ਦਿੱਤਾ ਗਿਆ ਵਾਅਦਾ ਲਿਖਤੀ ਹੋਵੇ ਅਤੇ ਵਚਨ ਦੇਣ ਵਾਲੇ ਜਾਂ ਉਸ ਰਾਹੀਂ ਅਧਿਕਾਰਤ ਕੀਤੇ ਵਿਅਕਤੀ (Authorised Person) ਦੇ ਇਸ ਤੇ ਦਸਤਖਤ ਜਰੂਰ ਹੋਣ। ਇਸ ਤਰ੍ਹਾਂ ਕੀਤਾ ਗਿਆ ਵਾਅਦਾ ਕਰਜੇ ਦੀ ਅਧੂਰੇ ਜਾਂ ਪੂਰੇ ਰੂਪ ਵਿੱਚ ਭੁਗਤਾਨ ਕਰਨ ਬਾਰੇ ਹੋ ਸਕਦਾ ਹੈ। ਇਸ ਤਰ੍ਹਾਂ ਮਿਆਦ ਪੁੱਗੇ ਕਰਜਿਆਂ ਸਬੰਧੀ ਜੁਬਾਨੀ ਕੀਤੇ ਸਮਝੌਤੇ ਵਿਅਰਥ ਅਤੇ ਲਾਗੂ ਹੋਣ ਯੋਗ ਨਹੀਂ ਹੁੰਦੇ। ਇਹ ਨਿਯਮ ਅਜਿਹੇ ਵਾਅਦਿਆ ਉੱਤੇ ਲਾਗੂ ਨਹੀਂ ਹੁੰਦਾ ਜੋ ਅਜਿਹੇ ਕਰਜਿਆਂ ਦੇ ਭੁਗਤਾਨ ਬਾਰੇ ਕਿਸੇ ਤੀਜੀ ਧਿਰ ਨੇ ਵਾਅਦਾ ਕੀਤਾ ਹੋਵੇ।

ਉਦਾਹਰਣ : X ਨੇ Y ਤੋਂ 4000 ਰੁਪਏ ਦਾ ਕਰਜਾ ਲਿਆ ਸੀ ਜਿਸਦੀ ਮਿਆਦ ਪੁੱਗ ਚੁੱਕੀ ਹੈ। X ਇਸ ਕਰਜੇ ਦੇ ਬਦਲੇ ਵਿੱਚ 2000 ਰੁਪਏ Y ਨੂੰ ਲਿਖਤੀ ਰੂਪ ਵਿੱਚ ਦਸਤਖਤ ਕਰਕੇ ਵਾਅਦਾ ਦਿੰਦਾ ਹੈ। ਇਸ ਤਰ੍ਹਾਂ ਇਹ ਇੱਕ ਜਾਇਜ ਮੁਆਇਦਾ ਹੋਵੇਗਾ।

**4. ਦਿੱਤੇ ਗਏ ਤੋਹਫੇ** (Completed Gifts) – ਭਾਰਤੀ ਮੁਆਇਦਾ ਅਧਿਨਿਯਮ ਦੀ ਘਾਰਾ 25(1) ਇਸ ਗੱਲ ਦੀ ਵਿਆਖਿਆ ਕਰਦੀ ਹੈ ਕਿ ਪ੍ਰਤਿਫਲ ਨਹੀਂ ਤਾਂ ਮੁਆਇਦਾ ਨਹੀ ਦਾ ਨਿਯਮ, ਦਾਨੀ (Doner) ਅਤੇ ਦਾਨ ਪ੍ਰਾਪਤ ਕਰਨ ਵਾਲੇ (Donee) ਦੇ ਵਿਚਕਾਰ ਦਾਨ ਦੇ ਸਮਝੌਤੇ ਦੇ ਜਾਇਜ ਹੋਣ ਨੂੰ ਪ੍ਰਭਾਵਿਤ ਨਹੀ ਕਰਦਾ।ਇਸੇ ਤਰ੍ਹਾਂ ਜੇਕਰ ਕੋਈ ਵਿਅਕਤੀ Transfer of Property Act ਦੇ ਅਧੀਨ ਆਪਣੀ ਪੂਰੀ ਜਾਇਦਾਦ ਜਾਂ ਕੋਈ ਹਿੱਸਾ ਕਿਸੇ ਦੂਜੇ ਵਿਅਕਤੀ ਨੂੰ ਤੋਹਫੇ ਵਜੋਂ ਦਿੰਦਾ ਹੈ ਜਾਂ ਦਾਨ ਦਿੰਦਾ ਹੈ ਤਾਂ ਬਾਅਦ ਵਿੱਚ ਪ੍ਰਤਿਫਲ ਦੀ ਘਾਟ ਦੇ ਆਧਾਰ ਤੇ ਜਾਇਦਾਦ ਵਾਪਸ ਲੈਣ ਦੀ ਮੰਗ ਨਹੀ ਕਰ ਸਕਦਾ।

**5. ਏਜੰਸੀ** (Agency) – ਪ੍ਰਤਿਫਲ ਨਹੀਂ ਤਾਂ ਮੁਆਇਦਾ ਨਹੀ ਦੇ ਨਿਯਮ ਦੀ ਇੱਕ ਛੋਟ ਹੋਰ ਵੀ ਹੈ ਇਸ ਦਾ ਜਿਕਰ ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 185 ਵਿੱਚ ਕੀਤਾ ਗਿਆ ਹੈ। ਇਸ ਧਾਰਾ ਦੇ ਅਨੁਸਾਰ ਦੇ ਨਿਰਮਾਣ ਲਈ ਪ੍ਰਤਿਫਲ ਦਾ ਹੋਣਾ ਜਰੂਰੀ ਨਹੀ ਹੁੰਦਾ।

**ਪਾਠ ਨੰ. 1.4** **ਲੇਖਿਕਾ : ਰਾਜਵਿੰਦਰ ਕੌਰ**

# ਧਿਰਾਂ ਦੀ ਸਮਰੱਥਾਂ

**(Contractual Capacity of the Parties)**

**1.4.0 ਭੂਮਿਕਾ (Introduction)**
**1.4.1 ਪਰਿਭਾਸ਼ਾ(Definition)**
**1.4.2 ਨਾਬਾਲਗ ਕੌਣ ਹੁੰਦਾ ਹੈ ? (Who is minor)**
**1.4.3 ਨਾਬਾਲਗ ਦੇ ਇਕਰਾਰ ਦੀ ਪ੍ਰਕਿਤੀ (Nature of minor's Agreements)**
**1.4.4 ਨਾਬਾਲਗ ਦੇ ਇਕਰਾਰਾਂ ਦੇ ਸਿੱਟੇ (Effect of minor's Agreement)**
**1.4.5 ਮਾਨਸਿਕ ਰੂਪ ਵਿੱਚ ਅਸਵਰਥ ਵਿਅਕਤੀ(Who are persons of unsoundmind)**
**1.4.6 ਮੁਆਇਦਾ ਕਰਨ ਦੀ ਸਮਰੱਥਾਂ ਦੀ ਸੀਮਾ (Extent of Contractual Capacity)**
**1.4.7 ਮਾਨਸਿਕ ਰੂਪ ਵਿੱਚ ਅਸਵਰਥ ਵਿਅਕਤੀਆਂ ਦੀਆਂ (Kinds of the person of unsound mind)**
**1.4.8 ਕਾਨੂੰਨ ਦੁਆਰਾ ਆਯੋਗ ਘੋਸ਼ਿਤ ਵਿਅਕਤੀ (Disqualified persons by law)**

## 1.4.0 ਭੂਮਿਕਾ (Introduction)

ਮੁਆਇਦਾ ਐਕਟ ਦੀ ਧਾਰਾ 10 ਦੇ ਇਸ ਕਥਨ ਤੋਂ ਕਿ ਕੇਵਲ ਉਹ ਹੀ ਵਿਅਕਤੀ ਮੁਆਇਦਾ ਕਰ ਸਕਦੇ ਹਨ ਜਿਹਨਾਂ ਵਿੱਚ ਮੁਆਇਦਾ ਕਰਨ ਦੀ ਸਮਰੱਥਾਂ ਹੋਵੇ, ਇਹ ਸਪੱਸ਼ਟ ਹੁੰਦਾ ਹੈ ਕਿ ਜਾਇਜ਼ ਮੁਆਇਦੇ ਦਾ ਨਿਰਮਾਣ ਕੇਵਲ ਮੁਆਇਦਾ ਕਰਨ ਦੀ ਸਮਰੱਥਾਂ ਰੱਖਣ ਵਾਲੇ ਵਿਅਕਤੀਆਂ ਦੇ ਵਿਵਹਾਰਾਂ ਤੋਂ ਹੀ ਸੰਭਵ ਹੈ। ਧਿਰਾਂ ਦਾ ਵਿੱਚ ਮੁਆਇਦਾ ਕਰਨ ਦੀ ਸਮਰੱਥਾਂ ਹੋਣਾ ਜਾਇਜ਼ ਮੁਆਇਦੇ ਲਾਜ਼ਮੀ ਗੁਣ ਹੈ ।

### ਮੁਆਇਦਾ ਕਰਨ ਦੇ ਸਮਰੱਥ ਕੌਣ ਹਨ ?

### (Who are Competent to make Contract ?)

ਆਮ ਕਰਕੇ ਤਾਂ ਇਹ ਮੰਨ ਲਿਆਂ ਜਾਂਦਾ ਹੈ ਕਿ ਹਰ ਵਿਅਕਤੀ ਇਕਰਾਰ ਕਰਨ ਦਾ ਅਧਿਕਾਰ ਰੱਖਦਾ ਹੈ ਪਰੰਤੂ ਉਹ ਇਕਰਾਰ ਦਾ ਪਾਬੰਦ ਹੋਵੇ ਅਤੇ ਧਿਰਾਂ ਨੂੰ ਉਸ ਅਤੇ ਉਤਪੰਨ ਸਬੰਧਤ ਜਿੰਮੇਵਾਰੀਆਂ ਲਈ ਜਿੰਮੇਵਾਰ ਠਹਿਰਾਇਆ ਜਾ ਸਕੇ, ਇਸ ਲਈ ਇਹ ਜਾਣਨਾ ਜਰੂਰੀ ਹੈ ਕਿ ਕਿਹੜੇ ਵਿਅਕਤੀਆਂ ਵਿੱਚ ਮੁਆਇਦਾ ਕਰਨ ਦੀ ਸਮਰੱਥਾ ਹੈ ਅਤੇ ਕਿਹੜਿਆਂ ਵਿੱਚ ਨਹੀਂ ।

## 1.4.1 ਪਰਿਭਾਸ਼ਾ (Definition)

**ਧਾਰਾ 11 ਅਨੁਸਾਰ :** ਹਰ ਉਹ ਵਿਅਕਤੀ ਮੁਆਇਦਾ ਕਰਨ ਦੀ ਸਮਰੱਥਾ ਰੱਖਦਾ ਹੈ:

(i) ਜੋ ਪ੍ਰਚਲਿਤ ਕਾਨੂੰਨ ਅਨੁਸਾਰ ਬਾਲਗ ਹੋਵੇ,

(ii) ਜੋ ਮਾਨਸਿਕ ਰੂਪ ਵਿੱਚ ਸਵਸਥ ਹੈ, ਅਤੇ

(iii) ਜੋ ਕਿਸੇ ਕਾਨੂੰਨ ਦੁਆਰਾ, ਜਿਸਦੇ ਉਹ ਅਧੀਨ ਹੈ, ਮੁਆਇਦਾ ਕਰਨ ਲਈ ਆਯੋਗ ਘੋਸ਼ਿਤ ਨਹੀਂ ਕੀਤਾ ਗਿਆ।[1]

ਐਕਟ ਵਿੱਚ ਦਿੱਤੀ ਗਈ ਇਸ ਪਰਿਭਾਸ਼ਾ ਤੋਂ ਸਪੱਸ਼ਟ ਹੈ ਕਿ ਕੇਵਲ ਉਹ ਹੀ ਵਿਅਕਤੀ ਮੁਆਇਦਾ ਕਰਨ ਦੀ ਸਮੱਰਥਾ ਰੱਖਦੇ ਹਨ ਜੋ ਬਾਲਗ ਹਨ, ਮਾਨਸਿਕ ਰੂਪ ਵਿੱਚ ਸਵਸਥ ਹਨ ਅਤੇ ਜਿਹਨਾਂ ਨੂੰ ਕਾਨੂੰਨ ਦੁਆਰਾ ਅਯੋਗ ਘੋਸ਼ਿਤ ਨਹੀਂ ਕੀਤਾ ਗਿਆ ਹੈ।

ਅਰਥਾਤ ਨਿਮਨ ਵਿਅਕਤੀ ਮੁਆਇਦਾ ਕਰਨ ਦੇ ਸਮਰੱਥ ਨਹੀਂ ਹੁੰਦੇ।

(i) ਜੋ ਨਾਬਾਲਗ (minors) ਹਨ,

(ii) ਜੋ ਮਾਨਸਿਕ ਰੂਪ ਵਿੱਚ ਅਸਵਸਥ (unsound mind) ਹਨ, ਅਤੇ

(iii) ਜੋ ਕਾਨੂੰਨ ਦੁਆਰਾ ਆਯੋਗ ਘੋਸ਼ਿਤ ਕੀਤੇ ਗਏ ਹਨ।

### 1.4.2 ਨਾਬਾਲਗ ਕੌਣ ਹੁੰਦਾ ਹੈ ? (Who is Minor? )

ਭਾਰਤੀ ਬਾਲਗਪਣ ਐਕਟ 1875 (Indian Majority Act, 1875) ਦੀ ਧਾਰਾ 3 ਅਨੁਸਾਰ ਹਰ ਅਜਿਹਾ ਵਿਅਕਤੀ ਜੋ 18 ਸਾਲਾਂ ਦੀ ਉਮਰ ਪੂਰੀ ਕਰ ਲੈਂਦਾ ਹੈ, ਬਾਲਗ ਹੈ ਪ੍ਰੰਤੂ ਹਰ ਨਾਬਾਲਗ ਜਿਸਦੇ ਸਰੀਰ ਜਾਂ ਸੰਪਤੀ ਜਾਂ ਦੋਹਾਂ ਲਈ ਅਦਾਲਤ ਨੇ ਸਰਪ੍ਰਸਤ ਨਿਯੁਕਤ ਕੀਤੇ ਹਨ ਅਤੇ ਹਰ ਨਾਬਾਲਗ ਜਿਸ ਦੀ ਸੰਪਤੀ ਕੋਰਟ ਆਫ ਵਾਰਡ ਦੀ ਨਿਗਰਾਨੀ ਅਧੀਨ ਹੈ ਤਾਂ ਉਹ 21 ਸਾਲ ਦੀ ਉਮਰ ਪੂਰੀ ਕਰਨ ਤੇ ਹੀ ਬਾਲਗ ਹੋ ਸਕਦਾ ਹੈ।''

ਇਸ ਪਰਿਭਾਸ਼ਾ ਦੇ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੈ ਕਿ ਇੱਕ ਵਿਅਕਤੀ ਤਾਂ ਹੀ ਨਾਬਾਲਗ ਅਖਵਾਏਗਾ ਜਦੋ ਕਿ :

1. ਉਹ 18 ਸਾਲਾਂ ਤੋਂ ਘੱਟ ਉਮਰ ਦਾ ਹੋਵੇ; ਅਤੇ
2. ਜੇ ਅਦਾਲਤ ਦੁਆਰਾ ਸਰਪ੍ਰਸਤ ਦੀ ਨਿਯੁਕਤੀ ਕਰ ਦਿੱਤੀ ਗਈ ਹੋਵੇ ਜਾਂ ਉਹ ਕੋਰਟ ਆਫ ਵਾਰਡ ਦੀ ਸਰਪ੍ਰਸਤੀ ਅਧੀਨ ਹੋਵੇ ਤਾਂ 21 ਸਾਲਾਂ ਤੋਂ ਘੱਟ ਉਮਰ ਦਾ ਹੈ।

ਇਥੇ ਇਹ ਧਿਆਨ ਰੱਖਣਾ ਜਰੂਰੀ ਹੈ ਕਿ ਬਾਲਗਪਣ ਦੀ ਉਮਰ ਦਾ ਨਿਰਧਾਰਣ ਉਸੇ ਕਾਨੂੰਨ ਅਨੁਸਾਰ ਹੁੰਦਾ ਹੈ ਜਿਸਦੇ ਕਿ ਉਹ ਅਧੀਨ ਹੈ ਜਾਂ ਜਿਥੋਂ ਦਾ ਉਹ ਨਿਵਾਸੀ ਹੈ।

### 1.4.3 ਨਾਬਾਲਗ ਦੇ ਇਕਰਾਰ ਦੀ ਪ੍ਰਕ੍ਰਿਤੀ (Nature of Minor's Agreements)

ਨਾਬਾਲਗ ਨਾਲ ਕੀਤੇ ਗਏ ਮੁਆਇਦੇ ਦੇ ਸਬੰਧ ਵਿੱਚ ਭਾਰਤੀ ਮੁਆਇਦਾ ਐਕਟ ਕਾਫੀ ਸੁਰੱਖਿਆਤਮਕ ਹੈ। ਕਿਉਂਕਿ ਨਾਬਾਲਗ ਕੱਚਾ ਵਿਅਕਤੀ ਹੁੰਦਾ ਹੈ ਇਸ ਲਈ ਕਾਨੂੰਨ ਦੁਆਰਾ ਅਜਿਹੇ ਨਿਯਮਾਂ ਦੀ ਪਾਲਣਾ ਕਰਨਾ ਜਰੂਰੀ ਹੈ ਜਿਨ੍ਹਾਂ ਨਾਲ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ ਅਤੇ ਉਨ੍ਹਾਂ ਵਿਅਕਤੀਆਂ ਨੂੰ ਕਠਿਨਾਈਆਂ ਵਿੱਚ ਆਉਣ ਤੋਂ ਦੂਰ ਰੱਖਿਆ ਜਾ ਸਕੇ ਜੋ ਕਿ ਨਾਬਾਲਗ ਵਿਅਕਤੀਆਂ ਨਾਲ ਵਿਵਹਾਰ ਕਰਦੇ ਹਨ।

ਐਕਟ ਦੀ ਧਾਰਾ 11 ਕੇਵਲ ਇਹ ਦੱਸਦੀ ਹੈ ਕਿ ਨਾਬਾਲਗ ਵਿਅਕਤੀ ਮੁਆਇਦਾ ਕਰਨ ਦੇ ਸਮਰੱਥ ਨਹੀਂ ਹੈ, ਪਰੰਤੂ ਇਹ ਨਹੀ ਦੱਸਦੀ ਕਿ ਜੇ ਨਾਬਾਲਗ ਕੋਈ ਮੁਆਇਦਾ ਕਰਦਾ ਹੈ ਤਾਂ ਉਹ ਵਿਅਰਥ ਹੋਵੇਗਾ ਜਾਂ ਸੁੰਨਯੋਗ। ਨਾਬਾਲਗ ਦੁਆਰਾ ਕੀਤੇ ਗਏ ਵਿਵਹਾਰਾਂ ਦੀ ਇਸ ਕਠਿਨਾਈ ਨੂੰ ਇੱਕ ਮਹੱਤਵਪੂਰਣ ਕੇਸ ਮੋਹਰੀ ਬੀਬੀ ਧਰਮੋਦਾਸ ਘੋਸ਼[1] ਦੇ ਨਿਰਣੇ ਤੋਂ ਦੂਰ ਕੀਤਾ ਗਿਆ ਹੈ।

ਇਸ ਮਾਮਲੇ ਵਿੱਚ ਨਿਰਣਾ ਦਿੱਤਾ ਗਿਆ ਕਿ ਨਾਬਾਲਗ ਨਾਲ ਕੀਤੇ ਗਏ ਮੁਆਇਦੇ ਪੂਰਣ ਰੂਪ ਵਿੱਚ ਵਿਅਰਥ (Absolutly void) ਹਨ। ਇਸ ਮਾਮਲੇ ਦੇ ਕੁਝ ਤੱਥ ਨਿਮਨ ਅਨੁਸਾਰ ਹਨ:

20 ਜੁਲਾਈ, 1985 ਨੂੰ ਧਰਮੋਦਾਸ ਘੋਸ਼ ਨੇ ਕਲਕੱਤਾ ਦੇ ਇੱਕ ਸ਼ਾਹੂਕਾਰ ਬ੍ਰਹਮਾਦੱਤ ਦੇ ਹੱਕ ਵਿੱਚ ਇੱਕ ਬੰਧਕ ਪੱਤਰ ਲਿਖ ਕੇ 20000/- ਰੁਪਏ 12 ਪ੍ਰਤੀਸ਼ਤ ਵਿਆਜ ਤੇ ਕੁਝ ਮਕਾਨਾਂ ਨੂੰ ਗਿਰਵੀ ਰੱਖਕੇ ਪ੍ਰਾਪਤ ਕਰਨ ਦਾ ਮੁਆਇਦਾ ਕੀਤਾ। ਧਰਮੋਦਾਸ ਅਨੁਸਾਰ ਇਸ ਬੰਧਕ ਪੱਤਰ ਤੇ ਕੇਵਲ 8000/- ਰੁਪਏ ਪ੍ਰਾਪਤ ਕੀਤੇ ਗਏ ਸਨ। ਇਸ ਸਾਰੇ ਵਿਵਹਾਰ ਵਿੱਚ ਬ੍ਰਹਮਾਦੱਤ ਕਲਕੱਤਾ ਤੋਂ ਗੈਰ ਹਾਜਰ ਸੀ ਅਤੇ ਉਨ੍ਹਾਂ ਦੇ ਵਕੀਲ ਦੇਦਾਰ ਨਾਥ ਨੇ ਸਾਰੀ ਕਾਰਵਾਈ ਕੀਤੀ। ਇਸ ਵਕੀਲ ਨੇ ਧਰਮੋਦਾਸ ਘੋਸ਼ ਪਾਸੋਂ ਇੱਕ ਲਿਖਤੀ ਅਤੇ ਹਸਤਾਖਰਿਤ ਘੋਸ਼ਣਾ-ਪੱਤਰ ਪ੍ਰਾਪਤ ਕਰ ਲਿਆ ਕਿ ਉਹ 17 ਜੂਨ ਨੂੰ ਹੀ ਬਾਲਗ ਹੋ ਗਿਆ ਸੀ। ਘਰਮੋਦਾਸ ਘੋਸ਼ ਦੀ ਮਾਤਾ ਨੇ ਨਿਕਰਤਮ ਹਿਤੈਸ਼ੀ ਦੇ ਰੂਪ ਵਿੱਚ ਬ੍ਰਾਮਾਦੱਤ ਦੇ ਵਿਰੁੱਧ ਦਾਅਵਾ ਦਾਇਰ ਕੀਤਾ ਅਤੇ ਇਹ ਕਿਹਾ ਕਿ ਜਦੋਂ ਧਰਮੋਦਾਸ ਘੋਸ਼ ਨੇ ਬੰਧਕ ਪੱਤਰ ਲਿਖਿਆ ਸੀ, ਉਦੋਂ ਉਹ ਨਾਬਾਲਗ ਸੀ, ਇਸ ਲਈ ਮੁਆਇਦਾ ਵਿਅਰਥ ਘੋਸ਼ਿਤ ਕੀਤਾ ਜਾਵੇ। ਫਾਕੀ ਲੰਮੀ ਸੁਣਾਈ ਤੋਂ ਬਾਅਦ ਪ੍ਰੀਵੀ ਕੌਂਸਲ ਦੁਆਰਾ ਇਹ

ਫੈਸਲਾ ਕੀਤਾ ਗਿਆ ਕਿ ਨਾਬਾਲਗ ਵਿਅਕਤੀ ਦੁਆਰਾ ਕੀਤੇ ਗਏ ਇਕਰਾਰ ਜਾਂ ਮੁਆਇਦੇ ਵਿਅਰਥ ਹੁੰਦੇ ਹਨ, ਸੁੰਨਯੋਗ ਨਹੀਂ। ਇਸ ਲਈ ਇਹ ਮੁਆਇਦੇ ਨਹੀਂ ਹੈ ਅਤੇ ਧਰਮੋਦਾਸ ਘੋਸ਼ 8000/- ਰੁਪਏ ਵੀ ਨਹੀਂ ਵਾਪਸ ਕਰੇਗਾ।

ਨਾਬਾਲਗ ਵਿਅਕਤੀਆਂ ਦੇ ਇਕਰਾਰ ਦੀ ਇਹ ਪ੍ਰਕ੍ਰਿਤੀ ਹੈ ਕਿ ਉਹ ਪੂਰਣ ਰੂਪ ਵਿੱਚ ਵਿਅਰਥ ਹੁੰਦੇ ਹਨ। ਆਧੁਨਿਕ ਸਮਾਜ ਦੀਆਂ ਸਥਿਤੀਆਂ ਵਿੱਚ ਕੁਝ ਸਿਥਿਲ ਹੋਣ ਲਗਾ ਹੈ। ਨਾਬਾਲਗ ਵਿਅਕਤੀ ਵੀ ਸਮਾਜ ਦਾ ਇੱਕ ਅੰਗ ਹੈ, ਉਸ ਨੇ ਵੀ ਕਈ ਮਹੱਤਵਪੂਰਣ ਕਾਰਜ ਕਰਨੇ ਹੁੰਦੇ ਹਨ। ਉਦਾਹਰਣ ਵਜੋਂ ਨਾਬਾਲਗ ਬਜਾਰ ਤੋਂ ਖਿਡੌਣੇ ਖਰੀਦ ਕਰਦਾ ਹੈ ਜਾਂ ਆਈਸ ਕਰੀਮ ਖਾਂਦਾ ਹੈ ਜਾਂ ਸਕੂਲ ਜਾਕੇ ਪੁਸਤਕਾਂ ਖਰੀਦ ਕਰਦਾ ਹੈ। ਜੇ ਸਾਰੇ ਕਾਰਜਾਂ ਨੂੰ ਇਸ ਆਧਾਰ ਤੇ ਵਿਅਰਥ ਕਰਾਰ ਦੇ ਦਿੱਤਾ ਜਾਵੇ ਕਿ ਇਹ ਇੱਕਰਾਰ ਨਾਬਾਲਗ ਵਿਅਕਤੀ ਨਾਲ ਕੀਤੀ ਗਏ ਹਨ ਤਾਂ ਉਸਦਾ ਜੀਵਨ ਚਲਾਉਣਾ ਮੁਸ਼ਕਿਲ ਹੋ ਜਾਵੇਗਾ ਅਤੇ ਕਾਨੂੰਨ ਸਰਪ੍ਰਸਤ ਦੀ ਥਾਂ ਜਿੰਮੇਵਾਰੀ ਬਣ ਬੈਠੇਗਾ। ਇਸ ਔਕੜ ਦੇ ਕਾਰਨ ਵੱਖ ਵੱਖ ਸਥਿਤੀਆਂ ਵਿੱਚ ਨਾਬਾਲਗ ਵਿਅਕਤੀ ਨਾਲ ਕੀਤੇ ਗਏ ਮੁਆਇਦਿਆਂ ਵਿੱਚ ਕੁਝ ਛੋਟਾਂ ਪ੍ਰਦਾਨ ਕੀਤੀਆਂ ਗਈਆਂ ਹਨ। ਇਸ ਦੇ ਕੁਝ ਉਦਾਹਰਣ ਨਿਮਨ ਅਨੁਸਾਰ ਹਨ:

- (i) ਨਾਬਾਲਗ ਦੇ ਸਰਪ੍ਰਸਤ ਨਾਬਾਲਗ ਦੇ ਲਾਭ ਲਈ ਇਕਰਾਰ ਕਰ ਸਕਦੇ ਹਨ।
- (ii) ਨਾਬਾਲਗ ਦੂਜੇ ਭਾਈਵਾਲਾਂ ਦੀ ਸਹਿਮਤੀ ਨਾਲ ਲਾਭ ਲਈ ਭਾਈਵਾਲ ਬਣ ਬਕਦਾ ਹੈ।
- (iii) ਨਾਬਾਲਗ ਆਪਣੀਆਂ ਲੋੜਾਂ ਦੀ ਪੂਰਤੀ ਲਈ ਕਰਜ ਲੈ ਸਕਦਾ ਹੈ।
- (iv) ਨਾਬਾਲਗ ਏਜੰਟ ਬਣ ਸਕਦੇ ਹਨ।
- (v) ਨਾਬਾਲਗ ਕਾਨੂੰਨੀ ਲਿਖਤ ਦਾ ਵਚਨ ਗ੍ਰਹਿਣ ਕਰਤਾ ਬਣ ਸਕਦਾ ਹੈ

ਉਪਰੋਕਤ ਉਦਾਹਰਣ ਉਹ ਹਨ ਜਿਹਨਾਂ ਨੂੰ ਪੂਰਨ ਰੂਪ ਵਿੱਚ ਵਿਅਰਥ ਨਹੀਂ ਮੰਨਿਆ ਜਾ ਸਕਦਾ। ਇਸ ਲਈ ਹੀ ਇਹ ਕਿਹਾ ਜਾ ਸਕਦਾ ਹੈ ਕਿ ਨਾਬਾਲਗ ਲਈ ਲਾਭਦਾਇਕ ਮੁਆਇਦਿਆਂ ਦੇ ਇਲਾਵਾ ਨਾਬਾਲਗ ਨਾਲ ਕੀਤੇ ਗਏ ਇਕਰਾਰ ਵਿਅਰਥ ਹਨ।

### 1.4.4 ਨਾਬਾਲਗ ਦੇ ਇਕਰਾਰਾਂ ਦੇ ਸਿੱਟੇ (Effect of Minor's Agreements)

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੈ ਕਿ ਨਾਬਾਲਗ ਨਾਲ ਕੀਤੇ ਗਏ ਵਿਵਹਾਰਾਂ ਨੂੰ ਕਾਨੂੰਨ ਦੁਆਰਾ ਲਾਗੂ ਹੋਣ ਯੋਗ ਨਹੀ ਠਹਿਰਾਇਆ ਜਾ ਸਕਦਾ, ਪਰੰਤੂ ਇਸਦਾ ਭਾਵ ਇਹ ਬਿਲਕੁਲ ਨਹੀਂ ਕੱਢਣਾ ਚਾਹੀਦਾ ਕਿ ਕਾਨੂੰਨ ਉਹਨਾਂ ਨੂੰ ਗਲਤ ਸਰਪ੍ਰਸਤੀ ਪ੍ਰਦਾਨ ਕਰਦਾ ਹੈ। ਇੱਕ ਵਿਦਵਾਨ ਜੱਜ ਨੇ ਇੱਕ ਕੇਸ1 ਵਿੱਚ ਠੀਕ ਹੀ ਕਿਹਾ ਹੈ ਕਿ **'ਨਾਬਾਲਗਾਂ ਲਈ ਵਿਅਕਤੀਆਂ ਨੂੰ ਧੋਖਾ ਦੇਣ ਦੀ ਲੋੜ ਨਹੀ ਹੈ'** ਅਰਥਾਤ ਕਾਨੂੰਨ ਨਾਬਾਲਗ ਨੂੰ ਸੁਰੱਖਿਅਤ ਤਾਂ ਕਰਦਾ ਹੈ ਪ੍ਰੰਤੂ ਧੋਖਾ ਦੇਣ ਦੀ ਆਜਾਦੀ ਪ੍ਰਦਾਨ ਨਹੀ ਕਰਦਾ। ਨਾਬਾਲਗ ਦੁਆਰਾ ਕੀਤੇ ਗਏ ਇਕਰਾਰਾਂ ਦੇ ਸਿੱਟਿਆਂ ਨੂੰ ਨਿਮਨ ਬਿੰਦੂਆਂ ਦੇ ਆਧਾਰ ਤੇ ਸਪੱਸ਼ਟ ਕੀਤਾ ਜਾ ਸਕਦਾ ਹੈ:

1. **ਪੁਸ਼ਟੀਕਰਣ ਨਹੀਂ (No Ratification) –** ਪੁਸ਼ਟੀਕਰਣ ਦਾ ਭਾਵ ਭੂਤਕਾਲ ਵਿੱਚ ਕੀਤੇ ਗਏ ਕਾਰਜਾਂ ਦੀ ਵਰਤਮਾਨ ਵਿੱਚ ਪੁਸ਼ਟੀ ਕਰਨ ਤੋਂ ਹੈ ਕਿਉਂਕਿ ਨਾਬਾਲਗ ਵਿਅਕਤੀ ਦੁਆਰਾ ਕੀਤੇ ਗਏ ਇਕਰਾਰ ਪੂਰਣ ਰੂਪ ਵਿੱਚ ਵਿਅਰਥ ਹੁੰਦੇ ਹਨ, ਇਸ ਲਈ ਬਾਲਗ ਬਣਨ ਤੋਂ ਬਾਅਦ ਉਹ ਆਪਣੇ ਨਾਬਾਲਗਪਣ ਵਿੱਚ ਕੀਤੇ ਗਏ ਕਾਰਜਾਂ ਦੀ ਪੁਸ਼ਟੀ ਕਰਨ ਦਾ ਅਧਿਕਾਰ ਨਹੀਂ ਰੱਖਦਾ ਅਰਥਾਤ ਉਨ੍ਹਾਂ ਨੂੰ ਬਾਲਗ ਬਣਨ ਤੇ ਵੀ ਜਾਇਜ ਨਹੀਂ ਬਣਾਇਆ ਜਾ ਸਕਦਾ।

**ਉਦਾਹਰਣ: ਸੂਰਜ ਨਾਰਾਇਣ ਬਨਾਮ ਸੁੱਖੂ ਅਹੀਰ[2] ਦੇ** ਕੇਸ ਵਿੱਚ ਇੱਕ ਨਾਬਾਲਗ ਨੇ ਆਪਣੇ ਨਾਬਾਲਗ ਹੋਣ ਦੀ ਹਾਲਤ ਵਿੱਚ ਇੱਕ ਪ੍ਰਤਿਗਿਆ ਪੱਤਰ ਲਿਖ ਦਿੱਤਾ। ਬਾਅਦ ਵਿੱਚ ਬਾਲਗ ਬਣਨ ਤੇ ਉਸਨੇ ਪੁਰਾਣੇ ਪ੍ਰਤਿਗਿਆ ਪੱਤਰ ਦੇ ਬਲਦੇ ਇੱਕ ਨਵਾਂ ਪ੍ਰਤਿਗਿਆ ਪੱਤਰ ਲਿਖ ਦਿੱਤਾ। ਨਿਰਣਾਂ ਦਿੱਤਾ ਗਿਆ ਕਿ ਇਸ ਨਵੇਂ ਪ੍ਰਤਿਗਿਆ ਪੱਤਰ ਦੇ ਆਧਾਰ ਤੇ ਪੈਸਾ ਵਸੂਲ ਨਹੀਂ ਕੀਤਾ ਜਾ ਸਕੇਗਾ ਕਿਉਂਕਿ ਨਾਬਾਲਗ ਵਿਅਕਤੀ ਨੂੰ ਬਾਲਗਪਣ ਪ੍ਰਾਪਤ ਕਰਨ ਤੇ ਵੀ ਨਾਬਾਲਗ ਅਵਸਥਾ ਵਿੱਚ ਕੀਤੇ ਗਏ ਵਿਵਹਾਰਾਂ ਦੀ ਪੁਸ਼ਟੀ ਕਰਨ ਦਾ ਅਧਿਕਾਰ ਨਹੀ ਹੈ।

2. **ਅਵਰੋਧ ਨਹੀਂ (No Estoppel) –** ਭਾਰਤੀ ਗਵਾਹੀ ਐਕਟ, 1872 ਦੀ ਧਾਰਾ 15 ਅਨੁਸਾਰ ਕੋਈ ਵਿਅਕਤੀ ਆਪਣੇ ਕਥਨ, ਕਾਰਜ ਅਤੇ ਭੁੱਲ ਦੁਆਰਾ ਕਿਸੇ ਦੂਜੇ ਵਿਅਕਤੀ ਨੂੰ ਕਿਸੇ ਗੱਲ ਦੀ ਸਫਾਈ ਦਾ ਵਿਸ਼ਵਾਸ਼

ਦਿਵਾਉਦਾ ਹੈ ਅਤੇ ਇਸ ਵਿਸ਼ਵਾਸ਼ ਤੇ ਕਿਸੇ ਦੂਜੀ ਧਿਰ ਨੇ, ਜੇ ਪਹਿਲੀ ਧਿਰ ਨਾਲ ਕੋਈ ਵਿਵਹਾਰ ਕੀਤਾ ਹੈ ਤਾਂ ਪਹਿਲਾ ਵਿਅਕਤੀ ਬਾਅਦ ਵਿੱਚ ਇਸਦਾ ਵਿਰੋਧ ਨਹੀ ਕਰ ਸਕਦਾ।

**ਉਦਾਹਰਣ :** ਜੇ ਰਾਮ, ਸ਼ਾਮ ਨੂੰ ਕ੍ਰਿਸ਼ਨ ਦੇ ਸਾਹਮਣੇ ਕ੍ਰਿਸ਼ਨ ਦੀ ਕਾਰ ਨੂੰ ਵੇਚਣ ਦਾ ਮੁਆਇਦਾ ਕਰੇ ਅਤੇ ਕ੍ਰਿਸ਼ਨ ਚੁੱਪ ਰਹੇ ਤਾਂ ਬਾਅਦ ਵਿੱਚ ਕ੍ਰਿਸ਼ਨ, ਸ਼ਾਮ ਨੂੰ ਕਾਰ ਸਪੁਰਦ ਕਰਨ ਤੋਂ ਇਨਕਾਰ ਨਹੀਂ ਕਰ ਸਕਦਾ।

3. **ਕੁਝ ਮਾਮਲਿਆਂ ਨੂੰ ਛੱਡ ਕੇ ਹੋਰ ਵਿੱਚ ਮੁੜਾਈ ਨਹੀ (No Restitution except in certain Cases) :** ਮੁੜਾਈ ਤੋਂ ਭਾਵ ਕਿਸੇ ਇਕਰਾਰ ਅਧੀਨ ਪ੍ਰਾਪਤ ਕੀਤੀ ਗਈ ਵਸਤੂ ਜਾਂ ਧਨ ਨੂੰ ਉਸ ਇਕਰਾਰ ਦੇ ਵਿਅਰਥ ਹੋ ਜਾਣ ਤੇ ਵਾਪਸ ਪ੍ਰਾਪਤ ਕਰਨ ਦੇ ਅਧਿਕਾਰ ਤੋਂ ਹੈ।

**ਚਸ਼ਾਰੇ ਅਤੇ ਫਿਫੂਟ**[1] ਅਨੁਸਾਰ ਨਾਬਾਲਗ ਦੀ ਸਥਿਤੀ ਵਿੱਚ ਮੁੜਾਈ ਦੇ ਸਿਧਾਂਤ ਵਿੱਚ ਤਿੰਨ ਮਹੱਤਵਪੂਰਣ ਸਥਿਤੀਆਂ ਹੁੰਦੀਆਂ ਹਨ:

**ਪਹਿਲੀ –** ਜੇ ਨਾਬਾਲਗ ਧੋਖੇ ਨਾਲ ਕੁਝ ਵਸਤਾਂ ਪ੍ਰਾਪਤ ਕਰਦਾ ਹੈ ਅਤੇ ਵਸਤਾਂ ਉਸਦੇ ਕਬਜੇ ਵਿੱਚ ਹਨ ਤਾਂ ਮੁੜਾਈ ਦਾ ਅਧਿਕਾਰ ਹੋਵੇਗਾ।

**ਦੂਜੀ –** ਜੇ ਨਾਬਾਲਗ ਧੋਖੇ ਨਾਲ ਕੁਝ ਵਸਤਾਂ ਪ੍ਰਾਪਤ ਕਰਦਾ ਹੈ ਅਤੇ ਵਸਤਾਂ ਉਸਦੇ ਕਬਜੇ ਵਿੱਚ ਨਹੀ ਹਨ ਤਾਂ ਮੁੜਾਈ ਦਾ ਅਧਿਕਾਰ ਨਹੀ ਹੋਵੇਗਾ; ਅਤੇ

**ਤੀਜੀ –** ਜੇ ਨਾਬਾਲਗ ਧੋਖੇ ਨਾਲ ਕਰਜਾ ਪ੍ਰਾਪਤ ਕਰਦਾ ਹੈ ਤਾਂ ਨਾਬਾਲਗ ਨੂੰ ਭੁਗਤਾਨ ਲਈ ਮਜਬੂਰ ਨਹੀ ਕੀਤਾ ਜਾ ਸਕਦਾ।

4. **ਵਿਸ਼ਿਸ਼ਟ ਪਾਲਣਾਂ** (Specific Performanee) – ਵਿਸ਼ਿਸ਼ਟ ਪਾਲਣਾਂ ਦਾ ਭਾਵ ਇਕਰਾਰ ਦੀ ਪਾਲਣਾਂ ਦੀ ਮੰਗ ਉਸੇ ਰੂਪ ਵਿੱਚ ਕਰਨ ਤੋਂ ਹੈ, ਕਿਉਂਕਿ ਮੋਹਰੀ ਬੀਬੀ ਬਨਾਮ ਧਰਮੋ ਦਾਸ ਦੇ ਕੇਸ ਵਿੱਚ ਨਾਬਾਲਗ ਦੇ ਨਾਲ ਕੀਤੇ ਗਏ ਇਕਰਾਰਾਂ ਨੂੰ ਵਿਅਰਥ ਮੰਨਿਆ ਗਿਆ ਹੈ, ਇਸ ਲਈ ਵਿਸ਼ਿਸ਼ਟ ਪਾਲਣਾਂ ਦਾ ਨਿਯਮ ਨਾਬਾਲਗ ਵਿਅਕਤੀ ਤੇ ਲਾਗੂ ਨਹੀਂ ਹੁੰਦਾ ਅਰਥਾਤ ਅਦਾਲਤ ਵਿਸ਼ਿਸ਼ਟ ਪਾਲਣਾਂ ਦੇ ਆਦੇਸ਼ ਨਹੀਂ ਦੇ ਸਕਦੇਗੀ, ਪਰੰਤੂ ਜੇ ਸਰਪ੍ਰਸਤ ਨੇ ਨਾਬਾਲਗ ਦੇ ਲਾਭ ਲਈ ਕੋਈ ਇਕਰਾਰ ਕੀਤਾ ਹੈ ਅਤੇ ਸਰਪ੍ਰਸਤ ਨੇ ਆਪਣੇ ਅਧਿਕਾਰਾਂ ਤਹਿਤ ਹੀ ਕੋਈ ਇਕਰਾਰ ਕੀਤਾ ਹੈ ਤਾਂ ਵਿਸ਼ਿਸ਼ਟ ਪਾਲਣਾ ਦੀ ਮੰਗ ਕੀਤੀ ਜਾ ਸਕਦੀ ਹੈ।

**ਉਦਾਹਰਣ : ਜੀ. ਤੁਲਸੀ ਰਾਮ ਬਨਾਮ ਨੀਲਕੰਠ**[2] ਦੇ ਕੇਸ ਵਿੱਚ ਨਾਬਾਲਗ ਦੇ ਸਰਪ੍ਰਸਤ ਨੇ ਨਾਬਾਲਗ ਦੇ ਲਾਭ ਲਈ ਚੱਲ ਸੰਪਤੀ ਵੇਚੀ, ਨਿਰਣਾ ਦਿੱਤਾ ਗਿਆ ਕਿ ਵਿਸ਼ਿਸ਼ਟ ਪਾਲਣਾਂ ਦੀ ਮੰਗ ਇਸ ਵਿੱਚ ਕੀਤਾ ਜਾ ਸਕਦੀ ਹੈ।

5. **ਲਾਭਦਾਇਕ ਮੁਆਇਦਾ** (Beneficiary Contract) – ਸਾਮੰਡ ਅਨੁਸਾਰ ਕਾਨੂੰਨ ਨਾਬਾਲਗ ਵਿਅਕਤੀਆਂ ਦੀ ਰੱਖਿਆ ਕਰਦਾ ਹੈ, ਇਸ ਲਈ ਅਜਿਹੇ ਮੁਆਇਦੇ ਜੋ ਨਾਬਾਲਗ ਦੇ ਭਲੇ ਲਈ ਕੀਤੇ ਗਏ ਹਨ, ਜਿਨ੍ਹਾਂ ਵਿੱਚ ਨਾਬਾਲਗ ਦੀ ਕੋਈ ਵੀ ਵਿਅਕਤੀਗਤ ਜਿੰਮੇਵਾਰੀ ਨਹੀਂ ਹੁੰਦੀ, ਜਾਇਜ ਹਨ। ਉਹ ਮੁਆਇਦੇ ਨਿਮਨ ਹਨ:

ੳ. ਨੌਕਰੀ ਦੇ ਮੁਆਇਦੇ।

ਅ. ਟ੍ਰੇਨਿੰਗ ਸਬੰਧੀ ਮੁਆਇਦੇ।

ੲ. ਵਪਾਰਕ ਮੁਆਇਦੇ।

ੳ. **ਨੌਕਰੀ ਦੇ ਮੁਆਇਦੇ** (Service Contract) – ਜੇ ਕੋਈ ਸਰਪ੍ਰਸਤ ਨਾਬਾਲਗ ਵੱਲੋਂ ਪ੍ਰਤਿਫਲ ਦੇ ਬਦਲੇ ਨੌਕਰੀ ਦਾ ਮੁਆਇਦਾ ਕਰੇ ਤਾਂ ਉਸ ਨੂੰ ਜਾਇਜ ਮੰਨਿਆ ਜਾਵੇਗਾ।

**ਉਦਾਹਰਣ: ਰਾਜ ਰਾਣੀ ਬਨਾਮ ਪਰੇਮ ਅਦੀਬ**[2] ਦੇ ਕੇਸ ਵਿੱਚ ਰਾਜ ਰਾਣੀ ਜੋ ਨਾਬਾਲਗ ਸੀ, ਨੇ ਪ੍ਰੇਮ ਅਦੀਬ ਪਿਕਚਰਜ ਦੀ ਇੱਕ ਫਿਲਮ ਵਿੱਚ ਅਭਿਨੇਤਰੀ ਦਾ ਰੋਲ ਕਰਨ ਦਾ ਵਚਨ ਦਿੱਤਾ। ਮੁਆਇਦਾ ਰਾਜਰਾਣੀ ਦੇ ਪਿਤਾ ਨਾਲ ਹੋਇਆ। ਪ੍ਰੇਮ ਅਦੀਬ ਪਿਕਚਰਸ ਨੇ ਬਾਅਦ ਵਿੱਚ ਉਹੀ ਰੋਲ ਕਿਸੇ ਹੋਰ ਅਭਿਨੇਤਰੀ ਨੂੰ ਦੇ ਦਿੱਤਾ। ਇਸ ਮਾਮਲੇ ਵਿੱਚ ਬੰਬਈ ਹਾਈਕੋਰਟ ਨੇ ਫੈਸਲਾ ਦਿੱਤਾ ਕਿ ਪਿਤਾਅਤੇ ਲੜਕੀ ਦੋਵੇ ਹੀ ਕੇਸ ਨਹੀਂ ਚਲਾ ਸਕਦੇ ਕਿਉਂਕਿ ਜੇ ਮੁਆਇਦਾ ਰਾਜਰਾਣੀ ਨਾਲ ਕੀਤਾ ਸੀ ਤਾਂ ਨਾਬਾਲਗ ਹੋਣ ਕਾਰਨ ਵਿਅਰਥ ਹੋਵੇਗਾ ਅਤੇ ਜੇ ਉਸਦੇ ਸਰਪ੍ਰਸਤ ਦੇ ਅਧਾਰ ਤੇ ਕੀਤਾ ਗਿਆ ਹੈ ਤਾਂ ਪ੍ਰਤਿਫਲ ਨਾ ਹੋਣ ਕਾਰਨ ਵਿਅਰਥ ਹੋਵੇਗਾ।

ਅ. **ਟ੍ਰੇਨਿੰਗ ਮੁਆਇਦੇ** (Apprenticeship contract) – ਨਾਬਾਲਗ ਦੇ ਭਲੇ ਲਈ ਕੀਤੇ ਗਏ ਟ੍ਰੇਨਿੰਗ ਸਬੰਧੀ ਮੁਆਇਦੇ ਵੀ ਜਾਇਜ ਹੁੰਦੇ ਹਨ। **ਰਾਬਰਟਸ ਬਨਾਮ ਗ੍ਰੇ**[3] ਦੇ ਕੇਸ ਵਿੱਚ ਪ੍ਰਤਿਵਾਦੀ, ਜੋ ਨਾਬਾਲਗ ਸਨ, ਵਾਦੀ ਜੋ ਬਿਲੀਆਰਡ ਦੇ ਪ੍ਰਸਿੱਧ ਖਿਡਾਰੀ ਸਨ, ਨਾਲ ਮੁਆਇਦਾ ਕੀਤਾ ਗਿਆ ਕਿ ਵਿਸ਼ਵ ਦੇ ਦੌਰੇ ਵਿੱਚ ਉਹ ਉਨ੍ਹਾਂ ਨਾਲ ਰਹਿਣਗੇ। ਪ੍ਰਤਿਵਾਦੀ ਨੇ ਸਾਥ ਨਹੀਂ ਦਿੱਤਾ। ਪ੍ਰਤਿਵਾਦੀ ਨੂੰ ਦੇਣਦਾਰ ਠਹਿਰਾਇਆ ਗਿਆ।

ੲ. **ਵਪਾਰਕ ਮੁਆਇਦਾ** (Trading Contract) – ਨਾਬਾਲਗ ਦੁਆਰਾ ਕੀਤ ਗਏ ਉਹ ਮੁਆਇਦੇ ਜੋ ਕੋਈ ਜਿੰਮੇਵਾਰੀ ਨਹੀਂ ਪਾਉਂਦੇ ਸਗੋਂ ਨਾਬਾਲਗ ਲਈ ਲਾਭਦਾਇਕ ਹਨ, ਜਾਇਜ ਹਨ ਅਰਥਾਤ ਨਾਬਾਲਗ ਅਦਾਇਗੀ ਨਾ ਕਰਨ ਵਾਲਾ ਜਾਂ ਵਚਨ ਗ੍ਰਹਿਣ ਕਰਤਾ ਬਣ ਸਕਦਾ ਹੈ।

6. **ਲੋੜਾਂ ਲਈ ਕੀਤੇ ਮੁਆਇਦਿਆਂ ਵਿੱਚ ਨਾਬਾਲਗ ਦੀ ਜਿੰਮੇਵਾਰੀ** (Minors's Liability In Necessaries) – ਲੋੜਾਂ ਦੀ ਪੂਰਤੀ ਦੇ ਸਬੰਧ ਵਿੱਚ ਨਾਬਾਲਗ ਦੀ ਦੇਣਦਾਰੀ ਦਾ ਵਿਸ਼ਲੇਸ਼ਣ ਐਕਟ ਦੀ ਧਾਰਾ 68 ਵਿੱਚ ਕੀਤਾ ਗਿਆ ਹੈ। ਇਸ ਧਾਰਾ ਅਨੁਸਾਰ ''ਜੇ ਕਿਸੇ ਵਿਅਕਤੀ ਨੂੰ ਜੋ ਮੁਆਇਦਾ ਕਰਨ ਦੇ ਅਸਮਰੱਥ ਹੈ ਜਾਂ ਕਿਸੇ ਅਜਿਹੇ ਵਿਅਕਤੀ ਨੂੰ ਜਿਸ ਦੇ ਪਾਲਣ ਪੋਸ਼ਣ ਲਈ ਉਹ ਕਾਨੂੰਨੀ ਤੌਰ ਤੇ ਜਿੰਮੇਵਾਰ ਹੈ ਅਤੇ ਜੀਵਨ ਵਿੱਚ ਉਸਦੀ ਸਥਿਤੀ ਦੇ ਅਨੁਕੂਲ ਲੋੜੀਂਦੀਆਂ ਵਸਤਾਂ ਕਿਸੇ ਹੋਰ ਵਿਅਕਤੀ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਉਹ ਅਜਿਹੇ ਸਮਰੱਥ ਵਿਅਕਤੀ ਦੀ ਸੰਪਤੀ ਤੋਂ ਹਾਣਪੂਰਤੀ ਪ੍ਰਾਪਤ ਕਰਨ ਦਾ ਅਧਿਕਾਰੀ ਹੈ।

**ਉਦਾਹਰਣ:** A, B ਨੂੰ ਜੋ ਕਿ ਇੱਕ ਨਾਬਾਲਗ ਹੈ, ਉਸਦੇ ਜੀਵਨ ਦੀ ਸਥਿਤੀ ਦੇ ਯੋਗ ਲੋੜੀਂਦੀਆਂ ਵਸਤਾਂ ਪ੍ਰਦਾਨ ਕਰਦਾ ਹੈ। A, B ਦੀ ਸੰਪਤੀ ਤੋਂ ਪ੍ਰਤਿ ਪੂਰਤੀ ਕਰਾਉਣ ਦਾ ਹੱਕਦਾਰ ਹੈ।

ਇੱਕ ਵਿਅਕਤੀ ਲਈ ਜੋ ਵਸਤੂ ਐਸ਼ ਕਰਨ ਦੀ ਹੈ, ਉਹੀ ਦੂਜੇ ਵਿਅਕਤੀ ਲਈ ਜਰੂਰੀ ਹਹੋ ਸਕਦੀ ਹੈ। **ਚੈਪਲ ਬਨਾਮ ਕਪੂਰ**[1]**, ਟਿੱਕੀ ਲਾਲ ਬਨਾਮ ਕੋਮਲ ਚੰਦ**[2]**, ਪੀਟਰਸ ਬਨਾਮ ਫਲੇਮਿੰਗ**[3]**, ਕੇਦਾਰ ਨਾਥ ਬਨਾਮ ਅਯੁਧਿਆ ਪ੍ਰਸ਼ਾਦ**[4]**,** ਆਦਿ ਦੇ ਕੇਸਾਂ ਦੇ ਆਧਾਰ ਤੇ ਜਰੂਰਤਾਂ ਦੇ ਨਿਮਨ ਉਦਾਹਰਣ ਦਿੱਤੇ ਜਾ ਸਕਦੇ ਹਨ:

(i) ਨਾਬਾਲਗ ਅਤੇ ਉਸ ਤੇ ਨਿਰਭਰ ਵਿਅਕਤੀ ਦੇ ਪਾਲਣ-ਪੋਸ਼ਣ ਦੀਆਂ ਵਸਤਾਂ।
(ii) ਸਿੱਖਿਆ ਅਤੇ ਟ੍ਰੇਨਿੰਗ।
(iii) ਕਾਨੂੰਨੀ ਸਲਾਹ
(iv) ਆਵਾਜਾਈ ਦੇ ਸਾਧਾਰਣ ਸਾਧਨ।
(v) ਨਾਬਾਲਗ ਦੇ ਪਿਤਾ ਜੀ, ਮਾਤਾ ਜੀ ਆਦਿ ਦੀ ਮ੍ਰਿਤੂ ਤੇ ਧਾਰਮਿਕ ਕਾਰਵਾਈ ਤੇ ਕੀਤਾ ਗਿਆ ਖਰਚ।
(vi) ਕਾਨੂੰਨੀ ਵਿਆਹ ਸਬੰਧੀ ਖਰਚੇ।
(vii) ਦਵਾਈ, ਅਤੇ
(viii) ਜੋ ਵਸਤਾਂ ਜੀਵਨ ਪੱਧਰ ਦੇ ਅਨੁਕੂਲ ਹੋਣ, ਆਦਿ

ਉਪਰੋਕਤ ਜਰੂਰਤਾਂ ਲਈ ਵੀ ਨਾਬਾਲਗ ਨੂੰ ਤਾਂ ਹੀ ਦੇਣਾਰ ਠਹਿਰਾਇਆ ਜਾ ਸਕੇਗਾ ਜਦੋਂ ਕਿ ਇਹ ਸਿੱਧ ਹੋਵੇ ਕਿ :

(i) ਇਹ ਵਸਤਾਂ ਜੀਵਨ ਲਈ ਜਰੂਰੀ ਹਨ, ਅਤੇ
(ii) ਅਜਿਹੀਆਂ ਵਸਤਾਂ ਮੁਆਇਦਾ ਕਰਨ ਸਮੇਂ ਉਸ ਪਾਸ ਨਹੀਂ ਸਨ।

**7. ਨਾਬਾਲਗ ਏਜੰਟ ਦੇ ਰੂਪ ਵਿੱਚ (Minor as an Agant)** – ਏਜੰਟ ਉਹ ਵਿਅਕਤੀ ਹੈ ਜੋ ਨਿਯੁਕਤੀਕਾਰ ਦੇ ਨਾਂ ਤੇ ਅਤੇ ਉਸੇ ਦੇ ਲਾਭ ਲਈ ਕੰਮ ਕਰੇ। ਏਜੰਟ ਦਾ ਕਾਰਜਾਂ ਪ੍ਰਤਿ ਨਿਯੁਕਤੀਕਾਰ ਤੀਜੀ ਧਿਰ ਪ੍ਰਤਿ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ, ਖੁਦ ਏਜੰਟ ਨਹੀਂ। ਮੁਆਇਦਾ ਐਕਟ ਦੀ ਧਾਰਾ 184 ਦੇ ਅਨੁਸਾਰ ਨਾ ਬਾਲਗ ਵੀ ਏਜੰਟ ਬਣ ਸਕਦਾ ਹੈ, ਪਰੰਤੂ ਏਜੰਟ ਦੇ ਨਾ ਬਾਲਗ ਹੋਣ ਦੀ ਸੂਰਤ ਵਿੱਚ ਉਸ ਨੂੰ ਲਾਪਰਵਾਹੀ ਲਈ ਵੀ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕੇਗਾ।

**8. ਨਾ-ਬਾਲਗ ਭਾਈਵਾਲ ਦੇ ਰੂਪ ਵਿੱਚ (Minor as a Partner) -**

ਮੁਆਇਦਾ ਕਰਨ ਦੀ ਸਮਰੱਥਾ ਨਾ ਹੋਣ ਦੇ ਕਾਰਨ ਇੱਕ ਨਾ-ਬਾਲਗ ਵਿਅਕਤੀ ਨੂੰ ਸਾਧਾਰਣ ਤੌਰ ਤੇ ਭਾਈਵਾਲ ਨਹੀਂ ਬਣਾਇਆ ਜਾ ਸਕਦਾ, ਪਰੰਤੂ ਭਾਈਵਾਲੀ ਐਕਟ ਦੀ ਧਾਰਾ 30 ਅਨੁਸਾਰ ਹੋਰ ਸਾਰੇ ਭਾਈਵਾਲਾਂ ਦੀ ਸਹਿਮਤੀ ਨਾਲ ਉਸ ਨੂੰ ਫਰਮ ਦੇ ਲਾਭਾਂ ਵਿੱਚ ਭਾਈਵਾਲ ਦੇ ਰੂਪ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਅਜਿਹਾ ਨਾ-ਬਾਲਗ ਭਾਈਵਾਲ ਪਹਿਲਾਂ ਤੋਂ ਨਿਸ਼ਚਿਤ ਲਾਭਾਂ ਨੂੰ ਪ੍ਰਾਪਤ ਕਰ ਸਕਦਾ ਹੈ, ਪਰੰਤੂ ਪ੍ਰਬੰਧ ਵਿੱਚ ਭਾਗ ਨਹੀ ਲੈ ਸਕਦਾ ।

9. **ਨਾ-ਬਾਲਗ ਲਈ ਜਾਮਨ ਦੀ ਦੇਣਦਾਰੀ (Suret's Liability in Minor)-**

ਜੇ ਸਿਕਿਊਰਿਟੀ ਦੇ ਮੁਆਇਦੇ ਵਿੱਚ ਇੱਕ ਨਾਬਾਲਗ ਵਿਅਕਤੀ ਦਾ ਬਾਲਗ ਵਿਅਕਤੀ ਜਾਮਨ ਹੈ ਤਾਂ ਅ ਜਿਹਾ ਬਾਲਗ ਵਿਅਕਤੀ ਕਰਜ਼ਾਦਾਤਾ ਲਈ ਦੇਣਦਾਰ ਹੋਵੇਗਾ, ਨਾਬਾਲਗ ਵਿਅਕਤੀ ਨਹੀਂ।

10. **ਨਾ-ਬਾਲਗ ਸ਼ੇਅਰ ਹੋਲਡਰ ਦੇ ਰੂਪ ਵਿੱਚ (Minor as a Share holder)-**

ਆਮ ਕਰਕੇ ਇਕ ਨਾਬਾਲਗ ਕਿਸੇ ਕੰਪਨੀ ਦਾ ਸ਼ੇਅਰ ਹੋਲਡਰ ਨਹੀਂ ਬਣ ਸਕਦਾ, ਪਰੰਤੂ ਜੇ ਕੰਪਨੀ ਦੇ ਅੰਤਰ-ਨਿਯਮ ਅਜਿਹਾ ਕਰਨ ਦੀ ਮਨਾਹੀ ਨਹੀ ਕਰਦੇ ਤਾਂ ਨਾਬਾਲਗ ਨੂੰ ਸ਼ੇਅਰ ਹੋਲਡਰ ਬਣਾਇਆ ਜਾ ਸਕੇਗਾ, ਪਰਤੂ ਉਹ ਭਵਿਖ ਦੀਆਂ ਰਕਮ ਮੰਗਾਂ (call) ਲਈ ਦੇਣਦਾਰ ਨਹੀਂ ਹੋਵੇਗਾ।

**11. ਦਿਵਾਲੀਆ ਨਹੀ (No insolvency)-** ਕਿਉਂਕਿ ਨਾਬਾਲਗ ਮੁਆਇਦਾ ਕਰਨ ਦੀ ਸਮਰਥਾਂ ਨਹੀਂ ਰੱਖਦਾ, ਇਸ ਲਈ ਉਸ ਨੂੰ ਦਿਵਾਲੀਆਂ ਘੋਸ਼ਿਤ ਨਹੀਂ ਕੀਤਾ ਜਾ ਸਕਦਾ। ਇਥੋਂ ਤਕ ਕਿ ਜ਼ਰੂਰੀ ਵਸਤਾਂ ਦੇ ਮੁੱਲ ਨੂੰ ਨਾ ਚੁਕਾਉਣ ਤੇ ਵੀ ਉਹ ਦਿਵਾਲੀਆਂ ਘੋਸ਼ਿਤ ਨਹੀਂ ਕੀਤਾ ਜਾ ਸਕਦਾ।

12. **ਨਾਬਾਲਗ ਦ ਸਰਪ੍ਰਸਤ ਦੀ ਸਥਿਤੀ (Position of Minors's Guardian)-**

ਨਾਬਾਲਗ ਦੇ ਸਰਪ੍ਰਸਤ ਨੂੰ ਤਾਂ ਹੀ ਜਿੰਮੇਵਾਰ ਠਹਿਰਾਇਆ ਜਾ ਸਕਦਾ ਹੈ ਜਦੋਂ ਕਿ ਨਾ ਬਾਲਗ ਸਰਪ੍ਰਸਤ ਦੇ ਪ੍ਰਤਿਨਿਧੀ ਦੇ ਰੂਪ ਵਿੱਚ ਕੰਮ ਕਰ ਰਿਹਾ ਹੈ।

**13. ਸੰਯੁਕਤ ਮੁਆਇਦਾ (Joint Contract)-** ਜੇ ਕੋਈ ਮੁਆਇਦਾ ਬਾਲਗ ਅਤੇ ਨਾਬਾਲਗ ਨੇ ਸੰਯੁਕਤ ਰੂਪ ਵਿੱਚ ਕੀਤਾ ਹੈ ਤਾਂ ਨਾਬਾਲਗ ਜਿੰਮੇਵਾਰ ਨਹੀਂ ਹੋਵੇਗਾ, ਪਰੰਤੂ ਪੂਰਣ ਮੁਆਇਦੇ ਨੂੰ ਬਾਲਗ ਦੇ ਵਿਰੁੱਧ ਪੂਰਾ ਕਰਾਉਣ ਦਾ ਅਧਿਕਾਰ ਦੂਜੀ ਧਿਰ ਨੂੰ ਪ੍ਰਾਪਤ ਹੋਵੇਗਾ।

### 1.4.5 ਮਾਨਸਿਕ ਰੂਪ ਵਿੱਚ ਅਸਵਸਥ ਵਿਅਕਤੀ (Who are persons of unsoundmind )

ਮੁਆਇਦਾ ਐਕਟ ਦੀ ਧਾਰਾ 11 ਅਨੁਸਾਰ ਮਾਨਸਿਕ ਰੂਪ ਵਿੱਚ ਅਸਵਸਥ ਵਿਅਕਤੀ ਨੂੰ ਵੀ ਮੁਆਇਦਾ ਕਰਨ ਦੇ ਸਮਰੱਥ ਨਹੀਂ ਮੰਨਿਆ ਜਾਂਦਾ। ਇਸ ਨਾਲ ਸਬੰਧਤ ਕਾਨੂੰਨ ਨੂੰ ਨਿਮਨ ਲਿਖਿਤ ਲਾਈਨਾਂ ਵਿੱਚ ਸ਼ਪੱਸ਼ਟ ਕੀਤਾ ਗਿਆ ਹੈ :

ਮਾਨਸਿਕ ਰੂਪ ਵਿੱਚ ਸਵਸਥ ਕਦੋ ? (When Sound Mind) ?

ਮੁਆਇਦਾ ਐਕਟ ਦੀ ਧਾਰਾ 12 ਅਨੁਸਾਰ : ਹਰ ਉਹ ਵਿਅਕਤੀ ਮਾਨਸਿਕ ਰੂਪ ਵਿੱਚ ਸਵਸਥ ਆਖਿਆ ਜਾਵੇਗਾ ਜੋ ਮੁਆਇਦਾ ਕਰਦੇ ਸਮੇਂ ਮੁਆਇਦੇ ਨੂੰ ਠੀਕ ਢੰਗ ਨਾਲ ਸਮਝਦਾ ਹੈ ਅਤੇ ਉਹ ਮੁਆਇਦਾ ਉਸ ਦੇ ਹਿੱਤਾਂ ਨੂੰ ਕਿਸ ਤਰ੍ਹਾਂ ਪ੍ਰਭਵਿਤ ਕਰਦਾ ਹੈ, ਇਸ ਦੀ ਜਾਣਕਾਰੀ ਰੱਖਦਾ ਹੋਵੇ।''

ਇਸ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੈ ਕਿ ਹਰ ਅਜਿਹਾ ਵਿਅਕਤੀ ਮਾਨਸਿਕ ਰੂਪ ਵਿੱਚ ਸਵਸਥ ਮੰਨਿਆ ਜਾਵੇਗਾ ਜੋ ਮੁਆਇਦਾ ਕਰਦੇ ਸਮੇ :-

(i) ਮੁਆਇਦੇ ਦੀਆਂ ਸ਼ਰਤਾਂ ਨੂੰ ਸਮਝਣ ਦੀ ਸ਼ਕਤੀ ਰੱਖਦਾ ਹੋਵੇ; ਅਤੇ

(ii) ਮੁਆਇਦੇ ਦਾ ਉਸਤੇ ਹਿੱਤਾਂ ਤੇ ਪੈਣ ਵਾਲੇ ਪ੍ਰਭਾਵ ਦੀ ਸਮੀਖਿਆ ਕਰ ਸਕਦਾ ਹੋਵੇ।

**ਮੁਆਇਦਾ ਕਰਨ ਦੀ ਸਮਰੱਥਾਂ ਦੀ ਸੀਮਾਂ**

**(Extent of Contractual Capacity)**

ਧਾਰਾ 12 ਅਨੁਸਾਰ "ਅਜਿਹਾ ਕੋਈ ਵੀ ਵਿਅਕਤੀ ਜੋ ਸਾਧਾਰਣ ਤੌਂ ਤੇ ਮਾਨਸਿਕ ਰੂਪ ਵਿੱਚ ਅਸਵਸਥ ਰਹਿੰਦਾ ਹੈ, ਪਰੰਤੂ ਕਦੇ ਕਦੇ ਮਾਨਸਿਕ ਰੂਪ ਵਿੱਚ ਸਵਸਥ ਹੋ ਜਾਂਦਾ ਹੈ, ਤਾਂ ਹੀ ਮੁਆਞਿਦਾ ਕਰ ਸਕਦਾ ਹੈ ਜਦੋਂ ਉਹ ਮਾਨਸਿਕ ਰੂਪ ਵਿੱਚ ਸਵਸਥ ਹੋਏ।''

ਇਸੇ ਪ੍ਰਕਾਰ "ਆਮ ਕਰਕੇ ਮਾਨਸਿਕ ਰੂਪ ਵਿੱਚ ਸਵਸਥ, ਪਰੰਤੂ ਕਦੇ ਕਦੇ ਮਾਨਸਿਕ ਰੂਪ ਵਿੱਚ ਅਸਵਸਥ ਵਿਅਕਤੀ ਉਸ ਸਮੇਂ ਕੋਈ ਮੁਆਇਦਾ ਨਹੀ ਕਰ ਸਕਦਾ ਹੈ ਜਦੋ ਉਹ ਮਾਨਸਿਕ ਰੂਪ ਵਿੱਚ ਅਸਵਸਥ ਹੋਵੇ।''

ਇਹ ਵਿਸ਼ਲੇਸ਼ਣ ਇਸ ਗੱਲ ਤੇ ਬਲ ਦਿੰਦਾ ਹੈ ਕਿ ਮੁਆਇਦਾ ਕਰਨ ਵਾਲੀ ਧਿਰ ਮੁਆਇਦਾ ਕਰਦੇ ਸਮੇਂ ਮਾਨਸਿਕ ਰੂਪ ਵਿੱਚ ਅਸਵਸਥ ਨਹੀ ਹੋਣੀ ਚਾਹੀਦੀ। ਮੁਆਇਦੇ ਕਰਨ ਤੋਂ ਪਹਿਲਾ ਜਾਂ ਬਾਅਦ ਕਿਸੇ ਧਿਰ ਦੇ ਮਾਨਸਿਕ ਰੂਪ ਵਿੱਚ ਅਸਵਸਥ ਹੋਣ ਨਾਲ ਮੁਆਇਦੇ ਦੀ ਜਾਇਜ਼ਤਾਂ ਤੇ ਕੋਈ ਪ੍ਰਭਾਵ ਨਹੀ ਪਵੇਗਾ।

**1.4.7 ਮਾਨਸਿਕ ਰੂਪ ਵਿਚ ਅਸਵਸਥ ਵਿਅਕਤੀਆਂ ਦੀਆਂ ਕਿਸਮਾਂ (Kinds of the person of unsound Mind);-**

1. **ਜਨਮ ਤੋ ਮੂਰਖ (Idiot): - ਇਹ ਉਹ** ਵਿਅਕਤੀ ਹੈ ਜੋ ਜਨਮ ਤੋਂ ਹੀ ਮੂਰਖ ਅਤੇ ਮੁਆਇਦਾ ਦੀਆਂ ਸ਼ਰਤਾਂ ਅਤੇ ਪ੍ਰਭਾਵ ਨੂੰ ਸਮਝਣ ਦੀ ਸਮਰਥਾਂ ਨਹੀਂ ਰੱਖਦਾ।ਇਸ ਨੂੰ ਸਥਾਈ ਰੂਪ ਵਿੱਚ ਅਸਮਰੱਥ ਮੰਨਿਆ ਜਾਂਦਾ ਹੈ ਅਤੇ ਅਜਿਹੇ ਵਿਅਕਤੀਆਂ ਦੁਆਰਾ ਕੀਤੇ ਗਏ ਮੁਆਇਦੇ ਵਿਅਰਥ ਹੁੰਦੇ ਹਨ ।
2. **ਪਾਗਲ (Lunatic)-** ਅਜਿਹਾ ਵਿਅਕਤੀ ਜੋ ਕਿਸੇ ਅਚਾਨਕ ਦੁਰਘਟਨਾ, ਬੀਮਾਰੀ ਜਾਂ ਹਾਲਾਤ ਦੇ ਕਾਰਨ ਮਾਨਸਿਕ ਸੰਤੁਲਨ ਗੁਆ ਬੈਠਦਾ ਹੈ, ਪਾਗਲ ਅਖਵਾਉਦਾ ਹੈ। ਜਦੋਂ ਕਦੇ ਇਹ ਮਾਨਸਿਕ ਰੂਪ ਵਿਚ ਸਵਸਥ ਹੁੰਦਾ ਹੈ , ਉਸ ਸਮੇਂ ਇਹ ਮੁਆਇਦਾ ਕਰਨ ਦੇ ਯੋਗ ਮੰਨਿਆ ਜਾਂਦਾ ਹੈ।
3. **ਸ਼ਰਾਬੀ (Drunkard)-** ਜਦੋਂ ਕੋਈ ਵਿਅਕਤੀ ਇੰਨੀ ਸ਼ਰਾਬ ਪੀ ਲੈਂਦਾ ਹੈ ਕਿ ਉਹ ਆਪਣਾ ਵਿਵੇਕ ਗੁਆ ਬੈਠਦਾ ਹੈ, ਅਤੇ ਸ਼ਰਾਬੀ ਅਖਵਾਉਂਦਾ ਹੈ ਅਤੇ ਉਹ ਉਸ ਦੌਰਾਨ ਮੁਆਇਦਾ ਕਰਨ ਦੇ ਯੋਗ ਨਹੀਂ ਮੰਨਿਆ ਜਾਂਦਾ ਹੈ।
4. **ਹਿਪਨੋਟਿਜ਼ਮ (Hypnotism)-** ਜਦੋਂ ਤੱਕ ਕੋਈ ਵਿਅਕਤੀ ਨਕਲੀ ਨੀਂਦ ਵਿੱਚ ਰਹਿੰਦਾ ਹੈ, ਹਿਪਨੋਟਿਜ਼ਮ ਵਿੱਚ ਸਮਝਿਆ ਜਾਂਦਾ ਹੈ ਅਤੇ ਇਸ ਦੌਰਾਨ ਮੁਆਇਦਾ ਕਰਨ ਦੀ ਸਮਰੱਥਾਂ ਨਹੀ ਰੱਖਦਾ ਹੈ। ਇਹ ਅਸਥਾਈ ਅਸਮਰੱਥਾ ਹੈ।
5. **ਬੀਮਾਰੀ (Sickness)-** ਕਦੇ ਕਦੇ ਵਿਅਕਤੀ ਇੰਨਾਂ ਅਧਿਕ ਬੀਮਾਰ ਹੋ ਜਾਂਦਾ ਹੈ ਕਿ ਉਹ ਆਪਣੇ ਹੋਸ਼ ਹਵਾਸ਼ ਗੁਆ ਬੈਠਦਾ ਹੈ। ਇਸ ਦੌਰਾਨ ਉਹ ਵਿਅਕਤੀ ਵੀ ਮੁਆਇਦਾ ਕਰਨ ਦੇ ਯੋਗ ਨਹੀਂ ਹੁੰਦਾ ਹੈ
6. **ਮਾਨਸਿਕ ਅਯੋਗਤਾਂ (Mental decay)-** ਬੁਢਾਪੇ ਜਾਂ ਹੋਰ ਕਿਸੇ ਕਾਰਨ ਕਰਕੇ ਵਿਅਕਤੀ ਮਾਨਸਿਕ ਰੂਪ ਵਿੱਚ ਕਮਜ਼ੋਰ ਹੋ ਜਾਂਦਾ ਹੈ ਅਤੇ ਵਿਵੇਕਪੂਰਣ ਨਿਰਣਾ ਨਹੀਂ ਲੈ ਸਕਦਾ।

**1.4.8 ਕਾਨੂੰਨ ਦੁਆਰਾ ਅਯੋਗ ਘੋਸ਼ਿਤ ਵਿਅਕਤੀ (Disqualified Persons by law)**

ਭਾਰਤੀ ਮੁਆਇਦਾ ਐਕਟ ਦੀ ਧਾਰਾ 11 ਅਨੁਸਾਰ ਮੁਆਇਦਾ ਕਰਨ ਦੀ ਸਮਰੱਥਾਂ ਰੱਖਣ ਵਾਲੇ ਵਿਅਕਤੀਆਂ ਦਾ ਤੀਜਾ ਵਰਗ ਉਹਨ੍ਹਾਂ ਦਾ ਹੈ ਜਿਹਨਾਂ ਨੂੰ ਕਿਸੇ ਕਾਨੂੰਨ ਦੁਆਰਾ, ਜਿਸ ਦੇ ਉਹ ਅਧੀਨ ਹਨ, ਅਯੋਗ ਘੋਸ਼ਿਤ ਨਹੀਂ ਕੀਤਾ ਗਿਆ ਹੈ। ਅਰਥਾਤ ਕਿਸੇ ਵੀ ਵਿਅਕਤੀ ਨੂੰ ਜੇ ਉਸ ਤੇ ਲਾਗੂ ਹੋਣ ਵਾਲੇ ਕਾਨੂੰਨ ਦੁਆਰਾ ਅਯੋਗ ਘੋਸ਼ਿਤ ਕਰ ਦਿੱਤਾ ਗਿਆ ਹੈ ਤਾਂ ਉਹ ਮੁਆਇਦਾ ਕਰਨ ਦੀ ਯੋਗਤਾਂ ਨਹੀ ਰੱਖਦਾ ਹੈ। ਅਜਿਹੇ ਵਿਅਕਤੀਆਂ ਨੂੰ ਕਈ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ

1. **ਵਿਦੇਸ਼ੀ ਦੁਸ਼ਮਣ (Alien enemies)** ਕੁਝ ਪ੍ਰਤਿਬੰਧਾਂ ਨੂੰ ਛੱਡਕੇ ਸ਼ਾਂਤੀ ਦੇ ਸਮੇਂ ਵਿੱਚ ਵਿਦੇਸ਼ਤੀ ਮਿੱਤਰ ਭਾਰਤੀ ਨਾਗਰਿਕਾਂ ਨਾਲ ਮੁਆਇਦਾ ਕਰ ਸਕਦਾ ਹੈ, ਪਰਤੂ ਉਸਦੇ ਦੇਸ਼ ਅਤੇ ਭਾਰਤ ਦੇਸ਼ ਵਿਚਕਾਰ ਯੁੱਧ ਸ਼ੁਰੂ ਹੋ ਜਾਣ ਤੋਂ ਬਾਅਦ ਉਹ ਵਿਦੇਸ਼ੀ ਦੁਸ਼ਮਣ ਬਣ ਜਾਂਦਾ ਹੈ ਅਤੇ ਉਹ ਯੁੱਧ ਦੇ ਦੌਰਾਨ ਨਾ ਕਿਸੇ ਭਾਰਤੀ ਨਾਲ ਮੁਆਇਦਾ ਕਰ ਸਕਦਾ ਹੈ ਅਤੇ ਨਾ ਹੀ ਭਾਰਤੀ ਅਦਾਲਤਾਂ ਵਿੱਚ ਮੁਕਦਮਾਂ ਚਲਾ ਸਕਦਾ ਹੈ। ਇਸ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੈ ਕਿ :–

   (i) ਯੁੱਧ ਦੇ ਦੌਰਾਨ ਵਿਦੇਸ਼ੀ ਦੁਸ਼ਮਣ ਕਿਸੇ ਭਾਰਤੀ ਨਾਲ ਮੁਆਇਦਾ ਨਹੀਂ ਕਰ ਸਕਦਾ।

   (ii) ਯੁੱਧ ਦੇ ਦੌਰਾਨ ਵਿਦੇਸ਼ੀ ਦੁਸ਼ਮਣ ਭਾਰਤੀ ਅਦਾਲਤਾਂ ਵਿੱਚ ਮੁਕਦਮਾ ਨਹੀ ਚਲਾ ਸਕਦਾ।

   (iii) ਯੁੱਧ ਤੋਂ ਪਹਿਲਾਂ ਕੀਤੇ ਗਏ ਮੁਆਇਦੇ ਯੁੱਧ ਦੇ ਦੌਰਾਨ ਸਥਗਿਤ ਮੰਨੇ ਜਾਣਗੇ।

(iv) ਸਥਗਿਤ ਕੀਤਾ ਗਿਆ ਮੁਆਇਦਾ ਜੋ ਮਿਆਦ ਦੀ ਮਨਾਹੀ ਨਾ ਹੋਵੇ ਤਾਂ ਯੁੱਧ ਤੋਂ ਉਪਰੰਤ ਮੁੜ ਲਾਗੂ ਕੀਤਾ ਜਾਂ ਸਕਦਾ ਹੈ।

2. **ਵਿਦੇਸ਼ੀ ਸ਼ਾਸ਼ਕ (Foreign Sovereigns) ਵਿਦੇਸ਼ੀ** ਸ਼ਾਸ਼ਕ ਅਤੇ ਉਨ੍ਹਾਂ ਦੇ ਪ੍ਰਤਿਨਿਧੀ ਅਤੇ ਵਿਦੇਸ਼ੀ ਰਾਜਦੂਤ ਉਹ ਵਿਅਕਤੀ ਹਨ ਜਿਨ੍ਹਾਂ ਤੇ ਕੇਂਦਰੀ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਕਿਸੇ ਪ੍ਰਕਾਰ ਦਾ ਮੁਕਦਮਾ ਨਹੀਂ ਚਲਾ ਸਕਦੇ ਹਨ।

3. **ਸਜ਼ਾਯਾਫਤਾ ਵਿਅਕਤੀ (Convict) -** ਸਜ਼ਾਯਾਫਤਾ ਜਾਂ ਅਪਰਾਧੀ ਵਿਅਕਤੀ ਉਹ ਹੈ ਜੋ ਕਿਸੇ ਮਾਮਲੇ ਵਿੱਚ ਅਪਰਾਧੀ ਸਿੱਧ ਹੋਇਆ ਹੈ ਅਤੇ ਅਦਾਲਤ ਨੇ ਉਸ ਨੂੰ ਸਜ਼ਾ ਦਿੱਤੀ ਹੈ।ਅਜਿਹੇ ਵਿਅਕਤੀ ਨੂੰ ਮੁਆਇਦਾ ਕਰਨ ਦੇ ਅਯੋਗ ਮੰਨਿਆ ਜਾਂਦਾ ਹੈ। ਸਜ਼ਾਯਾਫਤਾ ਵਿਅਕਤੀ ਸਜ਼ਾ ਦੀ ਮਿਆਦ ਵਿੱਚ ਮੁਆਇਦਾ ਕਰਨ ਦੇ ਅਯੋਗ ਮੰਨਿਆ ਜਾਂਦਾ ਹੈ, ਪਰਤੂ ਸਜ਼ਾ ਦੀ ਮਿਆਦ ਤੋ ਪਹਿਲਾ ਜਾਂ ਬਾਅਦ ਵਿੱਚ ਉਹ ਮੁਆਇਦਾ ਕਰ ਸਕਦਾ ਹੈ।

4. **ਪਰਦਾਨਸ਼ੀਨ ਇਸਤਰੀਆਂ (Purda-Nashin Women)- ਉਹ** ਇਸਤਰੀਆਂ ਜੋ ਸਮਾਜ ਦੀ ਰੀਤੀ ਅਨੁਸਾਰ ਪੂਰਣ ਰੂਪ ਵਿੱਚ ਸਮਾਜ ਦੇ ਪ੍ਰਪੰਚਾਂ ਅਤੇ ਵਿਵਹਾਰਾਂ ਤੋਂ ਅਲਗ ਰਹਿੰਦੀਆਂ ਹਨ, ਪਰਦਾਨਸ਼ੀਨ ਇਸਤਰੀਆਂ ਅਖਵਾਉਂਦੀਆਂ ਹਨ।ਇਸਮਾਈਲ ਮੁਸਾਜੀ ਬਨਾਮ ਹਾਫ਼ਿਜਾ ਦੇ ਕੇਸ਼ ਵਿਚ ਫੈਸਲਾ ਕੀਤਾ ਗਿਆ ਜਿਹੜੀਆਂ ਇਸਤਰੀਆਂ ਗਵਾਹੀ ਦੇਣ ਲਈ ਅਦਾਲਤ ਜਾਂਦੀਆਂ ਹੋਣ, ਕਿਰਾਏਦਾਰਾਂ ਪਾਸੋਂ ਕਿਰਾਇਆ ਇੱਕਠਾ ਕਰਦੀਆਂ ਹੋਣ, ਪੁਰਸ਼ਾਂ ਨਾਲ ਵਪਾਰਕ ਵਿਵਹਾਰ ਕਰਦੀਆਂ ਹੋਣ, ਕੱਲਬਾਂ ਵਿੱਚ ਜਾਂਦੀਆਂ ਹੋਣ, ਉਹਨਾਂ ਨੂੰ ਪਰਦਾਨਾਸ਼ੀਨ ਇਸਤਰੀਆਂ ਨਹੀ ਕਿਹਾ ਜਾ ਸਕਦਾ। ਪਰਦਾਨਸ਼ੀਨ ਇਸਤਰੀਆਂ ਕੇਵਲ ਉਹ ਹਨ ਜੋ ਸਮਾਜਿਕ ਵਿਵਹਾਰਾਂ ਤੋ ਅਲਗ ਰਹਿੰਦੀਆਂ ਹਨ, ਇਸੇ ਕਾਰਨ ਅਦਾਲਤ ਮੰਨਦੀ ਹੈ ਕਿ ਉਨਾਂ ਨੂੰ ਅਣ ਉਚਿਤ ਰੂਪ ਵਿੱਚ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਸ ਲਈ ਉਹਨਾਂ ਨੂੰ ਮੁਆਇਦਾ ਕਰਨ ਦੇ ਪੂਰਣ ਯੋਗ ਨਹੀਂ ਮੰਨਿਆ ਜਾਂਦਾ ਹੈ।

5. **ਕੰਪਨੀ ਜਾਂ ਕਾਰਪੋਰੇਸ਼ਨ (Company or Corporation)-** ਕੰਪਨੀ ਜਾਂ ਕਾਰਪੋਰੇਸ਼ਨ ਕਾਨੂੰਨ ਦੁਆਰਾ ਨਿਰਮਿਤ ਬਣਾਉਟੀ ਵਿਅਕਤੀ ਹੈ । ਜਿਸ ਦਾ ਨਿਰਮਾਣ ਜਾਂ ਤਾਂ ਕੰਪਨੀ ਐਕਟ ਦੁਆਰਾ ਜਾਂ ਵਿਧਾਨ ਮੰਡਲਾਂ ਦੇ ਵਿਸ਼ੇਸ਼ ਐਕਟਾਂ ਅਧੀਨ ਹੁੰਦਾ ਹੈ।ਇਸ ਦੇ ਮੈਬਰਾਂ ਅਤੋਂ ਵੱਖ ਵਿਧਾਨਿਕ ਹੋਂਦ ਹੋਣ ਦੇ ਕਾਰਨ ਕੰਪਨੀ ਜਾਂ ਕਾਰਪੋਰੇਸ਼ਨ ਵਿਅਕਤੀਗਤ ਪ੍ਰਕ੍ਰਿਤੀ ਦੇ ਮੁਆਇਦੇ ਕਰਨ ਦੇ ਯੋਗ ਨਹੀਂ ਮੰਨੇ ਜਾਂਦੇ। ਇਹ ਅਯੋਗਤਾਂ ਜਾਂ ਤਾਂ ਪ੍ਰਕ੍ਰਿਤਕ ਹੈ ਜਿਥੇ ਕੰਪਨੀ ਨੂੰ ਏਜੰਟ ਦੇ ਮਾਧਿਆਮ ਰਾਹੀਂ ਮੁਆਇਦਾ ਕਰਨ ਦਾ ਅਧਿਕਾਰ ਹੈ ਜਾਂ ਵਿਧਾਨਿਕ ਜਿਥੇ ਕੰਪਨੀ ਜਾਂ ਕਾਰਪੋਰਸ਼ਨ ਕੰਪਨੀ ਸੀਮਾ ਨਿਯਮ ਅਤੇ ਕੰਪਨੀ ਦੇ ਅੰਤਰ ਨਿਯਮ ਵਿੱਚ ਪਰਿਭਾਸ਼ਤ ਅਧਿਕਾਰਾਂ ਤੋ ਬਾਹਰ ਕੰਮ ਨਹੀ ਕਰ ਸਕਦੀ ਨਹੀਂ ਤਾਂ ਅਧਿਕਾਰ ਖੇਤਰ ਦੇ ਬਾਹਰ ਕਾਰਜ ਹੋਣ ਦੇ ਕਾਰਨ ਉਹ ਵਿਅਰਥ ਹੋਣਗੇ।[1]

6. **ਦੀਵਾਲਿਆ (Insolvent)-** ਜਦੋਂ ਕਿਸੇ ਵਿਅਕਤੀ ਨੂੰ ਅਦਾਲਤ ਦੁਆਰਾ ਦੀਵਾਲੀਆ ਘੋਸ਼ਿਤ ਕਰ ਦਿੱਤਾ ਜਾਂਦਾ ਹੈ ਤਾਂ ਦੀਵਾਲੀਆਂ ਵਿਅਕਤੀਆਂ ਦੀ ਸਾਰੀ ਸੰਪਤੀ ਸਰਕਾਰੀ ਰੀਸੀਵਰ (Official Receiver) ਦੇ ਅਧਿਕਾਰ ਵਿਚ ਚਲੀ ਜਾਂਦੀ ਹੈ ਅਤੇ ਦੀਵਾਲੀਆ ਵਿਅਕਤੀ ਉਸ ਸੰਪਤੀ ਸਬੰਧੀ ਕੋਈ ਮੁਆਇਦਾ ਨਹੀਂ ਕਰ ਸਕਦਾ ਹੈ। ਅਦਾਲਤ ਤੋਂ ਮੁਕਤੀ ਆਦੇਸ਼ ਪ੍ਰਾਪਤ ਹੋਣ ਤੇ ਹੀ ਦੀਵਾਲੀਆ ਦੀ ਮੁਆਇਦਾ ਕਰਨ ਦੀ ਸਬੰਧੀ ਅਯੋਗਤਾ ਸਮਾਪਤ ਹੁੰਦੀ ਹੈ।

7. **ਭਾਰਤ ਦਾ ਰਾਸ਼ਟਰਪਤੀ (President of India)** ਭਾਰਤ ਦੇ ਰਾਸ਼ਟਰਪਤੀ ਤੇ ਭਾਰਤ ਦੇ ਕਿਸੇ ਕੋਰਟ ਵਿਚ ਕੇਸ ਨਹੀਂ ਪਾਇਆ ਜਾ ਸਕਦਾ ਹੈ।ਅਤੇ ਨਾ ਹੀ ਉਨ੍ਹਾਂ ਨੰ ਕਿਸੇ ਕੋਰਟ ਵਿੱਚ ਸੰਦਿਆ ਜਾ ਸਕਦਾ ਹੈ। ਭਾਰਤ ਵਿੱਚ ਸਾਰੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਹੀ ਕਰਦਾ ਹੈ। ਇਹ ਦੱਸਣ ਯੋਗ ਹੈ ਕਿ ਅਪ੍ਰੈਲ 1970 ਵਿਚ ਭਾਰਤ ਦੇ ਰਾਸ਼ਟਰਪਤੀ ਸ੍ਰੀ ਵੀ ਵੀ ਗਿਰੀ ਸੁਪਰੀਮ ਕੋਰਟ ਵਿੱਚ ਆਪਣੀ ਚੋਣ ਨੂੰ ਚਨੌਤੀ ਦੇਣ ਵਾਲੀ ਅਪੀਲ ਦੀ ਸੁਣਵਾਈ ਲਈ ਖੁਦ ਹਾਜ਼ਰ ਹੋਏ ਸਨ। ਉਹ ਭਾਰਤ ਦੇ ਰਾਸ਼ਟਰਪਤੀ ਦੀ ਹੈਸੀਅਤ ਵਿਚ ਨਹੀਂ ਸਗੋਂ ਸਾਧਾਰਣ ਨਾਗਰਕ ਦੇ ਰੂਪ ਵਿਚ ਹਾਜ਼ਰ ਹੋਏ ਸਨ।

8. **ਸ਼ਾਦੀਸ਼ੁਦਾ ਇਸਤਰੀ (Married Women)** ਭਾਰਤ ਵਿਚ ਮੁਆਇਦਾ ਕਰਨ ਦੇ ਸਬੰਧ ਵਿਚ ਇਸਤਰੀ ਅਤੇ ਪੁਰਸ਼ਾ ਨੂੰ ਸਮਾਨ ਮਹੱਤਤਾ ਦਿੱਤੀ ਜਾਂਦੀ ਹੈ। ਇਸਤਰੀ ਸ਼ਾਦੀ ਸ਼ੁਦਾ ਹੋਵੇ ਜਾਂ ਗੈਰ-ਸ਼ਾਦੀ ਸ਼ੁਦਾ, ਜੇ ਉਹ ਕਿਸੇ ਹੋਰ ਕਾਰਨ ਕਰਕੇ ਮੁਆਇਦਾ ਕਰਨ ਦੇ ਅਯੋਗ ਨਹੀਂ ਹੈ ਤਾਂ ਉਹ ਜਾਇਜ਼ ਮੁਆਇਦਾ ਕਰ ਸਕਦੀ ਹੈ, ਪਰਤੂ ਇਨ੍ਹਾਂ ਦੇਣਦਾਰੀਆਂ ਲਈ ਉਨ੍ਹਾਂ ਦਾ ਇਸਤਰੀ ਧਨ ਹੀ ਦੇਣ ਦਾਰ ਹੋਵੇਗਾ। ਇਕ ਸ਼ਾਦੀ ਸ਼ੁਦਾ ਇਸਤਰੀ ਲੋੜ ਸਮੇਂ ਆਪਣੇ ਪਤੀ ਦੀ ਏਜੰਟ ਹੁੰਦੀ ਹੈ, ਇਸ ਲਈ ਜ਼ਰੂਰੀ ਵਸਤਾਂ ਨਾਲ ਸਬੰਧਤ ਦੇਣਦਾਰੀ ਲਈ ਉਹ ਆਪਣੇ ਪਤੀ ਦੀ ਸੰਪਤੀ ਨੂੰ ਦੇਣਦਾਰ ਠਹਿਰਾ ਸਕਦੀ ਹੈ।

**ਪਾਠ ਨੰ. 1.5** **ਲੇਖਿਕਾ : ਰਾਜਵਿੰਦਰ ਕੌਰ**

# ਸੁਤੰਤਰ ਸਹਿਮਤੀ
## (Free Consent)

**1.5.0 ਪਰਿਭਾਸ਼ਾ (Definition)**
**1.5.1 ਸੁਤੰਤਰ ਸਹਿਮਤੀ ਕਦੋਂ (When Free Consent?)**
**1.5.2 ਜ਼ਬਰ (Coercion)**
**1.5.3 ਜ਼ਬਰ ਦੇ ਪ੍ਰਭਾਵ (Effects of Coercion)**
**1.5.4 ਅਣ-ਉੱਚਿਤ ਪ੍ਰਭਾਵ (Undue Influence)**
**1.5.5 ਜ਼ਬਰ ਅਤੇ ਅਣ-ਉੱਚਿਤ ਪ੍ਰਭਾਵ ਵਿਚਕਾਰ ਅੰਤਰ (Difference between coercion and undue influence)**
**1.5.6 ਕਪਟ (Fraud)**
**1.5.7 ਮਿਥਿਆ ਵਰਣਨ (Mis-representation)**
**1.5.8 ਮਿਥਿਆ ਵਰਣਨ ਦੇ ਪ੍ਰਭਾਵ (Effects of Mis-representation)**
**1.5.9 ਗਲਤੀ ਜਾਂ ਭੁੱਲ (Mistake)**

### 1.5.0 ਪਰਿਭਾਸ਼ਾ (Definition):

ਮੁਆਇਦਾ ਐਕਟ ਦੀ ਧਾਰਾ 13 ਅਨੁਸਾਰ : "ਜਦੋਂ ਦੋ ਜਾਂ ਅਧਿਕ ਵਿਅਕਤੀ ਇੱਕ ਹੀ ਵਿਸ਼ੇ ਤੇ ਇੱਕ ਹੀ ਭਾਵ ਨਾਲ ਸਹਿਮਤ ਹੋਣ ਤਾਂ ਉਨ੍ਹਾਂ ਵਿਚਕਾਰ ਸਹਿਮਤੀ ਆਖੀ ਜਾਵੇਗੀ" ਸਹਿਮਤੀ ਦੀ ਉਪਰੋਕਤ ਪਰਿਭਾਸ਼ਾ ਤੋ ਸਪੱਸ਼ਟ ਹੈ ਕਿ ਦੋ ਧਿਰਾਂ ਵਿਚਕਾਰ ਪੂਰਣ ਇਕਸੁਰਤਾ ਹੈ ਅਰਥਾਤ ਮੁਆਇਦੇ ਦਾ ਵਿਸ਼ਾ-ਵਸਤੂ ਧਿਰਾਂ ਦਾ ਭਾਵ, ਭਾਸ਼ਾ ਸੈਦੇ ਦੀ ਪ੍ਰਕਿਤੀ ਆਦਿ ਬਾਰੇ ਮੁਆਇਦੇ ਦੀਆਂ ਧਿਰਾਂ ਇੱਕ ਹੀ ਮਤ ਰੱਖਦੀਆਂ ਹਨ ਅਤੇ ਉਨ੍ਹਾਂ ਬਾਰੇ ਕਿਸੇ ਵੀ ਪ੍ਰਕਾਰ ਦਾ ਭ੍ਰਮ ਨਹੀਂ ਹੈ। ਇਹ ਸਮੀਖਿਆ ਤੋ ਸਹਿਮਤੀ ਦੇ ਤਿੰਨ ਲੱਛਣ ਉਭਰਕੇ ਸਾਹਮਣੇ ਆਓਦੇ ਹਨ:

ੳ) ਦੋ ਧਿਰਾਂ ਦਾ ਹੋਣਾ,
ਅ) ਇੱਕ ਵਿਸ਼ਾ, ਅਤੇ
ੲ) ਧਿਰਾਂ ਦਾ ਇੱਕ ਹੀ ਇਰਾਦਾ ਜਾਂ ਭਾਵ ਦਾ ਹੋਣਾ।

### 1.5.1 ਸੁਤੰਤਰ ਸਹਿਮਤੀ ਕਦੋਂ? (When Free Consent ?):

ਜਾਇਜ਼ ਮੁਆਇਦੇ ਦੇ ਨਿਰਮਾਣ ਲਈ ਧਿਰਾਂ ਵਿਚਕਾਰ ਸਹਿਮਤੀ ਹੋਣਾ ਹੀ ਕਾਫੀ ਨਹੀਂ ਹੈ ਸਗੋਂ ਉਨ੍ਹਾਂ ਵਿਚਕਾਰ ਸੁਤੰਤਰ ਸਹਿਮਤ (Free Consent ) ਦਾ ਹੋਣਾਂ ਵੀ ਜਰੂਰ ਹੈ। ਮੁਆਇਦਾ ਐਕਟ ਦੀ ਧਾਰਾ 14 ਅਨੁਸਾਰ ਸਹਿਮਤੀ ਸੁਤੰਤਰ ਉਸ ਸਮੇਂ ਦਿੱਤੀ ਜਾਵੇਗੀ ਜਦੋਂ ਉਹ ਨਿਮਨ ਵਿੱਚੋਂ ਕਿਸੇ ਤੋਂ ਵੀ ਪ੍ਰਭਾਵਤ ਨਾ ਹੋਵੇ।

**(i) ਜਬਰ (Conercion) ਧਾਰਾ 15 ਜਾਂ**
**(ii) ਅਣ-ਉਚਿਤ ਪ੍ਰਭਾਵ (Undue inluence) ਧਾਰਾ 16 ਜਾਂ**

**(iii) ਕਪਟ (Fraud) ਧਾਰਾ 17 ਜਾਂ**

**(iv) ਮਿਥਿਆ ਵਰਣਨ (Misrepresentation), ਧਾਰਾ 18 ਜਾਂ**

(v) **ਗਲਤੀ (Mistake) ਧਾਰਾਵਾਂ 20,21 ਅਤੇ 22**

ਸੁਤੰਤਰ ਸਹਿਮਤੀ ਦੀ ਉਪਰੋਕਤ ਪਰਿਭਾਸ਼ਾ ਤੋਂ ਸਪੱਸ਼ਟ ਹੈ ਕਿ ਜੇ ਕਿਸੇ ਧਿਰ ਪਾਸੋਂ ਜਬਰ, ਅਣ-ਉਚਿਤ ਪ੍ਰਭਾਵ, ਕਪਟ, ਮਿਥਿਆ-ਵਰਣਨ ਜਾਂ ਗਲਤੀ ਦੇ ਆਧਾਰ ਤੇ ਸਹਿਮਤੀ ਪ੍ਰਾਪਤ ਕੀਤਾ ਗਈ ਹੈ ਤਾਂ ਉਸ ਨੂੰ ਦੋਸ਼ਪੂਰਣ ਮੰਨਿਆ ਜਾਵੇਗਾ। ਇਸ ਦੋਸ਼ ਦਾ ਪ੍ਰਭਾਵ ਇਹ ਹੋਵੇਗਾ ਕਿ ਮੁਆਇਦਾ ਜਾਂ ਤਾਂ ਵਿਅਰਥ (Void) ਜਾਂ ਸੁੰਨਯੋਗ (voidable) ਹੋ ਜਾਵੇਗਾ। ਤੱਥ ਸਬੰਧੀ ਗਲਤੀ ਦੁਆਰਾ ਜੇ ਸਹਿਮਤੀ ਪ੍ਰਭਾਵਿਤ ਹੈ ਤਾਂ ਇਸ ਨੂੰ ਸੁਤੰਤਰ ਸਹਿਮਤੀ ਨਹੀ ਮੰਨਿਆ ਜਾਵੇਗਾ ਅਤੇ ਮੁਆਇਦਾ ਵਿਅਰਥ ਹੋਵੇਗਾ। ਇਸ ਤੋਂ ਇਲਾਵਾ ਹੇਠ ਸਥਿਤੀਆਂ ਵਿੱਚ ਮੁਆਇਦਾ ਸੁੰਨਯੋਗ ਹੋਵੇਗਾ।

### 1.5.2 ਜਬਰ (Coercion):

ਸਧਾਰਣ ਭਾਸ਼ਾ ਵਿੱਚ ਜਬਰ ਜਾਂ ਬਲ ਪ੍ਰਯੋਗ ਦਾ ਭਾਵ ਸਰੀਰਕ ਭੈ ਜਾਂ ਦਬਾਉ ਪਾਉਣ ਤੋਂ ਹੈ ਜੋ ਵਿਧਾਨ ਦੁਆਰਾ ਵਰਜਿਤ ਹੈ।ਜਦੋਂ ਸਹਿਮਤੀ ਇਸ ਪ੍ਰਕਾਰ ਦੇ ਭੈ ਦੇ ਆਧਾਰ ਤੇ ਪ੍ਰਾਪਤ ਕੀਤੀ ਜਾਂਦੀ ਹੈ ਤਾਂ ਉਸ ਨੂੰ ਜਬਰ ਦੁਆਰਾ ਪ੍ਰਾਪਤ ਕੀਤੀ ਗਈ ਸਹਿਮਤੀ ਮੰਨਦੇ ਹਨ ਅਤੇ ਇਹ ਸੁਤੰਤਰ ਸਹਿਮਤੀ ਨਹੀਂ ਮੰਨੀ ਜਾਂਦੀ। ਭਾਰਤੀ ਮੁਆਇਦਾ ਐਕਟ ਦੀ ਧਾਰਾ 15 ਅਨੁਸਾਰ :-

ਕਿਸੇ ਵਿਅਕਤੀ ਨਾਲ ਇਕਰਾਰ ਕਰਨ ਦੇ ਉਦੇਸ਼ ਨਾਲ ਕੋਈ ਅਜਿਹਾ ਕੰਮ ਕਰਨਾ ਜਾਂ ਕਰਨ ਦੀ ਧਮਕੀ ਦੇਣਾ ਜੋ ਭਾਰਤੀ ਦੰਡਾਵਲੀ ਦੁਆਰਾ ਵਰਜਿਤ ਹੈ ਜਾਂ ਕਿਸੇ ਵਿਅਕਤੀ ਦੀ ਸੰਪਤੀ ਨੂੰ ਉਸਦੇ ਹਿੱਤਾਂ ਦੇ ਵਿਰੁੱਧ ਅਵਿਧਾਨਿਕ ਰੂਪ ਵਿੱਚ ਰੋਕਣ ਜਾਂ ਰੋਕਣ ਦੀ ਧਮਕੀ ਦੇਣਾਂ 'ਜਬਰ' ਹੈ।

1. **ਭਾਰਤੀ ਦੰਡਾਵਲੀ ਦੁਆਰਾ ਵਰਜਿਤ ਕਾਰਜ ਕਰਨਾ (To commit an act forbidden by the Indian Penal Code) :-** ਕਿਸੇ ਧਿਰ ਦੁਆਰਾ ਕੋਈ ਵੀ ਅਜਿਹਾ ਕੰਮ ਕਰਨਾ ਜੋ ਭਾਰਤੀ ਦੰਡਾਵਲੀ ਦੁਆਰਾ ਵਰਜਿਤ ਕਾਰਜ ਹੈ, ਜਬਰ ਅਖਵਾਉਦਾ ਹੈ।ਹੱਤਿਆ, ਡਕੈਤੀ, ਬਲਤਕਾਰ ਆਦਿ ਇਸਦੇ ਉਦਾਹਰਣ ਹਨ।

**ਉਦਾਹਰਣ: ਰੰਗਨਾਯਕੰਮਾਂ ਬਨਾਮ ਅਲਵਰਸਟੀ[2] ਦੇ** ਕੇਸ ਵਿੱਚ ਇੱਕ 13 ਸਾਲਾਂ ਨਾਬਾਲਗ ਪਤਨੀ ਨੂੰ ਉਸਦੇ ਪਤੀ ਦੀ ਮ੍ਰਿਤੂ ਹੋ ਜਾਣ ਤੇ ਉਸਦੇ ਰਿਸ਼ਤੇਦਾਰਾਂ ਨੇ ਇੱਕ ਲੜਕੇ ਨੂੰ ਆਪਣੇ ਪੁੱਤਰ ਦੇ ਰੂਪ ਵਿੱਚ ਗੋਦ ਲੈਣ ਲਈ ਇਹ ਆਖਕੇ ਮਜ਼ਬੂਰ ਕੀਤਾ ਕਿ ਜਦੋਂ ਤੱਕ ਇਹ ਰਾਜੀ ਨਹੀਂ ਹੋਵੇਗੀ ਉਸ ਸਮੇਂ ਤੱਕ ਉਸਦੇ ਪਤੀ ਦੀ ਲਾਸ਼ ਨੂੰ ਦਾਹ-ਸੰਸਕਾਰ ਲਈ ਨਹੀ ਲੈ ਜਾਣ ਦਿੱਤਾ ਜਾਵੇਗਾ। ਅਦਾਲਤ ਨੇ ਫੈਸਲਾ ਦਿੱਤਾ ਕਿ ਵਿਧਵਾ ਦੀ ਸਹਿਮਤੀ ਜਬਰ ਨਾਲ ਪ੍ਰੇਰਿਤ ਸੀ, ਇਸ ਲਈ ਗੋਦ ਲੈਣ ਦਾ ਸਮਝੌਤਾ ਵਿਅਰਥ ਮੰਨਿਆ ਗਿਆ ਕਿਉਕਿ ਭਾਰਤੀ ਦੰਡਾਵਲੀ ਦੀ ਧਾਰਾ 297 ਅਨੁਸਾਰ ਇਹ ਕਾਰਜ ਕਰਨ ਦੀ ਮਨਾਹੀ ਹੈ।

2. **ਭਾਰਤੀ ਦੰਡਾਵਲੀ ਦੁਆਰਾ ਵਰਜਿਤ ਕਾਰਜ ਕਰਨ ਦੀ ਧਮਕੀ ਦੇਣਾ (To Threatenn to commit an act forbidden by the IPC) :-**

ਭਾਰਤੀ ਦੰਡਾਵਲੀ ਦੁਆਰਾ ਵਰਜਿਤ ਕਾਰਜਕਰਨ ਦੀ ਧਮਕੀ ਦੇਣਾ ਵੀ ਜਬਰ ਹੈ।

**ਉਦਾਹਰਣ :- ਰਾਮੇਸ਼ਵਰ ਪ੍ਰਮੇਸ਼ਵਰ ਨੂੰ ਜਾਨ** ਤੋਂ ਮਾਰ ਦੇਣ ਦੀ ਧਮਕੀ ਦੇ ਕੇ ਉਸ ਪਾਸੋ ਇੱਕ ਪ੍ਰਤਿਗਿਆ-ਪੱਤਰ ਤੇ ਹਸਤਾਖਰ ਕਰਾ ਲੈਂਦਾ ਹੈ।ਪ੍ਰਮੇਸ਼ਵਰ ਦੀ ਸਹਿਮਤੀ ਜਬਰ ਨਾਲ ਪ੍ਰਾਪਤ ਕੀਤੀ ਹੋਈ ਮੰਨੀ ਜਾਵੇਗੀ।

3. **ਸੰਪਤੀ ਨੂੰ ਗੈਰ - ਕਾਨੂੰਨੀ ਰੂਪ ਵਿੱਚ ਰੋਕਣਾ (Unlawful detention of property) :- ਜਦੋਂ** ਕਿਸੇ ਧਿਰ ਦੀ ਸੰਪਤੀ ਨੂੰ ਉਸਦੀ ਸਹਿਮਤੀ ਪ੍ਰਾਪਤ ਕਰਨ ਦੇ ਉਦੇਸ਼ ਨਾਲ ਗੈਰ ਕਾਨੂੰਨੀ ਰੂਪ ਵਿੱਚ ਰੋਕ ਲਿਆ ਜਾਂਦਾ ਹੈ ਤਾਂ ਸਹਿਮਤੀ ਜਬਰ ਤੋਂ ਪ੍ਰੇਰਿਤ ਮੰਨੀ ਜਾਂਦੀ ਹੈ

**ਉਦਾਹਰਣ :- ਮੁਥਿਆ ਚੇਟਿਅਰ ਬਨਾਮ ਕਰੂਪਨ ਚੱਟੀ[3] ਦੇ** ਕੇਸ ਵਿੱਚ ਇੱਕ ਏਜੰਟ ਨੇ ਵਪਾਰ ਨਾਲ ਸੰਬਧਤ ਪੁਸਤਕਾਂ ਨਵੇਂ ਏਜੰਟ ਨੂੰ ਦੇਣ ਤੋ ਉਸ ਸਮੇ ਤੱਕ ਮਨ੍ਹਾਂ ਕਰ ਦਿੱਤਾ ਜਦੋ ਤੱਕ ਕਿ ਨਿਯੁਕਤੀਕਾਰ ਉਸ ਨੂੰ ਸਾਰੀਆਂ ਜਿੰਮੇਵਾਰੀਆਂ ਤੋ ਮੁਕਤ ਨਹੀ ਕਰ ਦਿੰਦਾ । ਨਿਯੁਕਤੀਕਾਰ ਨੂੰ ਮੁਕਤੀ-ਪੱਤਰ ਦੇਣਾ ਪਿਆ। ਅਦਾਲਤ ਨੇ ਫੈਸਲਾ ਦਿੱਤਾ

ਕਿ ਨਿਯੁਕਤੀਕਾਰ ਦੀ ਸਹਿਮਤੀ ਜਬਰ ਨਾਲ ਪ੍ਰਾਪਤ ਕੀਤੀ ਗਈ ਹੈ। ਇਸ ਕਰਕੇ ਮੁਆਇਦਾ ਨਿਯੁਕਤੀਕਾਰ ਦੀ ਇੱਛਾ ਤੇ ਸੁੰਨਯੋਗ ਸੀ।

4. **ਸੰਪਤੀ ਨੂੰ ਗੈਰ-ਕਾਨੂੰਨੀ ਰੂਪ ਵਿੱਚ ਰੋਕਣ ਦੀ ਧਮਕੀ ਦੇਣਾ (Threat to detain any property unlawfully) :- ਕਿਸੇ** ਵਿਅਕਤੀ ਦੀ ਸੰਪਤੀ ਨੂੰ ਗੈਰ-ਕਾਨੂੰਨੀ ਰੂਪ ਵਿੱਚ ਰੋਕੀ ਰੱਖਣ ਦੀ ਧਮਕੀ ਦੇਣਾ ਵੀ ਜਬਰ ਮੰਨਿਆ ਜਾਵੇਗਾ।

**ਉਦਾਹਰਣ :- ਬਨਸ ਰਾਜ ਬਨਾਮ ਸੈਕਰਟਰੀ ਆਫ ਸਟੇਟ**[1] ਦੇ ਕੇਸ ਵਿੱਚ ਸਰਕਾਰ ਨੇ ਪੁੱਤਰ ਤੇ ਕੀਤੇ ਗਏ ਜੁਰਮਾਨੇ ਦੀ ਰਕਮ (ਜੋ ਉਸ ਨੇ ਅਦਾ ਨਹੀ ਕੀਤੀ ਸੀ) ਨੂੰ ਵਸੂਲ ਕਰਨ ਲਈ ਉਸ ਦੇ ਪਿਤਾ ਦੀ ਸੰਪਤੀ ਨੂੰ ਜਬਤ ਕਰਨ ਦੀ ਧਮਕੀ ਦਿੱਤੀ। ਧਮਕੀ ਦੇ ਕਾਰਨ ਪਿਤਾ ਨੇ ਜੁਰਮਾਨਾਂ ਭਰ ਦਿੱਤਾ। ਨਿਰਣਾ ਦਿੱਤਾ ਗਿਆ ਕਿ ਸਹਿਮਤੀ ਜਬਰ ਨਾਲ ਲਈ ਗਈ ਸੀ।

5. **ਜਬਰ ਦਾ ਪ੍ਰਯੋਗ (Use ofCoercion)- ਜਬਰ ਦਾ ਪ੍ਰਯੋਗ** ਮੁਆਇਦੇ ਦੀਆਂ ਧਿਰਾਂ ਦੁਆਰਾ ਹੀ ਕੀਤਾ ਜਾਵੇ ਇਹ ਜ਼ਰੂਰੀ ਨਹੀਂ ਹੈ, ਇਹ ਕਿਸੇ ਹੋਰ ਵਿਅਕਤੀ ਦੁਆਰਾ ਵੀ ਕੀਤਾ ਜਾ ਸਕਦਾ ਹੈ, ਅਤੇ ਇਹ ਵੀ ਜ਼ਰੂਰੀ ਨਹੀਂ ਹੈ ਕਿ ਇਸ ਦਾ ਪ੍ਰਯੋਗ ਮੁਆਇਦੇ ਦੀਆਂ ਧਿਰਾਂ ਦੇ ਵਿਰੁਧ ਹੀ ਹੋਵੇ, ਇਹ ਉਸਦੇ ਨਜ਼ਦੀਕੀ ਸਬੰਧੀ ਦੇ ਵਿਰੁੱਧ ਵੀ ਹੋ ਸਕਦਾ ਹੈ।

**ਉਦਾਹਰਣ :- ਰਾਮ, ਸ਼ਾਮ ਨੂੰ ਮਾਰ** ਮਕਾਉਣ ਦੀ ਧਮਕੀ ਦਿੰਦਾ ਹੈ, ਜੇ ਉਹ ਕ੍ਰਿਸ਼ਨ ਨੂੰ ਆਪਣਾ ਮਕਾਨ ਕਿਰਾਏ ਤੇ ਨਹੀ ਦੇਵੇਗਾ। ਸ਼ਾਮ ਕ੍ਰਿਸ਼ਨ ਨੂੰ ਮਕਾਨ ਕਿਰਾਏ ਤੇ ਦੇ ਦਿੰਦਾ ਹੈ। ਸਹਮਿਤੀ ਜ਼ਬਰ ਨਾਲ ਪ੍ਰੇਰਿਤ ਮੰਨੀ ਜਾਵੇਗੀ।

6. **ਜਬਰ ਦਾ ਉਦੇਸ਼ (Object of Coercion)- ਬਲ ਪ੍ਰਯੋਗ** ਦਾ ਉਦੇਸ਼ ਦੂਜੀ ਧਿਰ ਨੂੰ ਮੁਆਙਿਦਾ ਕਰਨ ਲਈ ਮਜਬੂਰ ਕਰਨਾ ਹੋਣਾ ਚਾਹੀਦਾ ਹੈ।

7. **ਜ਼ਬਰ ਦੀ ਥਾਂ (Place ofCoercion) - ਭਾਰਤੀ ਮੁਆਇਦਾ** ਐਕਟ ਦੀ ਧਾਰਾ 15 ਦੇ ਸਪੱਸ਼ਟੀਕਰਣ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਗੱਲ ਦੀ ਕੋਈ ਮਹੱਤਤਾ ਨਹੀਂ ਕਿ ਬਲ ਪ੍ਰਯੋਗ ਕੀਤੀ ਜਾਣ ਵਾਲੀ ਥਾਂ ਤੇ ਭਾਰਤੀ ਦੰਡਾਵਲੀ ਲਾਗੂ ਹੈ ਜਾਂ ਨਹੀ ਹੈ।

**ਉਦਾਹਰਣ :- ਸੰਮੁਦਰ** ਵਿੱਚ ਜਾ ਰਹੇ ਇੱਕ ਅੰਗਰੇਜ਼ੀ ਜਹਾਜ਼ ਤੇ ੳ ਨੇ ਅ ਤੋ ਡਰ ਕੇ ਇੱਕ ਸਮਝੌਤਾ ਕਰ ਲਿਆ। ੳ ਅਤੇ ਅ ਦੇ ਵਿਰੁੱਧ ਕਲਕੱਤਾ ਵਿੱਚ ਮੁਆਇਦੇ ਨੂੰ ਰੱਦ ਕਰਨ ਲਈ ਦਾਵਾ ਦਾਇਰ ਕੀਤਾ। ਇਹ ਮੰਨਿਆ ਗਿਆ ਕਿ ੳ ਦੀ ਸਹਿਮਤੀ ਜਬਰ ਨਾਲ ਪ੍ਰਾਪਤ ਕੀਤੀ ਗਈ ਸੀ ਕਿਉਕਿ ਡਰਾਉਣਾ ਭਾਰਤੀ ਦੰਡਵਾਲੀ ਦੁਆਰਾ ਸਜ਼ਾਯੋਗ ਹੈ ਭਾਵੇਂ ਅੰਗਰੇਜੀ ਕਾਨੂੰਨ ਦੇ ਅਨੁਸਾਰ ਇਹ ਸਜਾਯੋਗ ਨਹੀ ਸੀ।

### 1.5.3 ਜ਼ਬਰ ਦੇ ਪ੍ਰਭਾਵ (Effects of Coercion)

**1. ਸੁੰਨਯੋਗ (Voidable)- ਧਾਰਾ** 19 ਦੇ ਅਨੁਸਾਰ ਜਦੋਂ ਵਿਅਕਤੀ ਦੀ ਸਹਿਮਤੀ ਜਬ਼ਰ ਨਾਲ ਪ੍ਰਾਪਤ ਕੀਤੀ ਗਈ ਹੈ ਤਾਂ ਮੁਆਇਦਾ ਪੀੜਿਤ ਧਿਰ ਦੀ ਇੱਛਾ ਤੇ ਸੁੰਨਯੋਗ ਹੋਵੇਗਾ। ਅਰਥਾਤ ਪੀੜਿਤ ਧਿਰ ਜੇ ਚਾਹੇ ਤਾਂ ਮੁਆਇਦੇ ਨੂੰ ਦੂਜੀ ਧਿਰ ਪਾਸੋ ਪਾਲਣਾ ਕਰਾ ਸਕਦੀ ਹੈ ਅਤੇ ਜ਼ੇ ਚਾਹੇ ਤਾਂ ਇਸ ਨੂੰ ਵਿਅਰਥ ਕਰਾਰ ਦੇ ਸਕਦੀ ਹੈ।

2. **ਮੁੜਾਈ (Restitution)- ਭਾਰਤੀ ਮੁਆਇਦਾ ਐਕਟ ਦੀ ਧਾਰਾ 72 ਅਨੁਸਾਰ** ਜੇ ਜਬਰ ਦੇ ਨਤੀਜੇ ਵਜੋਂ ਕਿਸੇ ਵਿਅਕਤੀ ਨੂੰ ਕੋਈ ਵਸਤੂ ਜਾਂ ਧਨ ਦਿੱਤਾ ਗਿਆ ਹੈ ਤਾਂ ਉਸ ਨੂੰ ਉਹ ਵਸਤੂ ਜਾਂ ਧਨ ਪ੍ਰਾਪਤ ਕਰਨ ਦਾ ਹੱਕ ਹੋਵੇਗਾ।

ਇਸੇ ਪ੍ਰਕਾਰ ਮੁਆਇਦਾ ਐਕਟ ਦੀ ਧਾਰਾ 64 ਅਨੁਸਾਰ ਜੇ ਪੀੜਿਤ ਧਿਰ ਮੁਆਇਦੇ ਨੂੰ ਮਨਸੂਖ ਕਰਨ ਦੇ ਵਿਕਲਪ ਨੂੰ ਕੰਮ ਵਿੱਚ ਲਿਆਉਂਦੀ ਹੈ ਤਾਂ ਜੋ ਲਾਭ ਉਸ ਨੇ ਇਸ ਮੁਆਇਦੇ ਅਧੀਨ ਪ੍ਰਾਪਤ ਕੀਤਾ ਹੈ, ਉਹ ਉਸ ਨੂੰ ਵਾਪਸ ਮੋੜਨਾਂ ਹੋਵੇਗਾ।

**ਸਿੱਧ ਕਰਨ ਦਾ ਭਾਰ (Burden of Prooof) – ਜਾਬਰ** ਦੁਆਰਾ ਸਹਿਮਤੀ ਦੀ ਸਥਿਤੀ ਵਿੱਚ ਇਹ ਸਿੱਧ ਕਰਨ ਦਾ ਭਾਰ ਕਿ ਸਹਿਮਤੀ ਜਬਰ ਦੁਆਰਾ ਪ੍ਰਾਪਤ ਕੀਤੀ ਗਈ ਹੈ, ਉਸ ਵਿਅਕਤੀ ਦੇ ਸਿਰ ਹੁੰਦਾ ਹੈ ਜ਼ੋ ਜਬਰ ਦੇ ਆਧਾਰ ਤੇ ਮੁਆਇਦੇ ਨੂੰ ਮਨਸੂਖ ਕਰਨਾ ਚਾਹੁੰਦਾ ਹੈ।

### 1.5.4 ਅਣ–ਉਚਿਤ ਪ੍ਰਭਾਵ (Undue Influence)

**ਅਣ ਉਚਿਤ ਪ੍ਰਭਾਵ ਕੀ ਹੈ ? (What is Undue Influence ?)**

**ਲਾਰਡ ਹਾਲੈਂਡ ਦੇ ਅਨੁਸਾਰ, 'ਅਣ–ਉਚਿਤ** ਪ੍ਰਭਾਵ' ਦਾ ਭਾਵ ਇੱਕ ਵਿਅਕਤੀ ਦੁਆਰਾ ਦੂਜੇ ਵਿਅਕਤੀ ਤੇ ਉਸ ਦੇ ਅਧਿਕਾਰ ਦੇ ਅਣ–ਉਚਿਤ ਪ੍ਰਯੋਗ ਤੋਂ ਹੈ ਜ਼ੋ ਉਨਾਂ ਧਿਰਾਂ ਦਾ ਪਰਸਪਰ ਸੰਬਧਾਂ ਦੇ ਕਾਰਨ ਉਤਪੰਨ ਕਿਸੇ ਵਰਤਮਾਨ ਜਾਂ ਪੁਰਾਣੇ ਕਾਰਜਕਾਰੀ ਨਿਯੰਤਰਣ ਦੁਆਰਾ ਪ੍ਰਾਪਤ ਕੀਤਾ ਗਿਆ ਹੋਵੇ'।

ਭਾਰਤੀ ਮੁਆਇਦਾ ਐਕਟ ਦੀ ਧਾਰਾ 16 (1) ਅਨੁਸਾਰ, "ਜੇ ਦੋ ਧਿਰਾਂ ਵਿਚਕਾਰ ਅਜਿਹਾ ਸਬੰਧ ਹੈ ਜਿਸ ਨਾਲ ਇੱਕ ਧਿਰ ਦੂਜੀ ਧਿਰ ਦੀ ਇੱਛਾ ਨੂੰ ਪ੍ਰਭਾਵਿਤ ਕਰਨ ਦੀ ਸਥਿਤੀ ਵਿੱਚ ਹੈ ਅਤੇ ਉਹ ਆਪਣੀ ਇਸ ਸਥਿਤੀ ਦਾ ਉਪਯੋਗ ਉਸ ਦੂਜੀ ਧਿਰ ਤੋ ਅਣ–ਉਚਿਤ ਲਾਭ ਉਠਾਉਣ ਲਈ ਕਰਦੀ ਹੈ ਤਾਂ ਉਹਨਾਂ ਵਿਚਕਾਰ ਮੁਆਇਦਾ ਅਣ–ਉਚਿਤ ਪ੍ਰਭਾਵ ਤੋ ਪ੍ਰੇਰਿਤ ਮੰਨਿਆ ਜਾਵੇਗਾ।'

ਮੁਆਇਦਾ ਐਕਟ ਦੀ ਇਸ ਪਰਿਭਾਸ਼ਾ ਦੇ ਵਿਸ਼ਲੇਸ਼ਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕਿਸੇ ਵੀ ਧਿਰ ਦੀ ਸਹਿਮਤੀ ਨੂੰ ਅਣਉਚਿਤ ਪ੍ਰਭਾਵ ਤੋਂ ਪ੍ਰੇਰਿਤ ਤਾਂ ਹੀ ਮੰਨਿਆ ਜਾਵੇਗਾ ਜਦੋ ਕਿ (1) ਧਿਰਾਂ ਵਿਚਕਾਰ ਅਜਿਹੇ ਸਬੰਧ ਹਨ ਜਿਸ ਵਿੱਚ ਇੱਕ ਧਿਰ ਦੂਜੀ ਧਿਰ ਦੀ ਇੱਛਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ, (2) ਉਹ ਇਸ ਸਥਿਤੀ ਦਾ ਉਪਯੋਗ ਅਣ ਉਚਿਤ ਲਾਭ ਪ੍ਰਾਪਤ ਕਰਨ ਲਈ ਕਰਦਾ ਹੈ, ਅਤੇ (3) ਉਹ ਵਾਸਤਵ ਵਿੱਚ ਅਣ–ਉਚਿਤ ਲਾਭ ਪ੍ਰਾਪਤ ਕਰਦਾ ਹੈ।

ਉਪਰੋਕਤ ਸਾਰੇ ਵਿਚਾਰਾਂ ਦੇ ਅਧਿਐਨ ਤੋਂ ਅਣ–ਉਚਿੱਤ ਪ੍ਰਭਾਵ ਦੇ ਨਿਮਨ ਤੱਤ ਜਾਂ ਵਿਸ਼ੇਸ਼ਤਾਈਆਂ ਸਪੱਸ਼ਟ ਹੁੰਦੀਆਂ ਹਨ:

1. **ਅਣ–ਉਚਿੱਤ ਪ੍ਰਭਾਵ ਦੇ ਵਰਤੋਂ ਇੱਕ ਧਿਰ ਦੁਆਰਾ ਦੂਜੀ ਧਿਰ ਤੇ ਕੀਤੀ ਜਾਂਦੀ ਹੈ** (Undue influence is used by one party against the other) – ਮੁਆਇਦੇ ਦੀਆਂ ਧਿਰਾਂ ਵਿੱਚੋ ਕਿਸੇ ਇੱਕ ਧਿਰ ਦੁਆਰਾ ਦੂਜੀ ਧਿਰਤੇ ਅਣ–ਉਚਿਤ ਪ੍ਰਭਾਵ ਪਾ ਕੇ ਸਹਿਮਤੀ ਪ੍ਰਾਪਤ ਕਰਨ ਨੂੰ ਹੀ ਅਣ–ਉਚਿਤ ਪ੍ਰਭਾਵ ਕਿਹਾ ਜਾਵੇਗਾ। ਕਿਸੇ ਅਜਨਬੀ ਦੇ ਪ੍ਰਭਾਵਦੀ ਇਹਨਾਂ ਵਿਵਹਾਰਾਂ ਵਿੱਚ ਕੋਈ ਮਹੱਤਤਾ ਨਹੀਂ ਹੈ।

**ਉਦਾਹਰਣ: –** ਅਰੁਣ ਨੇ ਸਤਿੰਦਰ ਤੋਂ ਆਪਣੇ ਪ੍ਰਭਾਵ ਦਾ ਉਪਯੋਗ ਕਰ ਕੇ ਉਸ ਨੂੰ ਸੁਭਾਸ਼ ਨਾਲ ਮੁਆਇਦਾ ਕਰਨ ਲਈ ਪ੍ਰੇਰਿਤ ਕੀਤਾ। ਇਹ ਅਣ–ਉਚਿਤ ਪ੍ਰਭਾਵ ਤੋਂ ਪ੍ਰੇਰਿਤ ਸਹਿਮਤੀ ਨਹੀਂ ਸਮਝੀ ਜਾਵੇਗੀ।

2. **ਧਿਰਾਂ ਵਿਚਕਾਰ ਸਬੰਧ ਦੀ ਹੋਣ** (Existence of relationship between parties)– ਅਣ–ਉਚਿਤ ਪ੍ਰਭਾਵ ਦਾ ਦੂਜਾ ਮਹੱਤਪੂਰਣ ਤੱਤ ਇਹ ਹੈ ਕਿ ਮੁਆਇਦੇ ਦੀਆਂ ਧਿਰਾਂ ਵਿਚਕਾਰ ਅਜਿਹੇ ਸਬੰਧ ਹਨ ਜਿਹਨ੍ਹਾਂ ਵਿੱਚ ਇੱਕ ਧਿਰ ਦੂਜੀ ਧਿਰ ਦੀ ਇੱਛਾ ਨੂੰ ਪ੍ਰਭਾਵਿਤ ਕਰਨ ਦੀ ਸਥਿਤੀ ਵਿੱਚ ਤਾਂ ਹੀ ਸਮਝਿਆ ਜਾਵੇਗਾ, ਜਦੋਂ ਕਿ :-

ੳ) ਇੱਕ ਵਿਅਕਤੀ ਨੂੰ ਦੂਜੇ ਵਿਅਕਤੀ ਤੇ ਵਾਸਤਵਿਕ ਅਧਿਕਾਰ ਪ੍ਰਾਪਤ ਹੋਵੇ, ਜਾਂ

ਅ) ਧਿਰਾਂ ਵਿਚਕਾਰ ਵਿਸ਼ਵਾਸ਼–ਆਸਰਿਤ ਸਬੰਧ ਹੋਣ, ਜਾਂ

ੲ) ਜਿਸ ਨਾਲ ਮੁਆਇਦਾ ਕੀਤਾ ਜਾ ਰਿਹਾ ਹੋਵੇ, ਉਸ ਨੂੰ ਮਾਨਸਿਕ ਕਸ਼ਟ ਹੋਵੇ।

ੳ) **ਵਾਸਤਵਿਕ ਜਾਂ ਪ੍ਰਗਟ ਅਧਿਕਾਰ** (Real or apparent authority) – ਜਦੋਂ ਇੱਕ ਧਿਰ ਦੂਜੀ ਧਿਰ ਤੇ ਵਾਸਤਵਿਕਜਾਂ ਪ੍ਰਗਟ ਅਧਿਕਾਰ ਰੱਖਦੀ ਹੈ ਤਾਂ ਓਸ ਨੂੰ ਅਣ–ਉੱਚਿਤ ਪ੍ਰਭਾਵ ਪਾਉਣ ਦੀ ਸਥਿਤੀ ਵਿੱਚ ਸਮਝਿਆ ਜਾਵੇਗਾ। ਨਿਮਨ ਨੂੰ ਇਸ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ–

ਆਮਦਨ ਕਰ ਅਧਿਕਾਰੀ ਅਤੇ ਕਰਦਾਤਾ,
ਮੈਜਿਸਟ੍ਰੇਟ ਅਤੇ ਕਰਜਦਾਰ
ਜਿਮੀਦਾਰ ਅਤੇ ਕਿਸਾਨ,
ਮਾਲਕ ਅਤੇ ਨੌਕਰ ਆਦਿ।

ਅ) **ਵਿਸ਼ਵਾਸ ਆਸਰਿਤ ਸਬੰਧ** (Fiduciary Relationship) – ਜਦੋਂ ਧਿਰਾਂ ਵਿਚਕਾਰ ਅਜਿਹੇ ਸਬੰਧ ਹੋਣ ਜਿਹਨ੍ਹਾਂ ਵਿੱਚ ਇੱਕ ਦੂਜੇ ਤੇ ਭਰੋਸਾ ਜਾਂ ਵਿਸ਼ਵਾਸ਼ ਕੀਤਾ ਜਾਣਾ ਜਰੂਰੀ ਹੈ ਤਾਂ ਅਜਿਹੇ ਸਬੰਧਾਂ ਨੂੰ ਵਿਸ਼ਵਾਸ਼-ਆਸ਼ਰਿਤ ਸਬੰਧ ਆਖਦੇ ਹਨ। ਇਸ ਦੇ ਕੁਝ ਉਦਾਹਰਣ ਨਿਮਨ ਹਨ:

- ਮਾਤਾ-ਪਿਤਾ ਅਤੇ ਬੱਚੇ
- ਸਰਪ੍ਰਸਤ ਅਤੇ ਆਸਰਿਤ
- ਟ੍ਰਸਟੀ ਅਤੇ ਲਾਭ ਪ੍ਰਾਪਤ ਕਰਤਾ
- ਅਧਿਆਤਮਕ ਗੁਰੂ ਅਤੇ ਸ਼ਿਸ਼
- ਡਾਕਟਰ ਅਤੇ ਮਰੀਜ
- ਏਜੰਟ ਅਤੇ ਜਿਯੁਕਤੀ ਕਰਤਾ

**ਉਦਾਹਰਣ:** ਸੁਰੇਸ਼ ਬਹੁਤ ਅਧਿਕ ਬੀਮਾਰ ਸੀ। ਡਾ. ਰਮੇਸ਼ ਨੇ ਉਸ ਨੂੰ ਤਾਂ ਹੀ ਦਵਾਈ ਦੇਣ ਲਈ ਕਿਹਾ ਜਦੋਂ ਉਹ ਉਸਨੂੰ 1000/-ਰੁਪਏ ਦੇਵੇ। ਸੁਰੇਸ਼ ਤਿਆਰ ਹੋ ਜਾਂਦਾ ਹੈ। ਮੁਆਇਦੇ ਨੂੰ ਮਨਸੂਖ ਕਰਾਇਆ ਜਾ ਸਕਦਾ ਹੈ।

**ਉਦਾਹਰਣ: ਸ਼ੇਰ ਸਿੰਘ ਬਨਾਮ ਪ੍ਰਿਥੀ ਸਿੰਘ**[2] ਦੇ ਕੇਸ ਵਿੱਚ ਵਾਦੀ 80-90 ਸਾਲ ਦਾ ਇੱਕ ਅਨਪੜ੍ਹ ਪੁਰਸ਼ ਸੀ ਜੋ ਸ਼ਰੀਰਕ ਅਤੇ ਮਾਨਸਿਕ ਕਸ਼ਟ ਤੋਂ ਪਰੇਸ਼ਾਨ ਸੀ। ਪ੍ਰਤਿਵਾਦੀ ਜੋ ਉਸ ਦੀ ਦੇਖ ਭਾਲ ਕਰਦੇ ਸਨ, ਉਨ੍ਹਾਂ ਨੇ ਵਾਦੀ ਪਾਸੋਂ ਇੱਕ ਉਪਹਾਰ ਲਿਖਤ ਪ੍ਰਾਪਤ ਕਰ ਲਈ। ਨਿਰਣਾ ਦਿੱਤਾ ਗਿਆ ਕਿ ਉਪਹਾਰ ਲਿਖਤ ਦੀ ਸਹਿਮਤੀ ਅਣ-ਉਚਿਤ ਪ੍ਰਭਾਵ ਤੋਂ ਪ੍ਰੇਰਿਤ ਸੀ।

3. **ਇਸ ਸਥਿਤੀ ਦਾ ਉਪਯੋਗ ਅਣ-ਉਚਿਤ** ਲਾਭ ਪ੍ਰਾਪਤ ਕਰਨ ਲਈ ਕੀਤਾ ਗਿਆ ਹੋਵੇ (Use of this position to obtain unfair advantage) ਜੇ ਕੋਈ ਧਿਰ ਅਣ-ਉਚਿਤ ਪ੍ਰਭਾਵ/ਪਾਉਣ ਦੀ ਸਥਿਤੀ ਵਿੱਚ ਹੁੰਦੇ ਹੋਏ ਵੀ ਇਸ ਸਥਿਤੀ ਦਾ ਉਪਯੋਗ ਅਣ-ਉਚਿਤ ਲਾਭ ਪ੍ਰਾਪਤ ਕਰਨ ਲਈ ਨਹੀਂ ਕਰਦੀ ਤਾਂ ਸਹਿਮਤੀ ਅਣ-ਉਚਿਤ ਤੋਂ ਪ੍ਰੇਰਿਤ ਨਹੀ ਸਮਝੀ ਜਾਵੇਗੀ। ਸਹਿਮਤੀ ਤਾਂ ਹੀ ਅਣ-ਉਚਿਤ ਪ੍ਰਭਾਵ ਤੋਂ ਪ੍ਰੇਰਿਤ ਸਮਝੀ ਜਾਵੇਗੀ ਜਦੋਂ ਕਿ ਇੱਕ ਧਿਰ ਨੇ ਇਸ ਦਾ ਉਪਯੋਗ ਆਪਣੇ ਦੁਆਰਾ ਅਣ-ਉਚਿਤ ਲਾਭ ਪ੍ਰਾਪਤ ਕਰਨ ਲਈ ਕੀਤਾ ਹੋਵੇ।

**ਉਦਾਹਰਣ:** ਅਤੁਲ ਜੋ ਅਰੁਣ ਦਾ ਮੁਵਿੱਕਲ ਸੀ, ਨੂੰ ਅਣ-ਉਚਿਤ ਫੀਸ ਦੇਣ ਲਈ ਵਕੀਲ ਅਰੁਣ ਨੇ ਸਹਿਮਤ ਕਰ ਲਿਆ। ਸਹਿਮਤ ਜਬਰ ਤੋਂ ਪ੍ਰੇਰਿਤ ਮੰਨੀ ਜਾਵੇਗੀ।

4. **ਧਿਰ ਨੂੰ ਅਣ-ਉਚਿੱਤ ਲਾਭ ਮਿਲਿਆ ਹੋਵੇ** (Party obtained unfair advantage)- ਜਦੋਂ ਇੱਕ ਧਿਰ ਜ਼ੋ ਦੂਜੀ ਧਿਰ ਤੇ ਅਣ-ਉਚਿਤ ਪ੍ਰਭਾਵ ਪਾਉਣ ਦੀ ਸਥਿਤੀ ਵਿੱਚ ਹੈ, ਉਹ ਇਸ ਅਣ-ਉਚਿਤ ਪ੍ਰਭਾਵ ਦਾ ਉਪਯੋਗ ਕਰਦੀ ਹੈ ਅਤੇ ਉਸ ਤੋਂ ਉਸ ਨੂੰ ਅਣ-ਉਚਿਤ ਲਾਭ ਮਿਲ ਜਾਂਦਾ ਹੈ ਤਾਂ ਸਹਿਮਤੀ ਅਣ-ਉਚਿਤ ਪ੍ਰਭਾਤ ਤੋਂ ਦੂਸ਼ਿਤ ਮੰਨੀ ਜਾਵੇਗੀ। ਜੇ ਉਸ ਨੂੰ ਇਸ ਸਥਿਤੀ ਦਾ ਉਪਯੋਗ ਕਰਨ ਤੋਂ ਬਾਅਦ ਵੀ ਕੋਈ ਲਾਭ ਨਹੀ ਹੁੰਦਾ ਤਾਂ ਇਸਨੂੰ ਸਹਿਮਤੀ ਦਾ ਦੋਸ਼ ਨਹੀ ਆਖਾਂਗੇ।

**ਅਣ-ਉਚਿਤ ਪ੍ਰਭਾਵ ਦਾ ਪ੍ਰਭਾਵ** (Effects of undue infulence)

1. **ਸੁੰਨਯੋਗ** (Voidable)- ਅਣ-ਉਚਿਤ ਪ੍ਰਭਾਵ ਨਾਲ ਕਿਸ ਧਿਰ ਦੀ ਸਹਿਮਤੀ ਪ੍ਰਾਪਤ ਕਰਨ ਦੀ ਸਥਿਤੀ ਵਿੱਚ ਮੁਆਇਦਾ ਐਕਟ ਦੀ ਧਾਰਾ 19-A ਅਨੁਸਾਰ ਮੁਆਇਦਾ ਪੀੜਿਤ ਧਿਰ ਦੀ ਇੱਛਾ ਤੇ ਸੁੰਨਯੋਗ ਹੋਵੇਗਾ।

2. **ਰੱਦ ਕਰਨਾ** (Set aside) – ਧਾਰਾ 19-A ਅਨੁਸਾਰ ਹੀ ਜੇ ਅਦਾਲਤ ਉਚਿਤ ਮੰਨੇ ਤਾਂ ਉਹ ਮੁਆਇਦੇ ਨੂੰ ਪੂਰਣ ਰੂਪ ਵਿੱਚ ਜਾਂ ਸ਼ਰਤ ਸਹਿਤ ਰੱਦ ਕਰ ਸਕੇਗੀ।

## ਸਿੱਧ ਕਰਨ ਦਾ ਭਾਰ (Burden of Proof)

**ਧਾਰਾ 16(3)** ਅਨੁਸਾਰ ਪੀੜਿਤ ਧਿਰ ਦੁਆਰਾ ਮੁਆਇਦੇ ਨੂੰ ਰੱਦ ਕਰਨ ਦੀ ਬੇਨਤੀ ਕਰਨ ਤੇ ਇਹ ਸਿੱਧ ਕਰਨ ਦਾ ਭਾਰ ਕਿ ਸਹਿਮਤੀ ਅਣ-ਉਚਿਤ ਪ੍ਰਭਾਵ ਨਾਲ ਪ੍ਰੇਰਿਤ ਨਹੀਂ ਸੀ, ਉਸ ਵਿਅਕਤੀ ਦੇ ਸਿਰ ਹੋਵੇਗਾ ਜ਼ੋ ਕਿ ਦੂਰੀ ਧਿਰ ਦੀ ਇੱਛਾ ਨੂੰ ਪ੍ਰਭਾਵਿਤ ਕਰਨ ਦੀ ਸਥਿਤੀ ਵਿੱਚ ਹੈ।

**ਅਨੈਤਿਕ ਜਾਂ ਅਣ-ਉਚਿਤ ਸੌਦੇ** (Unconscionable transactions) - ਜਦੋਂ ਇੱਕ ਅਜਿਹਾ ਵਿਅਕਤੀ ਜ਼ੋ ਦੂਜੇ ਵਿਅਕਤੀ ਦੀ ਇੱਛਾ ਨੂੰ ਪ੍ਰਭਾਵਿਤ ਕਰਨ ਦੀ ਸਥਿਤੀ ਵਿੱਚ ਹੈ, ਕਪਟ ਬਿਨਾਂ ਉਹ ਵਿਅਕਤੀ ਆਪਣੀ ਇਸ ਸਥਿਤੀ ਦਾ ਉਪਯੋਗ ਆਪਣੇ ਲਈ ਅਣ-ਉਚਿਤ ਲਾਭ ਪ੍ਰਾਪਤ ਕਰਨ ਲਈ ਕਰਦਾ ਹੈ ਅਤੇ ਜੇ ਸੌਦਾ ਪਹਿਲੀ ਨਜਰ ਵਿੱਚ ਹੀ ਅਣ-ਉਚਿਤ ਅਤੇ ਦੂਜੀ ਧਿਰ ਦੀ ਸਥਿਤੀ ਦਾ ਲਾਭਾ ਉਠਾਉਣ ਵਾਲਾ ਲੱਗੇ ਤਾਂ ਅਜਿਹੇ ਸੌਦਿਆਂ ਨੂੰ ਅਣ-ਉਚਿਤ ਜਾਂ ਅਨੈਤਿਕ ਸੌਦੇ ਆਖ ਸਕਾਂਗੇ।ਅਣ-ਉਚਿਤ ਸੌਦੇ ਆਮ ਕਰਕੇ ਰੁਪਿਆਂ ਦੇ ਲੈਣ ਦੇਣ ਜਾਂ ਸ਼ਾਹੂਕਾਰੀ ਦੇ ਮਾਮਲਿਆਂ ਵਿੱਚ ਵੇਖੇ ਜਾਂਦੇ ਹਨ। ਭਾਵੇਂ ਇਸ ਪ੍ਰਕਾਰ ਦੇ ਅਣ-ਉਚਿਤ ਸੌਦੇ ਇਨ੍ਹਾਂ ਤੋਂ ਇਲਾਵਾ ਵੀ ਵੇਖਣ ਨੂੰ ਮਿਲ ਸਕਦੇ ਹਨ। ਅਣ-ਉਚਿਤ ਸੌਦੇ ਦੀ ਕਸੌਟੀ ਵਿੱਚ ਤਿੰਨ ਗੱਲਾਂ ਹਨ:

**ਪਹਿਲੀ -** ਦੋ ਧਿਰਾਂ ਵਿੱਚੋ ਇੱਕ ਧਿਰ ਦੂਜੀ ਧਿਰ ਦੀ ਇੱਛਾ ਨੂੰ ਪ੍ਰਭਾਵਿਤ ਕਰਨ ਦੀ ਸਥਿਤ ਵਿੱਚ ਹੈ।

**ਦੂਜੀ-** ਇੱਕ ਧਿਰ ਨੇ ਦੂਜੀ ਧਿਰ ਤੇ ਅਣ-ਉਚਿਤ ਪ੍ਰਭਾਵ ਪਾਇਆ ਹੈ ; ਅਤੇ

**ਤੀਜੀ -** ਸੌਦਾ ਅਣ-ਉਚਿਤ ਅਤੇ ਅਨੈਤਿਕ ਪ੍ਰਕ੍ਰਿਤੀ ਦਾ ਹੈ। ਉਦਾਰਹਣ ਵਜੋਂ ਬਿਨਾਂ ਕਿਸੇ ਜਾਇਜ ਕਾਰਨ ਦੇ ਉੱਚ ਵਿਆਜ ਦੀ ਦਰ :

**ਉਦਾਹਰਣ:** ਤਰੁਣ ਨੇ ਵਰੁਣ ਸ਼ਾਹੂਕਾਰ ਤੋਂ ਅਜਿਹੇ ਸਮੇਂ ਵਿੱਚ ਜਦੋਂ ਕਿ ਬਾਜਾਰ ਵਿੱਚ ਮੁਦ੍ਰਾ ਦੀ ਬਹੁਤ ਘਾਟ ਸੀ, ਕੁਝ ਰੁਪਿਆ ਉਧਾਰ ਮੰਗਿਆ। ਵਰੁਣ ਨੇ ਕਾਫੀ ਉੱਚੀ ਦਰ ਤੇ ਪੈਸੇ ਉਧਾਰ ਦਿੱਤਾ। ਨਿਰਣਾ ਦਿੱਤਾ ਗਿਆ ਕਿ ਤਰੁਣ ਦੀ ਸਹਿਮਤੀ ਅਣ-ਉਚਿਤ ਪ੍ਰਭਾਵ ਤੋ ਪ੍ਰੇਰਿਤ ਨਹੀ ਸੀ ਕਿਉਂਕਿ ਸੌਦਾ ਅਣ-ਉਚਿਤ ਨਹੀ ਸੀ।

**ਪਰਦਾਨਸ਼ੀ ਇਸਤਰੀਆਂ ਨਾਲ ਮੁਆਇਦਾ** (Contract with Parda-nashin Women) - ਪਰਦਾਨਸ਼ੀ ਇਸਤਰੀ ਉਹ ਹੁੰਦੀ ਹੈ ਜ਼ੋ ਕਿਸੇ ਵਿਸ਼ੇਸ਼ ਫਿਰਕੇ ਦੇ ਰੀਤੀ ਰਿਵਾਜਾਂ ਅਤੇ ਰੂੜੀਆਂ ਦੇ ਕਾਰਨ ਪੂਰਣ ਰੂਪ ਵਿੱਚ ਏਕਾਤ ਵਿੱਚ ਰਹਿਣ ਲਈ ਮਜਬੂਰ ਹੁੰਦੀ ਹੈ। ਕਾਨੂੰਨ ਇਹ ਮੰਨਦਾ ਹੈ ਕਿ ਪਰਦਾਨਸ਼ੀ ਇਸਤਰੀ ਨੂੰ ਅਣ-ਉਚਿਤ ਰੂਪ ਵਿੱਚ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇੱਕ ਇਸਤਰੀ ਪਰਦਾਨਸ਼ੀ ਹੈ ਜਾਂ ਨਹੀ, ਇਹ ਨਿਮਨ ਗੱਲਾਂ ਨੂੰ ਧਿਆਨ ਵਿੱਚ ਰੱਖਕੇ ਫੈਸਲਾ ਕੀਤਾ ਜਾ ਸਕਦਾ ਹੈ:

1) ਇਸਤਰੀ ਪੂਰਣ ਰੂਪ ਵਿੱਚ ਏਕਾਂਤ ਵਿੱਚ ਰਹਿੰਦੀ ਹੈ। ਜਿਹੜੀ ਇਸਤਰੀ ਅਦਾਲਤ ਵਿੱਚ ਗਵਾਹੀ ਦੇਵੇ, ਕਿਰਾਏਦਾਰ ਤੋ ਕਿਰਾਇਆ ਵਸੂਲ ਕਰੇ, ਪਰਿਵਾਰ ਤੋਂ ਬਾਹਰ ਲੋਕਾਂ ਨਾਲ ਵਿਵਹਾਰ ਕਰੇ, ਪਰਦਾਨਸ਼ੀ ਨਹੀ ਆਖੀ ਜਾਵੇਗੀ।

2) ਜੇ ਕਿਸੇ ਇਸਤਰੀ ਨੂੰ ਦਸਤਾਵੇਜ਼ ਦੀ ਪੂਰੀ ਜਾਣਕਾਰੀ ਹੈ, ਉਸ ਦੇ ਸਿੱਟਿਆਂ ਦਾ ਪਤਾ ਹੈ ਅਤੇ ਉਸ ਨੂੰ ਸੁਤੰਤਰ ਸਲਾਹ ਉਪਲੱਬਧ ਹੈ ਤਾਂ ਉਹ ਪਰਦਾਨਸ਼ੀ ਇਸਤਰੀ ਨਹੀ ਆਖੀ ਜਾਵੇਗੀ।

3) ਕਿਸੇ ਇਸਤਰੀ ਦਾ ਕੁਝ ਸੀਮਾਂ ਤੱਕ ਏਕਾਂਤ ਵਿੱਚ ਰਹਿਣਾਂ ਉਸ ਨੂੰ ਪਰਦਾਨਸ਼ੀ ਇਸਤਰੀ ਨਹੀ ਬਣਾ ਸਕੇਗਾ।

4) ਇਹ ਸੁਵਿਧਾ ਉਹਨਾਂ ਵਿਅਕਤੀਆਂ ਨੂੰ ਵੀ ਦਿੱਤੀ ਜਾ ਸਕਦੀ ਹੈ ਜ਼ੋ ਅਨਪੜ੍ਹ ਅਤੇ ਅਗਿਆਨ ਹਨ ਅਤੇ ਜਿਹਨਾਂ ਨਾਲ ਅਣ-ਉਚਿਤ ਵਿਵਹਾਰ ਕਰਨਾ ਸੰਭਵ ਹੈ।

**1.5.5 ਜਬਰ ਅਤੇ ਅਣ-ਉਚਿਤ ਪ੍ਰਭਾਵ ਵਿਚਕਾਰ ਅੰਤਰ (Difference between Coercion and Undue inflence) - ਜਬਰ ਅਤੇ ਅਣ-ਉਚਿਤ ਪ੍ਰਭਾਵ ਦਾ ਅੰਤਰ ਨਿਮਨ ਸਾਰਣੀ ਦੇ ਮਾਧਿਅਮ ਰਾਹੀਂ ਸਪੱਸ਼ਟ ਕੀਤਾ ਜਾ ਸਕਦਾ ਹੈ:**

| ਕ੍ਰਮ ਅੰਕ | ਅੰਤਰ ਦਾ ਅਧਾਰ | ਜਬਰ (Coercion) | ਅਣ-ਉਚਿਤ ਪ੍ਰਭਾਵ (Undue Influence) |
|---|---|---|---|
| 1 | ਪਰਿਭਾਸ਼ਾ | ਜਦੋਂ ਇੱਕ ਧਿਰ ਇਕਰਾਰ ਕਰਨ ਦੇ ਉਦੇਸ਼ ਨਾਲ ਭਾਰਤੀ ਦੰਡਾਵਲੀ ਦੁਆਰਾ ਵਰਜਿਤ ਕਾਰਜ ਕਰਦੀ ਹੈ ਜਾਂ ਕਰਨ ਦੀ ਧਮਕੀ ਦਿੰਦੀ ਹੈ ਜਾਂ ਗੈਰ-ਕਾਨੂੰਨੀ ਰੂਪ ਵਿੱਚ ਦੂਜੀ ਧਿਰ ਦੀ | ਜਦੋਂ ਦੋ ਧਿਰਾਂ ਵਿਚਕਾਰ ਅਜਿਹੇ ਸਬੰਧ ਹਨ ਜਿਥੇ ਇੱਕ ਧਿਰ ਦੂਜੀ ਧਿਰ ਤੇ ਪ੍ਰਭਾਵ ਪਾਉਣ ਦੀ ਸਥਿਤੀ ਵਿੱਚ ਹੈ ਅਤੇ ਉਹ ਸਥਿਤੀ ਦਾ ਆਪਣੇ ਲਈ |

| | | | |
|---|---|---|---|
| | | ਸੰਪਤੀ ਨੂੰ ਰੋਕ ਰੱਖਦੀ ਹੈ ਜਾਂ ਰੋਕ ਰੱਖਣ ਦੀ ਧਮਕੀ ਦਿੰਦੀ ਹੈ ਤਾਂ ਇਸ ਨੂੰ ਜਬਰ ਆਖਾਂਗੇ। | ਅਣ-ਉਚਿਤ ਲਾਭ ਪ੍ਰਾਪਤ ਕਰਨ ਦੇ ਉਦੇਸ਼ ਨਾਲ ਉਪਯੋਗ ਕਰਦੀ ਹੈ ਤਾਂ ਇਸ ਨੂੰ ਅਣ-ਉਚਿਤ ਪ੍ਰਭਾਵ ਆਖਾਂਗੇ। |
| 2 | ਪ੍ਰਭਾਵ ਦਾ ਰੂਪ | ਜਬਰ ਅਧੀਨ ਪ੍ਰਭਾਵ ਦਾ ਰੂਪ ਮੁੱਖ ਤੌਰ ਤੇ ਸਰੀਰਕ ਹੁੰਦਾ ਹੈ। | ਅਣ-ਉਚਿਤ ਪ੍ਰਭਾਵ ਦਾ ਰੂਪ ਨੈਤਿਕ ਜਾਂ ਮਾਨਸਿਕ ਹੁੰਦਾ ਹੈ। |
| 3 | ਧਿਰਾਂ ਵਿਚਕਾਰ ਸਬੰਧ | ਜਬਰ ਅਧੀਨ ਇਕਰਾਰ ਦੀਆਂ ਧਿਰਾਂ ਵਿਚਕਾਰ ਕਿਸੇ ਵੀ ਪ੍ਰਕਾਰ ਦੇ ਸਬੰਧ ਦੀ ਹੋਂਦ ਦੀ ਲੋੜ ਨਹੀਂ ਹੁੰਦੀ | ਅਣ-ਉਚਿਤ ਪ੍ਰਭਾਵ ਵਿੱਚ ਇਕਰਾਰ ਦੀਆਂ ਧਿਰਾਂ ਵਿੱਚ ਪ੍ਰਸਪਰ ਸਬੰਧਾਂ ਦਾ ਹੋਣਾ ਜਰੂਰੀ ਹੈ। |
| 4 | ਤੱਤ | ਜਬਰ ਦੇ ਅਧਾਰ ਤੇ ਪ੍ਰਾਪਤ ਸਹਿਮਤੀ ਵਿੰਚ ਭੈ ਅਤੇ ਧਮਕੀ ਆਦਿ ਦੇ ਤੱਤ ਨਿਹਿਤ ਹੁੰਦੇ ਹਨ। | ਅਣ-ਉਚਿਤ ਪ੍ਰਭਾਵ ਦੇ ਆਧਾਰ ਤੇ ਪ੍ਰਾਪਤ ਸਹਿਮਤੀ ਵਿੱਚ ਵਿਅਕਤੀਗਤ ਸਬੰਧਾਂ ਦੇ ਪ੍ਰਭਾਵ ਦਾ ਤੱਤ ਨਿਹਿਤ ਹੁੰਦਾ ਹੈ। |
| 5 | ਸਿੱਟਾ | ਸਬਰ ਦਾ ਸਿੱਟਾ ਹੈ ਕਿ ਮੁਆਇਦਾ ਪੀੜਿਤ ਧਿਰ ਦਾ ਇੱਛਾ ਤੇ ਸੁੰਨਯੋਗ ਹੁੰਦਾ ਹੈ ਅਤੇ ਮੁੜਾਈ ਦੀ ਮੰਗ ਕੀਤੀ ਜਾ ਸਕਦੀ ਹੈ। | ਅਣ-ਉਚਿਤ ਪ੍ਰਭਾਵ ਵਿੱਚ ਮੁਆਇਦੇ ਨੂੰ ਜੇ ਅਦਾਲਤ ਉਚਿਤ ਸਮਝੇ ਤਾਂ ਰੱਦ ਕਰਨ ਦੇ ਆਦੇਸ਼ ਦੇ ਸਕਦੀ ਹੈ। |
| 6 | ਪ੍ਰਯੋਗ | ਇਸ ਦਾ ਪ੍ਰਯੋਗ ਇਕਰਾਰ ਦੀਆਂ ਧਿਰਾਂ ਤੋ ਇਲਾਵਾ ਹੋਰ ਧਿਰਾਂ ਦੇ ਵਿਰੁੱਧ ਵੀ ਕੀਤੀ ਜਾ ਸਕਦੀ ਹੈ। | ਇਸ ਦਾ ਪ੍ਰਯੋਗ ਇਕਰਾਰ ਦੀਆਂ ਧਿਰਾਂ ਵਿਚਕਾਰ ਹੀ ਹੁੰਦਾ ਹੈ, ਅਜਨਬੀ ਦੇ ਵਿਰੁੱਧ ਨਹੀ। |

**1.5.6 ਕਪਟ** (Fraud) :-

**ਕਪਟ ਕੀ ਹੁੰਦਾ ਹੈ?** (What is Fraud ?) : ਮੁਆਇਦਾ ਐਕਟ ਦੀ ਧਾਰਾ 17 ਅਨੁਸਾਰ ''ਜਦੋਂ ਮੁਆਇਦੇ ਇੱਕ ਧਿਰ ਦੁਆਰਾ ਜਾਂ ਉਸ ਦੀ ਮੌਨ ਸਹਿਮਤੀ ਨਾਲ ਜਾਂ ਉਸਦਾ ਪ੍ਰਤਿਨਿਧੀ ਦੁਜੀ ਧਿਰ ਜਾਂ ਉਸਦੇ ਪ੍ਰਤਿਨਿਧੀ ਨੂੰ ਧੌਖਾ ਦੇਣ ਦੇ ਉਦੇਸ਼ ਨਾਲ ਜਾਂ ਤਜਵੀਜ਼ ਮੁਆਇਦੇ ਲਈ ਉਸਦੀ ਸਵੀਕ੍ਰਿਤੀ ਪ੍ਰਾਪਤ ਕਰਨ ਦੇ ਉਦੇਸ਼ ਨਾਲ ਨਿਮਨ ਲਿਖਤ ਕਾਰਜਾਂ ਵਿੱਚੋਂ ਕੋਈ ਕਾਰਜ ਕਰਦਾ ਹੈ ਤਾਂ ਉਸ ਦੁਆਰਾ ਕਪਟ ਕੀਤਾ ਮੰਨਿਆ ਜਾਵੇਗਾ।

1. **ਕਿਸੇ ਝੂਠੀ ਗੱਲ ਦਾ ਸੁਝਾਓ** ਜਿਸ ਦੀ ਸਚਾਹ. ਵਿੰਚ ਸੁਝਾਓ ਦੇਣ ਵਾਲੇ ਨੂੰ ਵੀ ਵਿਸ਼ਵਾਸ਼ ਨਹੀ ਹੈ।
2. **ਕਿਸੇ ਤੱਥ ਦਾ ਗਿਆਨ** ਜਾਂ ਵਿਸ਼ਵਾਸ਼ ਰੱਖਣ ਵਾਲੇ ਵਿਅਕਤੀ ਦੁਆਰਾ ਤੱਥ ਨੂੰ ਸਕ੍ਰਿਆ ਰੂਪ ਵਿੱਚ ਲੁਕਾਉਣਾ।
3. **ਅਜਿਹਾ ਵਚਨ,** ਜਿਸ ਨੂੰ ਪੂਰਾ ਕਰਨ ਦਾ ਇਰਾਦਾ ਨਾ ਹੋਵੇ।
4. **ਧੋਖਾ ਦੇਣ ਦੇ ਉਦੇਸ਼ ਨਾਲ** ਕੀਤਾ ਗਿਆ ਕੋਈ ਹੋਰ ਕਾਰਜ, ਅਤੇ
5. **ਕੋਈ ਅਜਿਹਾ ਕਾਰਜ** ਜਾਂ ਭੁੱਲ ਜਿਸ ਨੂੰ ਕਾਨੂੰਨੀ ਦੁਆਰਾ ਕਪਟਪੂਰਨ ਘੋਸ਼ਿਤ ਕੀਤਾ ਗਿਆ ਹੋਵੇ।

**ਕਪਟ ਦੇ ਪ੍ਰਮੁੱਖ ਤੱਤ :-**

1. ਕਪਟ ਕਿਸੇ ਧਿਰ ਦੁਆਰਾ ਆਪ ਜਾਂ ਉਸ ਦੀ ਮੌਨ ਰਜਾਮੰਦੀ ਜਾਂ ਉਸਦੇ ਪ੍ਰਤਿਨਿਧੀ ਦੁਆਰਾ ਕੀਤਾ ਜਾਦਾ ਚਾਹੀਦਾ ਹੈ।

ਜੇ ਮੁਆਇਦੇ ਲਈ ਕਿਸੇ ਅਜਨਬੀ ਵਿਅਕਤੀ ਦੁਆਰਾ ਕਪਟ ਦੇ ਕਾਰਜ ਦਾ ਉਪਯੋਗ ਕੀਤਾ ਜਾਂਦਾ ਹੈ ਤਾਂ ਉਸ ਨੂੰ ਕਪਟ ਨਹੀਂ ਮੰਨਿਆ ਜਾ ਸਕਦਾ।

**ਉਦਾਹਰਣ : ਰੀਸੀਰਿਵਰ ਸਿਲਵਰ ਮਾਈਨਿੰਗ ਕੰਪਨੀ ਬਨਾਮ ਸਮਿਥ**[1] ਦੇ ਕੇਸ ਵਿੱਚ ਕੰਪਨੀ ਦੇ ਸੰਚਾਲਕਾਂ ਨੇ ਪ੍ਰਾਸਪੈਕਟਿਸ ਦਾ ਨਿਰਗਮਨ ਕੀਤਾ ਜਿਸ ਵਿੱਚ ਝੂਠਾ ਵਰਣਨ ਇਸ ਲਈ ਕੀਤਾ ਗਿਆ ਸੀ ਜਿਸ ਨਾਲ ਸ਼ੇਅਰ ਹੋਲਡਰਾਂ ਨੂੰ ਸ਼ੇਅਰ ਖਰੀਦ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ। ਸਹਿਮਤੀ ਨੂੰ ਕਪਟ ਨਾਲ ਪ੍ਰੇਰਿਤ ਮੰਨਿਆ ਗਿਆ ਕਿਉਂਕਿ ਸੰਚਾਲਕ ਕੰਪਨੀ ਦੇ ਪ੍ਰਤਿਨਿਧੀ ਹੁੰਦੇ ਹਨ।

2. ਕਪਟ ਦੇ ਨਿਰਮਾਣ ਲਈ ਨਿਮਨ ਪੰਜ ਤੱਤਾਂ ਵਿੱਚੋਂ ਕਿਸੇ ਇੱਕ ਤੱਤ ਦਾ ਹੋਣਾਂ ਲਾਜਮੀ ਹੈ:

ੳ) **ਦੋਸ਼ ਪੂਰਣ ਸੁਝਾਉ** (Wrongful Suggestions) : ਜੇ ਮੁਆਇਦੇ ਦੇ ਕਿਸੇ ਜਰੂਰੀ ਤੱਤ ਬਾਰੇ ਧਿਰ ਦੁਆਰਾ ਕੋਈ ਅਜਿਹਾ ਸੁਝਾਉ ਦਿੱਤਾ ਜਾਵੇ ਜੋ ਨਾ ਤਾਂ ਸੱਚ ਹੋਵੇ ਅਤੇ ਨਾ ਹੀ ਉਸਦੇ ਸੱਚ ਹੋਣ ਦਾ ਵਿਸ਼ਵਾਸ਼ ਕੀਤਾ ਜਾ ਸਕਦਾ ਹੋਵੇ ਤਾਂ ਇਹ ਕਪਟ ਹੋਵੇਗਾ। ਕੇਵਲ ਰਾਏ ਪ੍ਰਗਟ ਕਰਨਾ ਜਾਂ ਵਧਾ ਚੜ੍ਹਾ ਕੇ ਬਿਆਨ ਦੇਣਾ ਕਪਟ ਦਾ ਆਧਾਰ ਨਹੀਂ ਬਣ ਸਕੇਗਾ।

**ਉਦਾਹਰਣ : 1)** ਅਮਰ ਨਾਥ, ਸੁਰਿੰਦਰ ਨਾਥ ਨੂੰ ਆਖਦਾ ਹੈ ਕਿ ਇਹ ਸਕੂਟਰ ਬਹੁਤ ਚੰਗਾ ਹੈ ਅਤੇ ਇਹ 5000/-ਰੁਪਏ ਦਾ ਹੈ। ਸੁਰਿੰਦਰ ਨਾਥ ਇਸ ਅਧਾਰ ਤੇ ਮੁਆਇਦਾ ਕਰ ਲੈਂਦਾ ਹੈ। ਬਾਅਦ ਵਿੱਚ ਪਤਾ ਚੱਲਦਾ ਹੈ ਕਿ ਇਹ ਸਕੂਟਰ 2000/-ਰੁਪਏ ਤੋਂ ਵੱਧ ਦਾ ਨਹੀ ਹੋ ਸਕਦਾ । ਇਹ ਕਪਟ ਨਹੀਂ ਮੰਨਿਆ ਜਾਵੇਗਾ ਕਿਉਂਕਿ ਇਹ ਅਮਰ ਨਾਥ ਦਾ ਕੇਵਲ ਵਿਚਾਰ ਸੀ।

2) ਇਸੇ ਉਦਾਹਰਣ ਵਿੰਚ ਜੇ ਅਮਰਨਾਕ, ਸੁਰਿੰਦਰ ਨਾਥ ਨੂੰ ਆਖਦਾ ਹੈ ਕਿ ਸਕੂਟਰ ਬਹੁਤ ਚੰਗਾ ਹੈ, ਮੈ ਇਸਨੂੰ 5000/-ਰੁਪਏ ਵਿੱਚ ਖਰੀਦਿਆ ਸੀ, ਜਦੋਂ ਕਿ ਵਾਸਤਵ ਵਿੱਚ ਉਸਨੇ ਇਹ 2000/-ਰੁਪਏ ਵਿੱਚ ਖਰੀਦਿਆ ਸੀ, ਤਾਂ ਇਹ ਕਪਟ ਹੋਵੇਗਾ।

ਅ) **ਸਕ੍ਰਿਆ ਲੁਕਾਉ** (Active Concealement) - ਧਾਰਾ 17(2) ਦੇ ਅਨੁਸਾਰ ਜੇ ਕੋਈ ਵਿਅਕਤੀ ਕਿਸੇ ਅਜਿਹੇ ਤੱਥ ਨੂੰ ਲੁਕਾਉਂਦਾ ਹੈ ਜਿਸ ਦੀ ਉਸਨੂੰ ਜਾਣਕਾਰੀ ਹੈ ਜਾਂ ਉਨ੍ਹਾਂ ਤੱਥਾਂ ਵਿੱਚ ਵਿਸਵਾਸ਼ ਹੈ ਤਾਂ ਇਸ ਨੂੰ ਕਪਟ ਮੰਨਿਆ ਜਾਵੇਗਾ। ਕਿਸੇ ਨੂੰ ਸਕ੍ਰਿਆ ਲੁਭਾਉ ਤਾਂ ਹੀ ਕਿਹਾ ਜਾਵੇਗਾ ਜਦੋਂ ਕਿ ਲੁਕਾਉ :

ੳ) ਮਹੱਤਵਪੂਰਣ ਤੱਥ ਦੇ ਸਬੰਧ ਵਿੱਚ।

ਅ) ਤੱਥ ਦਾ ਗਿਆਨ ਜਾਂ ਵਿਸ਼ਵਾਸ਼ ਧਿਰ ਨੂੰ ਹੋਵੇ, ਅਤੇ

ੲ) ਉਦੇਸ਼ ਦੂਜੀ ਧਿਰ ਨੂੰ ਧੋਖਾ ਦੇਣਾਂ ਹੋਵੇ।

**ਉਦਾਹਰਣ: ਸ੍ਰੀਮਤੀ ਰਾਮੀ ਬਾਈ ਬਨਾਮ ਭਾਰਤੀ ਜੀਵਨ ਬੀਮਾਂ ਕਾਰਪੋਰੇਸ਼ਨ**[3] ਦੇ ਕੇਸ ਵਿੱਚ ਬੀਮਾਂਸ਼ੁਦਾ ਵਿਅਕਤੀ ਨੇ ਆਪਣੀ ਉਮਰ ਨੂੰ 60 ਸਾਲਾਂ ਦੀ ਥਾਂ 48 ਦਸ ਦਿੱਤਾ ਅਤੇ ਆਪਣੀ ਉਮਰ ਦੇ ਸਬੂਤ ਵਿੱਚ ਜਨਮ-ਪੱਤਰੀ ਕਾਰਪੋਰੇਸ਼ਨ ਨੂੰ ਦੇ ਦਿੱਤੀ। ਮ੍ਰਿਤੂ ਹੋਣ ਤੇ ਕਾਰਪੋਰੇਸ਼ਨ ਨੇ ਵੁਸ ਤੇ ਨਿਰਭਰ ਵਿਅਕਤੀਆਂ ਨੂੰ ਬੀਮੇ ਦੀ ਰਕਮ ਦੇਣ ਤੋਂ ਇਨਕਾਰ ਕਰ ਦਿੱਤਾ। ਨਿਰਣਾ ਦਿੱਤਾ ਗਿਆ ਕਿ ਕਾਰਪੋਰੇਸ਼ਨ ਤੋਂ ਪ੍ਰਾਪਤ ਸਹਿਮਤੀ ਕਪਟ ਨਾਲ ਪ੍ਰੇਰਿਤ ਸੀ।

3. **ਪਾਲਣਾਂ ਨਾ ਕਰਨ ਦੇ ਇਰਾਦੇ ਨਾਲ ਦਿੱਤਾ ਗਿਆ ਕੋਈ ਵਚਨ (**Promise made without an intention of performing it) **–** ਧਾਰਾ 17(3) ਅਨੁਸਾਰ ਜੇ ਮੁਆਇਦਾ ਕਰਦੇ ਸਮੇਂ ਇੱਕ ਵਿਅਕਤੀ ਆਪਣੇ ਵਚਨ ਨੂੰ ਪੂਰਾ ਕਰਨ ਦਾ ਕੋਈ ਇਰਾਦਾ ਨਹੀਂ ਰੱਖਦਾ ਤਾਂ ਇਹ ਕਪਟ ਹੋਵੇਗਾ।

**ਉਦਾਹਰਣ-ਸਿਰੀਨ ਬਨਾਮ ਜਾਨ ਜੇਮਜ਼ ਟੇਲਰ**[3] ਦੇ ਕੇਸ ਵਿੱਚ ਇੱਕ ਪੁਰਸ਼ ਅਤੇ ਇਸਤਰੀ ਨੇ ਵਿਆਹ ਦੀ ਰਸਮ ਪੁਰਸ਼ ਦੁਆਰਾ ਬਿਨਾ ਕਿਸੇ ਵਿਆਹ ਦੇ ਮੰਨਣ ਦੇ ਇਰਾਦੇ ਨਾਲ ਕੀਤੀ। ਨਿਰਣਾ ਦਿੱਤਾ ਗਿਆ ਪੁਰਸ਼ ਦੁਆਰਾ ਇਸਤਰੀ ਨਾਲ ਵਿਆਹ ਕਰਨ ਦੀ ਸਹਿਮਤੀ ਕਪਟ ਨਾਲ ਪ੍ਰੇਰਿਤ ਸੀ।

4. **ਧੋਖੇ ਵਾਲੇ ਕਾਰਜ** (Deceitful Act) - ਕਿਉਂਕਿ ਵਿਅਕਤੀ ਦਾ ਦਿਮਾਗ ਬਹੁਤ ਹੀ ਗਤੀਸ਼ੀਲ ਹੁੰਦਾ ਹੈ, ਉਹ ਕਪਟ ਲਈ ਤਰੀਕੇ ਕੱਢ ਸਕਦਾ ਹੈ, ਇਸ ਲਈ ਐਕਟ ਦੀ ਧਾਰਾ 17(4) ਅਨੁਸਾਰ, ਉਹ ਸਾਰੇ ਕਾਰਜ ਕਪਟ ਦੀ ਸ਼੍ਰੇਣੀ ਵਿੱਚ ਸ਼ਾਮਲ ਕਰ ਲਏ ਜਾਣਗੇ ਜਿਹਨਾਂ ਦਾ ਉਦੇਸ਼ ਇੱਕ ਧਿਰ ਦੁਆਰਾ ਦੂਜੀ ਧਿਰ ਨੂੰ ਧੋਖਾ ਦੇਣਾ ਹੈ।

**ਉਦਾਹਰਣ-ਅਲਾਹਾਦਾਬ ਹਾਈਕੋਰਟ ਦੇ ਇੱਕ ਕੇਸ**[4] ਵਿੱਚ ਇੱਕ ਪਿੰਡ ਦੀ ਅਨਪੜ੍ਹ ਇਸਤਰੀ ਪਾਸੋਂ, ਜਿਸਦਾ ਉਦੇਸ਼ ਵਕਫ ਲਈ ਸੰਪਤੀ ਦੇਣਾ ਸੀ, ਵਿਕਰੀ ਦਾਸਤਾਵੇਜ ਲਿਖਵਾ ਲਿਆ ਗਿਆ। ਨਿਰਣਾ ਦਿੱਤਾ ਗਿਆ ਕਿ ਸਹਿਮਤੀ ਕਪਟ ਤੋਂ ਪ੍ਰੇਰਿਤ ਸੀ।

5. **ਕਾਨੂੰਨ ਦੁਆਰਾ ਘੋਸ਼ਿਤ ਕਪਟਪੂਰਣ ਕਾਰਜ** (Act declared by law to be fraudulent)- ਧਾਰਾ 17(5) ਅਨੁਸਾਰ ਅਜਿਹਾ ਕੋਈ ਕਾਰਜ ਜਾਂ ਭੁੱਲ ਜਿਸ ਨੂੰ ਕਾਨੂੰਨ ਦੁਆਰਾ ਵਿਸ਼ੇਸ ਰੂਪ ਵਿੱਚ ਕਪਟ ਪੂਰਨ ਕਾਰਜ ਘੋਸ਼ਿਤ ਕੀਤਾ ਗਿਆ ਹੋਵੇ, ਕਪਟ ਅਖਵਾਏਗਾ। ਉਦਹਾਰਣ ਵਜੋਂ ਸੰਪਤੀ ਬਦਲੀ ਐਕਟ ਦੀ ਧਾਰਾ 55 ਅਨੁਸਾਰ ਭੂਮੀ ਦੇ ਵਿਕਰੇਤਾ ਨੂੰ ਖਰੀਦਦਾਰ ਲਈ ਸਾਰੇ ਲੋੜੀਂਦੇ ਤੱਥ ਅਤੇ ਦੋਸ਼ ਦੱਸ ਦੇਣੇ ਚਾਹੀਦੇ ਹਨ ਨਹੀ ਤਾਂ ਕਪਟ ਲਈ ਜਿੰਮੇਵਾਰ ਠਹਿਰਾਇਆ ਜਾਵੇਗਾ।

3. **ਕਪਟ ਦੂਜੀ ਧਿਰ ਨੂੰ ਧੋਖਾ ਦੇਣ ਜਾਂ ਉਸ ਨੂੰ ਮੁਆਇਦਾ ਕਰਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਹੋਣਾਂ ਚਾਹੀਦਾ ਹੈ** (Fraud be commited with intention to deceive the other party or to induce him to enter into Contract) - ਧਿਰ ਦੇ ਕਾਰਜ ਦਾ ਉਦੇਸ਼ ਜਦੋਂ ਧੋਖੇ ਦੇਣਾਂ ਹੈ ਜਾਂ ਅਜਿਹੇ ਮੁਆਇਦੇ ਨੂੰ ਕਰਨ ਲਈ ਪ੍ਰੇਰਿਤ ਕਰਨਾ ਹੈ ਜਿਸ ਨਾਲ ਉਸ ਦਾ ਸੁਆਰਥ ਪੂਰਾ ਹੋ ਸਕੇ ਤਾਂ ਇਸ ਨੂੰ ਕਪਟ ਆਖਿਆ ਜਾਵੇਗਾ।

4. **ਦੂਜੀ ਧਿਰ ਨੂੰ ਧੋਖਾ ਹੋਇਆ ਹੋਵੇ** (The other party must have been deecived) - ਜਦੋਂ ਤੱਕ ਦੂਜੀ ਧਿਰ ਇਹ ਨਾ ਸਿੱਧ ਕਰ ਦੇਵੇ ਕਿ ਉਸਨੂੰ ਸੱਚ ਮੁੱਚ ਧੋਖਾ ਦਿੱਤਾ ਗਿਆ ਹੈ ਉਦੋਂ ਤੱਕ ਮੁਆਇਦੇ ਨੂੰ ਰੱਦ ਕਰਨ ਦਾ ਲਾਭ ਨਹੀ ਉਠਾ ਸਕਦੀ, ਕਪਟ ਸਿੱਧ ਕਰਨ ਲਈ ਦੂਜੀ ਧਿਰ ਨੂੰ ਧੋਖਾ ਹੋਣਾਂ ਜਰੂਰੀ ਹੈ।

5. **ਦੂਜੀ ਧਿਰ ਨੂੰ ਕੁਝ ਹਾਨੀ ਜਰੂਰ ਹੋਣੀ ਚਾਹੀਦੀ ਹੈ** (The other party must have suffered some loss) - ਕਪਟ ਤਾਂ ਹੀ ਮੰਨਿਆ ਜਾਵੇਗਾ ਜਦੋਂ ਵਾਸਤਵਿਕ ਰੂਪ ਵਿੱਚ ਦੂਜੀ ਧਿਰ ਨੂੰ ਕੁਝ ਹਾਨੀ ਹੋਈ ਹੋਵੇ, ਬਿਨਾਂ ਹਾਨੀ ਦੇ ਕਪਟ ਅਤੇ ਬਿਨਾਂ ਕਪਟ ਤੋਂ ਹਾਨੀ ਦੀ ਸਥਿਤੀ ਵਿੱਚ ਇਹਨਾਂ ਨਿਯਮਾਂ ਅਧੀਨ ਕੋਈ ਮੁਕੱਦਮਾ ਨਹੀ ਚਲਾਇਆ ਜਾ ਸਕਦਾ।

**ਕੀ ਮੌਨ ਰਹਿਣਾ ਕਪਟ ਹੈ ?** (Is silence a fraud?)

ਕੇਵਲ ਮੌਨ ਰਹਿਣਾ ਕਪਟ ਨਹੀ ਹੈ (Here Silence is not a fraud) - ਮੁਆਇਦਾ ਐਕਟ ਦੀ ਧਾਰਾ 17 ਦੇ ਸਪੱਸ਼ਟੀਕਰਣ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਸਧਾਰਨ ਤੌਰ ਤੇ ਕੇਵਲ ਮੌਨ ਰਹਿਣਾ ਕੇਵਲ ਕਪਟ ਨਹੀ ਮੰਨਿਆ ਜਾਂਦਾ, ਭਾਂਵੇ ਇਸ ਸਾਧਨ ਨਾਲ ਅਜਿਹੇ ਤੱਥਾਂ ਨੂੰ ਲੁਕਾਇਆ ਗਿਆ ਹੋਵੇ ਜਿਨ੍ਹਾਂ ਨੂੰ ਜੇ ਦੱਸ ਦਿੱਤਾ ਜਾਂਦਾ ਤਾਂ ਦੂਜੀ ਧਿਰ ਦਾ ਮੁਆਇਦਾ ਕਰਨ ਦੀ ਇੱਛਾ ਨੂੰ ਜਰੂਰ ਹੀ ਪ੍ਰਭਾਵਿਤ ਕਰਦੇ। ਕਾਨੂੰਨ ਦਾ ਸਧਾਰਨ ਨਿਯਮ ਹੈ ਕਿ ਵਸਤੂ ਦਾ ਖਰੀਦਦਾਰ ਨੂੰ ਚਾਹੀਦਾ ਹੈ ਕਿ ਉਹ ਵਸਤੂ ਦੀ ਪੂਰੀ ਦੇਖਭਾਲ ਕਰਨ ਤੋਂ ਬਾਅਦ ਹੀ ਉਸਨੂੰ ਖਰੀਦ ਕਰੇ ਕਿਉਂਕਿ ਇਹ ਵਿਕਰੇਤਾ ਦੀ ਪੂਰੀ ਦੇਖਭਾਲ ਕਰਨ ਤੋਂ ਬਾਅਦ ਹੀ ਇਸਦੀ ਖਰੀਦ ਕਰੇ ਕਿਉਂਕਿ ਇਹ ਵਿਕਰੇਤਾ ਦੀ ਜਿੰਮੇਵਾਰੀ ਨਹੀ ਹੈ ਕਿ ਉਹ ਵਸਤੂ ਦੇ ਸਾਰੇ ਦੋਸ਼ਾ ਨੂੰ ਖਰੀਦਦਾਰ ਦੇ ਸਾਹਮਣੇ ਸਪੱਸ਼ਟ ਕਰੇ। ਵਿਕਰੇਤਾ ਦੁਆਰਾ ਖਰੀਦਦਾਰ ਨੂੰ ਸਾਰੇ ਦੋਸ਼ਾਂ ਦਾ ਸਪੱਸ਼ਟ ਕਰਨਾ ਨਾ ਤਾਂ ਸੰਭਵ ਹੈ ਅਤੇ ਨਾ ਹੀ ਵਿਵਹਾਰਕ। ਸਾਮੰਡ[1] ਨੇ ਠੀਕ ਹੀ ਲਿਖਿਆ ਹੈ ਕਿ ਸਾਧਾਰਣ ਰੂਪ ਵਿੱਚ ਸੱਚ ਨੂੰ ਨਾ ਦੱਸਣਾਂ ਕਪਟ ਨਹੀਂ ਮੰਨਿਆ ਜਾਂਦਾ।

**ਉਦਾਹਰਣ: 'ੳ'** ਇੱਕ ਘੋੜਾ 'ਅ' ਨੂੰ ਵੇਚਦਾ ਹੈ। 'ੳ' ਨੂੰ ਇਸ ਗੱਲ ਦਾ ਪਤਾ ਸੀ ਕਿ ਘੋੜਾ ਅਸਵਸਥ ਹੈ, ਪਰੰਤੂ ਉਹ ਇਹ ਤੱਥ 'ਅ' ਨੂੰ ਨਹੀ ਦੱਸਦਾ। 'ੳ' ਦਾ ਮੌਨ ਇਥੇ ਕਪਟ ਨਹੀ ਮੰਨਿਆ ਜਾਵੇਗਾ।

**ਮੌਨ ਰਹਿਣਾ ਕਪਟ ਹੈ** (Silence amounting to fraud) - ਧਾਰਾ 17 ਦੇ ਸਪੱਸ਼ਟੀਕਰਣ ਦੇ ਆਧਾਰ ਦੇ ਹੀ ਇਹ ਸਪੱਸ਼ਟ ਹੁੰਦਾ ਹੈ ਕਿ ਸਾਧਾਰਣ ਤੌਰ ਤੇ ਮੌਨ ਰਹਿਣਾ ਕਪਟ ਨਹੀ ਹੈ, ਪਰੰਤੂ ਇਨ੍ਹਾਂ ਦੋ ਸਥਿਤੀਆਂ ਵਿੱਚ ਮੌਨ ਰਹਿਣਾਂ ਕਪਟ ਮੰਨਿਆ ਜਾਵੇਗਾ, ਉਹ ਸਥਿਤੀਆਂ ਨਿਮਨ ਅਨੁਸਾਰ ਹਨ:

ੳ) ਜਦੋਂ ਬੋਲਣਾਂ ਧਿਰ ਦਾ ਕਰਤੱਵ ਹੋਵੇ, ਅਤੇ

ਅ) ਜਦੋਂ ਮੌਨ ਰਹਿਣਾ ਬੋਲਣ ਦੇ ਸਮਾਨ ਹੋਵੇ।

**ੳ) ਜਦੋਂ ਬੋਲਣਾਂ ਧਿਰ ਦਾ ਕਰਤੱਵ ਹੋਵੇ** (Duty to Speak) – ਨਿਮਨ ਲਿਖਤ ਕੁਝ ਅਜਿਹੀਆਂ ਸਥਿਤੀਆਂ ਹਨ ਜਿਥੇ ਧਿਰ ਦਾ ਇਹ ਕਰਤੱਵ ਹੈ ਕਿ ਉਹ ਸਭ ਕੁਝ ਸਪੱਸ਼ਟ ਕਰ ਦੇਵੇ, ਨਹੀ ਤਾਂ ਇਹ ਕਪਟ ਮੰਨਿਆ ਜਾਵੇਗਾ:

1) **ਪਰਮ ਸਦਭਾਵਨਾ ਦੇ ਮੁਆਇਦੇ** (Contracts uberrimaefidei) ਇਹ ਉਹ ਮੁਆਇਦੇ ਹਨ ਜਿਨ੍ਹਾਂ ਵਿੱਚ ਇੱਕ ਧਿਰ ਪਾਸ ਜੋ ਸਚਾਈ ਗਿਆਤ ਕਰਨ ਦੇ ਸਾਧਨ ਹਨ, ਉਹ ਦੂਜੀ ਧਿਰ ਦੀ ਪਹੁੰਚ ਤੋਂ ਬਾਹਰ ਹਨ। ਅਜਿਹੀ ਸਥਿਤੀ ਵਿੱਚ ਜਾਣਕਾਰੀ ਰੱਖਣ ਵਾਲੀ ਧਿਰ ਦਾ ਕਰਤੱਵ ਹੈ ਕਿ ਉਹ ਸਾਰੇ ਤੱਥਾਂ ਨੂੰ ਦੂਜੀ ਧਿਰ ਲਈ ਸਪੱਸ਼ਟ ਕਰ ਦੇਵੇ ਨਹੀ ਤਾਂ ਇਹ ਕਪਟ ਅਖਵਾਏਗਾ।

**ਕਪਟ ਦੇ ਪ੍ਰਭਾਵ** (Effects of Fraud) –

ੳ) **ਸੁੰਨਯੋਗ ਮੁਆਇਦਾ** (Voidable Contract) – ਜਦੋਂ ਕਿਸੇ ਧਿਰ ਦੀ ਸਹਿਮਤੀ ਕਪਟ ਦੇ ਆਧਾਰ ਤੇ ਪ੍ਰਾਪਤ ਕੀਤੀ ਗਈ ਹੈ ਤਾਂ ਧਾਰਾ 19 ਅਨੁਸਾਰ ਮੁਆਇਦਾ ਧਿਰ ਦੀ ਇੱਛਾ ਤੇ ਸੁੰਨਯੋਗ ਹੁੰਦਾ ਹੈ।

ਅ) **ਰੱਦਣ** (Rescind)– ਧਾਰਾ 19 ਦੇ ਆਧਾਰ ਤੇ ਹੀ ਧਿਰ ਮੁਆਇਦੇ ਨੂੰ ਰੱਦ ਕਰ ਸਕਦੀ ਹੈ, ਪਰੰਤੂ ਕਪਟ ਦੀ ਜਾਣਕਾਰੀ ਤੋਂ ਬਾਅਦ ਪੁਸ਼ਟੀਕਰਣ ਕਰਨ ਤੇ ਅਤੇ ਧਿਰਾਂ ਨੂੰ ਪੂਰਣ ਸਥਿਤੀ ਵਿੱਚ ਪਹੁੰਚਾਉਣਾ ਜਰੂਰੀ ਹੋਣ ਤੇ ਪੀੜਿਤ ਧਿਰ ਨੂੰ ਮੁਆਇਦਾ ਦੇ ਰੱਦਣ ਦਾ ਅਧਿਕਾਰ ਨਹੀਂ ਹੋਵੇਗਾ।

ੲ) **ਹਾਣਪੂਰਤੀ** (Damages) – ਕਿਉਂਕਿ ਇਹ ਨਗਰੀ ਅਪਰਾਧ ਹੈ, ਇਸ ਲਈ ਪੀੜਿਤ ਧਿਰ ਮੁਆਵਜੇ ਦੀ ਮੰਗ ਵੀ ਕਰ ਸਕਦੀ ਹੈ।

ਸ) **ਮੁੜਾਈ** (Restitution) – ਧਾਰਾ 19 ਦੇ ਆਧਾਰ ਤੇ ਜਿਸ ਵਿਅਕਤੀ ਦੀ ਸਹਿਮਤੀ ਇਸ ਆਧਾਰ ਤੇ ਪ੍ਰਾਪਤ ਕੀਤੀ ਗਈ ਹੈ, ਉਹ ਮੁਆਇਦੇ ਦੇ ਵਚਨਾਂ ਦੀ ਪਾਲਣਾਂ ਦੀ ਮੰਗ ਕਰ ਸਕਦਾ ਹੈ।

**1.5.7 ਮਿਥਿਆ-ਵਰਣਨ** (Mis-representation)

**ਮਿਥਿਆ-ਵਰਣਨ ਕੀ ਹੈ?** (What is misrepresentation?)

1. ਕਿਸੇ ਤੱਥ ਨੂੰ ਨਿਸ਼ਾਨਤਮਕ ਰੂਪ ਵਿੱਚ ਬਿਆਨ ਕਰਨਾ ਜੋ ਕਿ ਸੱਚ ਨਹੀਂ ਹੈ, ਭਾਵੇਂ ਬਿਆਨ ਦੇਣ ਵਾਲਾ ਉਸ ਦੇ ਸੱਚ ਹੋਣ ਬਾਰੇ ਵਿਸ਼ਵਾਸ਼ ਰੱਖਦਾ ਹੈ।
2. ਧੋਖਾ ਨਾ ਦੇਣ ਦੇ ਉਦੇਸ਼ ਨਾਲਕੀਤੇ ਗਏ ਕਰਤੱਵ ਖੰਡਨ ਦੀ ਕੋਈ ਕਾਰਵਾਈ ਜਿਸ ਨਾਲ ਕਰਤੱਵ ਖੰਡਨ ਕਰਨ ਵਾਲੇ ਨੂੰ ਲਾਭ ਅਤੇ ਦੂਜੀ ਧਿਰ ਨੂੰ ਹਾਨੀ ਹੁੰਦੀ ਹੋਵੇ।
3. ਇਕਰਾਰ ਦੀ ਕਿਸੇ ਧਿਰ ਦੁਆਰਾ ਇਕਰਾਰ ਦੇ ਵਿਸ਼ਾ-ਵਸਤੂ ਦੇ ਕਿਸੇ ਮਹੱਤਵਪਰਣ ਤੱਥ ਬਾਰੇ ਗਲਤੀ ਕਰਨ ਲਈ ਪ੍ਰੇਰਿਤ ਕਰਨਾ, ਭਾਵੇਂ ਅਜਿਹਾ ਕਰਨਾ ਬਿਲਕੁਲ ਅਗਿਆਨਤਾ ਕਾਰਨ ਹੀ ਕਿਉਂ ਨਾ ਹੋਵੇ।

ਉਪਰੋਕਤ ਪਰਿਭਾਸ਼ਾਵਾਂ ਦੇ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਮਿਥਿਆ ਵਰਣਨ ਦਾ ਭਾਵ ਕਿਸੇ ਜਰੂਰੀ ਤੱਥ ਬਾਰੇ ਝੂਠੇ ਕਥਨ ਤੋਂ ਹੈ ਜਿਸ ਦੀ ਸੱਚਾਈ ਦਾ ਧਿਰ ਨੂੰ ਗਿਆਨ ਨਹੀ ਹੈ ਅਤੇ ਉਸ ਕਥਨ ਦਾ ਉਦੇਸ਼ ਦੂਜੀ ਧਿਰ ਨੂੰ ਮੁਆਇਦੇ ਕਰਨ ਲਈ ਪ੍ਰੇਰਿਤ ਕਰਨਾ ਹੈ। ਇਸ ਦੀਆਂ ਨਿਮਨ ਵਿਸ਼ੇਸ਼ਤਾਈਆਂ ਮਹੱਤਵਪੂਰਨ ਹਨ:

ੳ) ਮਿਥਿਆ ਵਰਣਨ ਕਿਸੇ ਜਰੂਰੀ ਤੱਥ ਦੇ ਸਬੰਧ ਵਿੱਚ ਹੋਣਾ ਚਾਹੀਦਾ ਹੈ, ਕਾਨੂੰਨ ਜਾਂ ਭਵਿੱਖ ਵਿੱਚ ਕੁਝ ਕਰਨ ਦੀ ਇੱਛਾ ਦੇ ਸਬੰਧ ਵਿੱਚ ਨਹੀਂ।

ਅ) ਇਹ ਕਥਨ ਮੁਆਇਦਾ ਕਰਨ ਸਮੇਂ ਜਾਂ ਉਸ ਤੋਂ ਪਹਿਲਾਂ ਕੀਤਾ ਗਿਆ ਹੈ।

ੲ) ਕਥਨ ਸੱਚ ਨਹੀਂ ਹੈ, ਪ੍ਰੰਤੂ ਆਖਣ ਵਾਲੀ ਧਿਰ ਇਸ ਦੇ ਸੱਚ ਹੋਣ ਵਿੱਚ ਵਿਸ਼ਵਾਸ਼ ਕਰਦੀ ਹੈ।

ਸ) ਇਹ ਕਥਨ ਦੂਜੀ ਧਿਰ ਨੂੰ ਮੁਆਇਦਾ ਕਰਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਸੀ।

ਹ) ਦੂਜੀ ਧਿਰ ਨੂੰ ਇਸ ਕਥਨ ਤੋਂ ਮੁਆਇਦਾ ਕਰਨਾ ਹੋਵੇ।

ਕ) ਇਹ ਕਥਨਆਪ ਧਿਰ ਜਾਂ ਉਸਦੇ ਪ੍ਰਤਿਨਿਧੀ ਦੁਆਰਾ ਉਸ ਧਿਰ ਨੂੰ ਕੀਤਾ ਗਿਆ ਹੋਵੇ ਜਿਸ ਨਾਲ ਮੁਆਇਦਾ ਕਰਨਾ ਹੋਵੇ।

### 1.5.8 ਮਿਥਿਆ ਵਰਣਨ ਦੇ ਪ੍ਰਭਾਵ (Effects of Misrepresentation)

1. **ਸੁੰਨਯੋਗ ਮੁਆਇਦੇ** (Voidable Contracts) – ਮਿਥਿਆ-ਵਰਣਨ ਦੇ ਆਧਾਰ ਤੇ ਪ੍ਰਾਪਤ ਸਹਿਮਤੀ ਦੀ ਸਥਿਤੀ ਵਿੱਚ ਮੁਆਇਦਾ ਪੀੜਿਤ ਧਿਰ ਦੇ ਵਿਕਲਪ ਤੇ ਸੁੰਨਯੋਗ ਹੁੰਦਾ ਹੈ। ਅਰਥਾਤ ਉਹ ਇਸ ਨੂੰ ਜਾਇਜ ਬਣਾ ਸਕਦੀ ਹੈ ਜਾਂ ਰੱਦ ਕਰ ਸਕਦੀ ਹੈ। ਪ੍ਰੰਤੂ ਨਿਮਨ ਸਥਿਤੀਆਂ ਵਿੱਚ ਉਨ੍ਹਾਂ ਨੂੰ ਰੱਦਣ ਦਾ ਅਧਿਕਾਰ ਸਮਾਪਤ ਹੋ ਜਾਂਦਾ ਹੈ:

ੳ) ਜਦੋਂ ਪੀੜਿਤ ਧਿਰ ਮਿਥਿਆ-ਵਰਣਨ ਦੀ ਜਾਣਕਾਰੀ ਤੋਂ ਬਾਅਦ ਮੁਆਇਦਾ ਕਰਨਾ ਸਵੀਕਾਰ ਕਰ ਲੈਂਦੀ ਹੈ।

ਅ) ਜਦੋਂ ਮੁਆਇਦੇ ਦੇ ਵਿਸ਼ਾ-ਵਸਤੂ ਦਾ ਉਪਯੋਗ ਜਾਂ ਨਾਸ਼ ਹੋ ਚੁੱਕਿਆ ਹੋਵੇ।

ੲ) ਜਦੋਂ ਤੀਜੀ ਧਿਰ ਨੇ ਸਦਭਾਵਨਾ ਸਹਿਤ ਪ੍ਰਤਿਫਲ ਦੇ ਬਦਲੇ ਮੁਆਇਦੇ ਦੇ ਵਿਸ਼ਾ-ਵਸਤੂ ਵਿੱਚ ਕੁਝ ਹਿਤ ਪ੍ਰਾਪਤ ਕਰ ਲਿਆ ਹੋਵੇ।

ਸ) ਜਿਥੇ ਮਿਥਿਆ ਵਰਣਨ ਦੂਜੀ ਧਿਰ ਨੂੰ ਮੁਆਇਦਾ ਕਰਨ ਲਈ ਪ੍ਰੇਰਿਤ ਕਰਨ ਵਿੱਚ ਅਸਫਲ ਰਿਹਾ ਹੋਵੇ।

2. **ਮੁੜਾਈ** (Restitution) ਦੀ ਮੰਗ – ਮੁਆਇਦੇ ਦੀ ਪੀੜਿਤ ਧਿਰ ਨੂੰ ਧਾਰਾ 19 ਅਧੀਨ ਮੁੜਾਈ ਦੀ ਮੰਗ ਕਰਨ ਦਾ ਅਧਿਕਾਰ ਹੈ ਅਰਥਾਤ ਉਹ ਇਸ ਗੱਲ ਤੇ ਜੋਰ ਦੇ ਸਕਦੀ ਹੈ ਕਿ ਉਸ ਨੂੰ ਉਸ ਸਥਿਤੀ ਵਿੱਚ ਰੱਖਿਆ ਜਾਵੇ ਜਿਥੇ ਉਹ ਕਥਨ ਦੇ ਸਹੀ ਹੋਣ ਤੇ ਰਹਿੰਦੀ।

### ਸਿੱਧ ਕਰਨ ਦਾ ਭਾਰ (Burden of Proof)

ਮਿਥਿਆ-ਵਰਣਨ ਅਧੀਨ ਜਿਹੜੀ ਧਿਰ ਮਿਥਿਆ ਵਰਣਨ ਦੇ ਆਧਾਰ ਤੇ ਮੁਆਇਦੇ ਨੂੰ ਰੱਦ ਕਰਾਉਣਾ ਚਾਹੁੰਦੀ ਹੈ, ਉਸ ਨੂੰ ਇਹ ਸਿੱਧ ਕਰਨਾ ਹੋਵੇਗਾ ਕਿ ਉਸਦੀ ਸਹਿਮਤੀ ਮਿਥਿਆ-ਵਰਣਨ ਦੇ ਅਧਾਰ ਤੇ ਹੀ ਪ੍ਰਾਪਤ ਕੀਤੀ ਗਈ ਸੀ।

### 1.5.9 ਗਲਤੀ ਜਾਂ ਭੁੱਲ (Mistake)

**ਧਾਰਾ 20''**ਜਦੋਂ ਇਕਰਾਰ ਕਰਨ ਵਾਲੀਆਂ ਦੋਵੇਂ ਧਿਰਾਂ ਇਕਰਾਰ ਦੇ ਕਿਸੇ ਜਰੂਰ ਤੱਥ ਬਾਰੇ ਗਲਤੀ ਤੇ ਹੁੰਦੀਆਂ ਹਨ ਤਾਂ ਇਕਰਾਰ ਵਿਅਰਥ ਹੁੰਦਾ ਹੈ।''

**ਧਾਰਾ 21** "ਕੋਈ ਮੁਆਇਦਾ ਇਸ ਕਾਰਨ ਸੁੰਨਯੋਗ ਨਹੀਂ ਹੈ ਕਿ ਉਹ ਭਾਰਤ ਵਿੱਚ ਲਾਗੂ ਕਿਸੇ ਕਾਨੂੰਨ ਦੇ ਬਾਰੇ ਕਿਸੇ ਗਲਤੀ ਦੇ ਕਾਰਨ ਕੀਤਾ ਗਿਆ ਸੀ, ਪਰੰਤੂ ਕਿਸੇ ਅਜਿਹੇ ਕਾਨੂੰਨ ਬਾਰੇ, ਜੋ ਭਾਰਤ ਵਿੱਚ ਲਾਗੂ ਨਹੀਂ ਹੋਵੇਗਾ, ਕਿਸੇ ਗਲਤੀ ਦਾ ਪ੍ਰਭਾਵ ਅਜਿਹਾ ਹੋਵੇਗਾ, ਜਿਵੇਂ ਉਹ ਗਲਤੀ ਤੱਥ ਸਬੰਧੀ ਗਲਤੀ ਹੋਵੇ।''

**ਧਾਰਾ 22** ''ਕੋਈ ਮੁਆਇਦਾ ਕੇਵਲ ਇਸ ਕਾਰਣ ਸੁੰਨਯੋਗ ਨਹੀਂ ਹੈ ਕਿ ਉਹ ਉਸ ਦੀਆਂ ਧਿਰਾਂ ਵਿੱਚੋਂ ਇੱਕ ਦੇ ਤੱਥ ਦੀ ਕਿਸੇ ਗੱਲ ਬਾਰੇ ਕਿਸੇ ਗਲਤੀ ਅਧੀਨ ਹੋਣ ਕਾਰਨ ਕੀਤਾ ਗਿਆ ਸੀ।''

**ੳ) ਤੱਥ ਸਬੰਧੀ ਗਲਤੀ** (Mistake of Fact) :

ਮੁਆਇਦੇ ਦੀਆਂ ਧਿਰਾਂ ਜੇ ਕਿਸੇ ਜਰੂਰੀ ਤੱਥ ਬਾਰੇ ਗਲਤੀ ਤੇ ਹੁੰਦੀਆਂ ਹਨ ਤਾਂ ਇਹ ਤੱਥ ਸਬੰਧੀ ਗਲਤੀ ਅਖਵਾਉਂਦੀ ਹੈ। ਤੱਥ ਸਬੰਧੀ ਗਲਤੀ ਦੋ ਪ੍ਰਕਾਰ ਦੀ ਹੋ ਸਕਦੀ ਹੈ:

1. ਦੋ-ਪੱਖੀ ਗਲਤੀ
2. ਇੱਕ-ਪੱਖੀ ਗਲਤੀ

1. **ਦੋ-ਪੱਖੀ ਗਲਤੀ** (Bilateral Mistake) : ਜਦੋਂ ਇਕਰਾਰ ਦੀਆਂ ਦੋਵੇਂ ਧਿਰਾਂ ਇਕਰਾਰ ਦੇ ਕਿਸੇ ਜਰੂਰੀ ਤੱਥ ਬਾਰੇ ਭ੍ਰਮ ਵਿੱਚ ਹਨ ਤਾਂ ਉਸਨੂੰ ਦੋ-ਪੱਖੀ ਗਲਤੀ ਕਿਹਾ ਜਾਵੇਗਾ। ਇਥੇ ਦੋਵੇਂ ਧਿਰਾਂ ਵਿੱਚ ਤੱਥਾਂ ਬਾਰੇ ਮਤਭੇਦ ਹੈ। ਧਾਰਾ 20 ਅਨੁਸਾਰ ਦੋ-ਪੱਖੀ ਗਲਤੀ ਦੇ ਦੋ ਮਹੱਤਵਪੂਰਣ ਤੱਤ ਹਨ:

**ਪਹਿਲਾ:** ਦੋਵੇਂ ਪੱਖ ਗਲਤੀ ਤੇ ਹੋਣ (Both the parties are under Mistake) ਅਰਥਾਤ ਦੋਵੇਂ ਹੀ ਧਿਰਾਂ ਮੁਆਇਦੇ ਨੂੰ ਸਮਝਣ ਵਿੱਚ ਗਲਤੀ ਕਰਦੀਆਂ ਹਨ।

ਉਦਾਹਰਣ: 'ਪੀਅਰਲੈੱਸ' ਨਾਂ ਦੇ ਦੋ ਜਹਾਜ ਬੰਬਈ ਬੰਦਰਗਾਹ ਤੋਂ ਵੱਖ ਵੱਖ ਮਿਤੀਆਂ ਨੂੰ ਲੰਦਨ ਲਈ ਰਵਾਨਾ ਹੋਣ ਵਾਲੇ ਸਨ। ਦੋਵੇਂ ਧਿਰਾਂ ਮਾਲ ਨੂੰ ਭੇਜਣ ਦੇ ਕ੍ਰਮ ਵਿੱਚ ਵੱਖ ਵੱਖ ਜਹਾਜ ਤੋਂ ਭੇਜਣ ਦਾ ਇਰਾਦਾ ਰੱਖਦੀਆਂ ਹਨ। ਦੋ-ਪੱਖੀ ਗਲਤੀ ਦੇ ਕਾਰਣ ਇਸ ਵਿੱਚ ਸਹਿਮਤੀ ਦੀ ਅਣਹੋਂਦ ਹੈ।

**ਦੂਜਾ:** ਗਲਤੀ ਜਰੂਰੀ ਤੱਥ ਬਾਰੇ ਹੋਂਣੀ ਚਾਹੀਦੀ ਹੈ (Mistake must be of essential facts) : ਦੋਵੇਂ ਧਿਰਾਂ ਦੁਆਰਾ ਗਲਤੀ ਇਕਰਾਰ ਦੇ ਕਿਸੇ ਜਰੂਰੀ ਤੱਥ ਬਾਰੇ ਹੋਣੀ ਚਾਹੀਦਾ ਹੈ, ਕਿਸੇ ਸੁਝਾਉ ਜਾਂ ਵਿਚਾਰ ਬਾਰੇ ਨਹੀਂ। ਅਜਿਹਾ ਹੋਣ ਤੇ ਮੁਆਇਦਾ ਵਿਅਰਥ ਨਹੀਂ ਹੋਵੇਗਾ।

ਇਹ ਦੋ-ਪੱਖੀ ਗਲਤੀ ਦੋ ਪ੍ਰਕਾਰ ਦੀ ਹੋ ਸਕਦੀ ਹੈ।

1. ਵਿਸ਼ਾ-ਵਸਤੂ ਸਬੰਧੀ ਗਲਤੀ।
2. ਪਾਲਣਾ ਦੀ ਸੰਭਾਵਿਕਤਾ ਸਬੰਧੀ ਗਲਤੀ।

**1. ਵਿਸ਼ਾ-ਵਸਤੂ ਸਬੰਧੀ ਗਲਤੀ** (Mistake as to the Subject matter) :- ਜਦੋਂ ਇਕਰਾਰ ਦੀਆਂ ਦੋਵੇਂ ਧਿਰਾਂ ਵਿਸ਼ਾ-ਵਸਤੂ ਦੇ ਕਿਸੇ ਜਰੂਰੀ ਤੱਥ ਬਾਰੇ ਗਲਤੀ ਤੇ ਹੁੰਦੀਆਂ ਹਨ ਤਾਂ ਇਸ ਨੂੰ ਵਿਸ਼ਾ-ਵਸਤੂ ਸਬੰਧੀ ਗਲਤੀ ਆਖਾਂਗੇ। ਇਹ ਗਲਤੀ ਵਿਸ਼ਾ-ਵਸਤੂ ਦੀ (ੳ) ਹੋਂਦ (ਅ) ਮਾਲਕੀ (ੲ) ਪਛਾਣ (ਸ) ਕੀਮਤ (ਹ) ਕਿਸਮ, ਅਤੇ (ਕ) ਮਾਤਰਾ ਦੇ ਸਬੰਧ ਵਿੱਚ ਹੋ ਸਕਦੀ ਹੈ, ਜਿਨ੍ਹਾਂ ਦਾਸੰਖੇਪ ਵਿਵਰਣ ਨਿਮਨ ਅਨੁਸਾਰ ਹੈ:

**ੳ) ਹੋਂਦ ਸਬੰਧੀ ਗਲਤੀ** (Mistake as to existence) - ਜਦੋਂ ਮੁਆਇਦੇ ਦੀਆਂ ਦੋਵੇਂ ਧਿਰਾਂ ਵਿਸ਼ਾ-ਵਸਤੂ ਦੀ ਹੋਂਦ ਬਾਰੇ ਗਲਤੀ ਤੇਹੁੰਦੀਆਂ ਹਨ ਤਾਂ ਇਸ ਨੂੰ ਹੋਂਦ ਸਬੰਧੀ ਗਲਤੀ ਆਖਦੇ ਹਨ।

**ਉਦਾਹਰਣ:** ਰਮੇਸ਼, ਸੁਰੇਸ਼ ਪਾਸੋਂ ਇੱਕ ਗਊ ਖਰੀਦ ਕਰਦਾ ਹੈ। ਮੁਆਇਦਾ ਕਰਦੇ ਸਮੇਂ ਗਊ ਮਰ ਚੁੱਕੀ ਸੀ ਜਿਸ ਦੀ ਦੋਵੇਂ ਧਿਰਾਂ ਨੂੰ ਜਾਣਕਾਰੀ ਨਹੀ ਸੀ। ਇਕਰਾਰ ਵਿਅਰਥ ਹੋਵੇਗਾ।

**ਅ) ਮਾਲਕੀ ਸਬੰਧੀ ਗਲਤੀ** (Mistake as to title) - ਜੇ ਵਿਕ੍ਰੇਤਾ ਨੂੰ ਵਿਸ਼ਾਵਸ਼ ਹੋਵੇ ਕਿ ਵਿਕਰੀ ਕੀਤੀ ਜਾਣ ਵਾਲੀ ਵਸਤੂ ਤੇ ਉਸ ਨੂੰ ਮਾਲਕੀ ਅਧਿਕਾਰ ਪ੍ਰਾਪਤ ਹੈ ਜਦੋਂ ਕਿ ਵਾਸਤਵ ਵਿੱਚ ਉਹ ਵਸਤੂ ਦਾ ਮਾਲਕ ਨਹੀਂ ਹੈ ਅਤੇ ਖਰੀਦਾਰ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਹੈ ਤਾਂ ਇਹ ਮਾਲਕੀ ਸਬੰਧੀ ਗਲਤੀ ਹੋਵੇਗੀ।

**ਉਦਾਹਰਣ:** ਕਰਣ ਨੇ ਸਰਵਣ ਤੋਂ ਉਸਦੀ ਜਮੀਨ ਪੱਟੇ ਤੇ ਲੈਣ ਦਾ ਇਕਰਾਰ ਕੀਤਾ। ਸਰਵਣ ਇਸ ਜਮੀਨ ਦਾ ਜੀਵਨ ਭਰ ਲਈ ਕਿਰਾਏਦਾਰ ਸੀ ਜਿਸ ਦਾ ਪਤਾ ਦੋਵੇਂ ਧਿਰਾਂ ਨੂੰ ਨਹੀ ਸੀ। ਇਕਰਾਰ ਵਿਅਰਥ ਸੀ।

ੲ) **ਪਛਾਣ ਸਬੰਧੀ ਗਲਤੀ** (Mistake as a Indentity) -ਜਦੋਂ ਇੱਕ ਧਿਰ ਦੇ ਦਿਮਾਗ ਵਿੱਚ ਇੱਕ ਵਸਤੂ ਅਤੇ ਦੂਜੀ ਧਿਰ ਦੇ ਦਿਮਾਗ ਵਿੱਚ ਦੂਜੀ ਵਸਤੂ ਹੁੰਦੀ ਹੈ ਤਾਂ ਇਸ ਨੂੰ ਪਛਾਣ ਸਬੰਧੀ ਗਲਤੀ ਆਖਾਂਗੇ।

ਸ) **ਕੀਮਤ ਸਬੰਧੀ ਗਲਤੀ** (Mistake as to Price) : ਜਦੋਂ ਵੇਚੀ ਜਾਣ ਵਾਲੀ ਵਸਤੂ ਦੇ ਸਬੰਧ ਵਿੱਚ ਦੋਵੇਂ ਧਿਰਾਂ ਵੱਖ ਵੱਖ ਮੁੱਲ ਦਾ ਭਾਵ ਰੱਖਦੀਆਂ ਹੋਣ ਤਾਂ ਇਸ ਨੂੰ ਕੀਮਤ ਸਬੰਧੀ ਗਲਤੀ ਆਖਾਂਗੇ।

**ਉਦਾਹਰਣ:** ਹਰੀ ਨੇ ਵਿਸ਼ਨੂ ਪਾਸੋਂ ਇੱਕ ਜਮੀਨ ਪੱਟੇ ਤੇ ਲੈਣ ਦਾ ਇਕਰਾਰ ਕੀਤਾ। ਮੁਆਇਦੇ ਦੀ ਦਸਤਾਵੇਜ ਵਿੱਚ ਇਹ ਰਕਮ 230/-ਰੁਪਏ ਦੀ ਥਾਂ 130/-ਰੁਪਏ ਲਿਖ ਦਿੱਤੀ ਗਈ, ਮੁਆਇਦਾ ਵਿਅਰਥ ਮੰਨਿਆ ਗਿਆ।[2]

ਹ) **ਕਿਸਮ ਸਬੰਧੀ ਗਲਤੀ** (Mistake as to quality) - ਜੇ ਸਬੰਧਤ ਵਿਸ਼ਾ-ਵਸਤੂ ਦੀ ਕਿਸਮ ਬਾਰੇ ਦੋਵੇਂ ਧਿਰਾਂ ਗਲਤੀ ਤੇ ਹੋਣ ਤਾਂ ਇਕਰਾਰ ਵਿਅਰਥ ਹੋਵੇਗਾ। ਪਰੰਤੂ ਇਹ ਕਿਸਮ ਦੀ ਗਲਤੀ ਅਜਿਹੀ ਹੋਣੀਚਾਹੀਦੀ ਹੈ ਜੋ ਵਸਤੂ ਨੂੰ ਅਣ-ਉਚਿਤ ਬਣਾ ਦੇਵੇ।

ਕ) **ਮਾਤਰਾ ਸਬੰਧੀ ਗਲਤੀ** (Mistake as to quantity) - ਜਦੋਂ ਮੁਆਇਦਾ ਦੀਆਂ ਦੋਵੇਂ ਧਿਰਾਂ ਵਿਸ਼ਾ-ਵਸਤੂ ਦੀ ਮਾਤਰਾ ਸਬੰਧੀ ਮਤਭੇਦ ਰੱਖਦੀਆਂ ਹੋਣ ਤਾਂ ਇਹ ਮਾਤਰਾ ਸਬੰਧੀ ਗਲਤੀ ਹੋਵੇਗੀ ਜੋ ਮੁਆਇਦੇ ਨੂੰ ਵਿਅਰਥ ਬਣਾ ਦਿੰਦੀ ਹੈ।

2) **ਪਾਲਣਾਂ ਦੀ ਸੰਭਾਵਿਕਤਾ ਸਬੰਧੀ ਗਲਤੀ** (Mistake as to the possibility of performing the contract) - ਮੁਆਇਦੇ ਲਈ ਜਿਹਨਾਂ ਵਿਸ਼ੇਸ਼ ਸਥਿਤੀਆਂ ਦਾ ਹੋਣਾਂ ਲਾਜਮੀ ਹੈ, ਉਹਨਾਂ ਬਾਰੇ ਧਿਰਾਂ ਜੋ ਇਹ ਸਮਝਦੀਆਂ ਹਨ ਕਿ ਇਹਨਾ ਦਾ ਪੂਰਾ ਕੀਤਾ ਜਾਣਾ ਸੰਭਵ ਹੈਜਦੋਂ ਕਿ ਵਾਸਤਵਿਕਤਾ ਇਸ ਤੋਂ ਭਿੰਨ ਹੋਵੇ ਤਾਂ ਇਹ ਗਲਤੀ ਮੁਆਇਦੇ ਦੇ ਪੂਰਣ ਹੋਣ ਨੂੰ ਅਸੰਭਵ ਬਦਾ ਦੇਵੇਗੀ, ਜਿਸ ਨਾਲ ਮੁਆਹਿਦਾ ਵਿਅਰਥ ਹੋ ਜਾਵੇਗਾ। ਇਹ ਗਲਤੀ ਭੌਤਿਕ ਜਾਂ ਕਾਨੂੰਨੀ ਅਸੰਭਵਤਾ ਹੋ ਸਕਦੀ ਹੈ।

ੳ) **ਭੌਤਿਕ ਅਸੰਭਵਤਾ** (Physical Impossibility) – ਜਦੋਂ ਸਥਿਤੀਆਂ ਅਜਿਹੀਆਂ ਹੋਣ ਜਿਹਨਾਂ ਨੂੰ ਸੰਭਵ ਨਾ ਬਣਾਇਆ ਜਾ ਸਕਦਾ ਹੋਵੇ।

**ਉਦਾਹਰਣ:** ਸਮਰਾਟ ਐਡਵਰਡ ਦੇ ਰਾਜ ਤਿਲਕ ਸਮੇ ਸਮਰਾਟ ਦੀਸਵਾਰੀ ਦੇ ਜਲੂਸ ਨੂੰ ਵੇਖਣ ਲਈ ਕਮਰਾ ਕਿਰਾਏ ਤੇ ਲਿਆ ਗਿਆ। ਇਹ ਜਲੂਸ ਪਹਿਲਾਂ ਹੀ ਸਥਗਿਤ ਕਰ ਦਿੱਤਾ ਗਿਆ ਸੀ, ਪਰੰਤੂ ਦੋਵੇਂ ਧਿਰਾਂ ਨੂੰ ਇਸ ਦੀ ਜਾਣਕਾਰੀ ਨਹੀਂ ਸੀ। ਇਕਰਾਰ ਵਿਅਰਥ ਘੋਸ਼ਿਤ ਕੀਤਾ ਗਿਆ।[2]

ਅ) **ਕਾਨੂੰਨੀ ਅਸੰਭਵਤਾ** (Legal Impossibility) – ਜਦੋਂ ਦੋਵੇਂ ਧਿਰਾਂ ਕੋਈ ਅਜਿਹਾ ਇਕਰਾਰ ਕਰਨਾ ਚਾਹੁੰਦੀਆਂ ਹਨ ਜਿਸ ਨੂੰ ਕਾਨੂੰਨੀ ਦ੍ਰਿਸ਼ਟੀ ਤੋਂ ਕਰਨ ਦੀ ਇਜਾਜਤ ਨਹੀ ਹੈ ਤਾਂ ਇਹ ਇਕਰਾਰ ਕਾਨੂੰਨੀ ਅਸੰਭਵਤਾ ਦੇ ਕਾਰਨ ਵਿਅਰਥ ਹੋਵੇਗਾ।

2. **ਇੱਕ-ਪੱਖੀ ਗਲਤੀ** (Unilateral Mistake) -ਮੁਆਇਦੇ ਦੀਆਂ ਦੋ ਧਿਰਾਂ ਵਿੱਚੋਂ ਕੋਈ ਇੱਕ ਧਿਰ ਗਲਤੀ ਤੇ ਹੁੰਦੀ ਹੈ ਤਾਂ ਇਹ ਇੱਕ-ਪੱਖੀ ਗਲਤੀ ਅਖਵਾਂਦੀ ਹੈ। ਧਾਰਾ 22 ਅਨੁਸਾਰ ਕੋਈ ਮੁਆਇਦਾ ਇਸ ਲਈ ਵਿਅਰਥ ਨਹੀਂ ਬਣ ਜਾਂਦਾ ਕਿ ਇੱਕ ਪੱਖ ਨੇ ਤੱਥ ਸਬੰਧੀ ਗਲਤੀ ਕੀਤੀ ਹੈ। ਇੱਕ-ਪੱਖੀ ਗਲਤੀ ਦੀ ਸਥਿਤੀ ਵਿੱਚ ਮੁਆਇਦਾ ਤਾਂ ਹੀ ਵਿਅਰਥ ਮੰਨਿਆ ਜਾਵੇਗਾ ਜਦੋਂ ਇਹ ਸਿੱਧ ਹੋ ਜਾਵੇ ਕਿ ਇਹ ਗਲਤੀ ਦੂਜੀ ਧਿਰ ਦੇ ਕਪਟ ਜਾਂ ਮਿਥਿਆ-ਵਰਣਨ ਦੇ ਕਾਰਨ ਹੋਈ ਹੈ ਨਹੀਂ ਤਾਂ ਮੁਆਇਦਾ ਸੁੰਨਯੋਗ ਹੋਵੇਗਾ। ਇੱਕ-ਪੱਖੀ ਗਲਤੀ 1. ਵਿਅਕਤੀ ਸਬੰਧੀ ਗਲਤੀ 2. ਵਿਅਕਤੀ ਦੇ ਗੁਣ ਸਬੰਧੀ ਗਲਤੀ ਅਤੇ 3. ਵਚਨ ਦੀ ਪ੍ਰਕ੍ਰਿਤੀ ਸਬੰਧੀ ਗਲਤੀ ਹੋ ਸਕਦੀ ਹੈ। ਇਸ ਤੇ ਨਿਮਨ ਅਨੁਸਾਰ ਵਿਚਾਰ ਪ੍ਰਗਟ ਕੀਤੇ ਗਏ ਹਨ:

1. **ਵਿਅਕਤੀ ਸਬੰਧੀ ਗਲਤੀ** (Mistake as to person) – ਜੇ ਕੋਈ ਧਿਰ ਕਿਸੇ ਵਿਸ਼ੇਸ਼ ਵਿਅਕਤੀ ਦੇ ਨਾਲ ਮੁਆਇਦਾ ਕਰਨਾ ਚਾਹੁੰਦੀ ਹੈਯ ਅਤੇ ਕੋਈ ਦੂਜਾ ਵਿਅਕਤੀ ਉਸ ਮੁਆਇਦੇ ਵਿੱਚ ਸਾਮਲ ਹੋ ਜਾਵੇ ਤਾਂ ਇਹ ਵਿਅਕਤੀ ਸਬੰਧੀ ਗਲਤੀ ਅਖਵਾਏਗੀ।

**ਉਦਾਹਰਣ-** ਇੱਕ ਸਿਨੇਮਾ ਦੇ ਪ੍ਰਬੰਧਕ ਅਸ਼ੋਕ ਨੇ ਹੁਕਮ ਦਿੱਤਾ ਕਿ ਮੁਰਾਰੀ ਨੂੰ ਟਿਕਟ ਨਾ ਦਿੱਤਾ ਜਾਵੇ। ਮੁਰਾਰੀ ਨੂੰ ਇਹ ਪਤਾ ਲੱਗਣ ਤੇ ਉਸ ਨੇ ਸੁਰੇਸ਼ ਰਾਹੀਂ ਸਿਨੇਮਾ ਦੇ ਟਿਕਟ ਮੰਗਾ ਲਏ। ਜਦੋਂ ਉਹ ਸਿਨੇਮਾ ਵੇਖਣ ਗਿਆ ਤਾਂ ਉਸ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ। ਮੁਰਾਰੀ ਨੇ ਪ੍ਰਬੰਧਕ ਦੇ ਵਿਰੁੱਧ ਦਾਵਾ ਦਾਇਰ ਕਰ ਦਿੱਤਾ ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ।[1]

2. **ਵਿਅਕਤੀ ਦੇ ਗੁਣ ਸਬੰਧੀ ਗਲਤੀ** (Mistake as to the attributes of person) -ਜੇ ਗਲਤੀ ਕਿਸੇ ਵਿਅਕਤੀ ਦੀ ਵਿਸ਼ੇਸ਼ ਯੋਗਤਾ, ਲੱਛਣ ਜਾਂ ਗੁਣ ਸਬੰਧੀ ਹੈ ਤਾਂ ਇਸ ਨੂੰ ਧਿਰ ਦੇ ਗੁਣ ਸਬੰਧੀ ਗਲਤੀ ਕਿਹਾ ਜਾਵੇਗਾ।

3. **ਵਚਨ ਦੀ ਪ੍ਰਕ੍ਰਿਤੀ ਸਬੰਧੀ ਗਲਤੀ** (Mistake as to nature of the promise) – ਜਦੋਂ ਇੱਕ ਧਿਰ ਆਪਣੀ ਇੱਛਾ ਨਾਲ ਨਹੀਂ ਸਗੋਂ ਦੂਜੇ ਵਿਅਕਤੀ ਦੀ ਇੱਛਾ ਨਾਲ ਮੁਆਇਦਾ ਕਰਦਾ ਹੈ ਜਿਸ ਨੂੰ ਕਰਨ ਦਾ ਉਸ ਦਾ ਕੋਈ ਇਰਾਦਾ ਨਹੀਂ ਸੀ ਤਾਂ ਇਹ ਵਚਨ ਦੀ ਪ੍ਰਕ੍ਰਿਤੀ ਸਬੰਧੀ ਗਲਤੀ ਹੈ।

4. **ਕਾਨੂੰਨ ਸਬੰਧੀ ਗਲਤੀ** (Mistake as to Law) – ਮੁਆਇਦੇ ਦੀਆਂ ਧਿਰਾਂ ਜੇ ਕਾਨੂੰਨ ਦੇ ਸਬੰਧ ਵਿੱਚ ਕਿਸੇ ਪ੍ਰਕਾਰ ਦੀ ਗਲਤੀ ਤੇ ਹੁੰਦੀਆਂ ਹਨ ਤਾਂ ਇਸ ਨੂੰ ਕਾਨੂੰਨ ਸਬੰਧੀ ਗਲਤੀ ਕਿਹਾ ਜਾਵੇਗਾ। ਕਾਨੂੰਨ ਸਬੰਧੀ ਗਲਤੀ ਤਿੰਨ ਪ੍ਰਕਾਰ ਦੀ ਹੋ ਸਕਦੀ ਹੈ ਜੋ ਕਿ ਨਿਮਨ ਲਿਖਤ ਹਨ:

1. **ਦੇਸ਼ ਦੇ ਕਾਨੂੰਨ ਸਬੰਧੀ ਗਲਤੀ** – ਹਰ ਨਾਗਰਿਕ ਪਾਸੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਦੇਸ਼ ਦੇਕਾਨੂੰਨ ਬਾਰੇ ਗਿਆਨ ਰੱਖਦਾ ਹੋਵੇਗਾ। ਉਸ ਨੂੰ ਉਹੀ ਕੰਮ ਕਰਨਾ ਚਾਹੀਦਾ ਹੈ ਜੋ ਕਾਨੂੰਨ ਦੇ ਅਨੁਕੂਲ ਹੋਵੇ। ਜੇ ਉਹ ਕਾਨੂੰਨ ਦੇ ਪ੍ਰਤਿਕੂਲ ਕੰਮ ਕਰਦਾ ਹੈ ਤਾਂ ਉਸ ਨੂੰ ਮਾਫ ਨਹੀਂ ਕੀਤਾ ਜਾ ਸਕਦਾ ਕਿਉਂਕਿ ਆਮ ਨਿਯਮ ਹੈ ਕਿ 'ਕਾਨੂੰਨ ਦੇ ਗਿਆਨ ਦਾ ਨਾ ਹੋਣਾ ਮਾਫੀ ਪ੍ਰਾਪਤ ਕਰਨ ਦਾ ਬਹਾਨਾ ਨਹੀ ਹੈ'

2. **ਵਿਦੇਸ਼ੀ ਕਾਨੂੰਨੀ ਸਬੰਧੀ ਗਲਤੀ** – ਵਿਦੇਸ਼ ਵਿੱਚ ਪ੍ਰਚਲਿਤ ਕਾਨੂੰਨ ਦਾ ਗਿਆਨ ਸਾਰੇ ਨਾਗਰਿਕਾਂ ਨੂੰ ਹੋਣਾ ਜਰੂਰੀ ਨਹੀਂ ਹੈ, ਇਸ ਲਈ ਵਿਦੇਸ਼ੀ ਕਾਨੂੰਨ ਸਬੰਧੀ ਗਲਤੀ ਨੂੰ ਤੱਥ ਸਬੰਧੀ ਗਲਤੀ ਮੰਨਿਆ ਜਾਂਦਾ ਹੈ।

3. **ਵਿਅਕਤੀਗਤ ਅਧਿਕਾਰ ਸਬੰਧੀ ਗਲਤੀ** – ਜੇ ਧਿਰਾਂ ਆਪਣੇ ਸਬੰਧਤ ਅਧਿਕਾਰਾਂ ਦੀ ਕਿਸੇ ਪਰਸਪਰ ਗਲਤੀ ਅਧੀਨ ਮੁਆਇਦਾ ਕਰਦੀਆਂ ਹਨ ਤਾਂ ਮੁਆਇਦਾ ਵਿਅਰਥ ਹੋਵੇਗਾ, ਭਾਵੇਂ ਵਿਅਕਤੀਗਤ ਅਧਿਕਾਰਾਂ ਦੀ ਹੋਂਦ ਵੀ ਕਾਨੂੰਨ ਦੇ ਨਿਯਮਾਂ ਤੇ ਆਧਾਰਿਤ ਹੁੰਦੀ ਹੈ।

ਪਾਠ ਨੰ. 1.6 ਲੇਖਿਕਾ : ਰਾਜਵਿੰਦਰ ਕੌਰ

# ਜਾਇਜ ਉਦੇਸ਼ ਅਤੇ ਪ੍ਰਤਿਫਲ

**(Lawful object and Consideration)**

**1.6.1 ਪਰਿਭਾਸ਼ਾ (Definition)**

**1.6.2 ਸਮਝੋਤੇ ਦਾ ਪ੍ਰਤਿਫਲ ਜਾਂ ਉਦੇਸ਼ ਉਸ ਵੇਲੇ ਹੀ ਗੈਰ ਕਾਨੂੰਨੀ ਹੁੰਦਾ ਹੈ**

**1.6.3 ਥੋੜੇ ਗੈਰ ਕਾਨੂੰਨ ਉਦੇਸ਼ ਜਾਂ ਪ੍ਰਤਿਫਲ ਵਾਲੇ ਸਮਝੌਤੇ (Agreement for which object or consideration is unlawful in parts)**

**1.6.4 ਵਿਅਰਥ ਸਮਝੌਤੇ (Void Agreements)**

## 1.6.1 ਪਰਿਭਾਸ਼ਾ (Definition)

ਭਾਰਤੀ ਮੁਆਦਿਾ ਅਧਿਨਿਯਮ ਦਾ ਧਾਰਾ 23 ਅਨੁਸਾਰ "ਗੈਰ ਕਾਨੂੰਨੀ ਉਦੇਸ਼ ਜਾਂ ਪ੍ਰਤਿਫਲ ਵਾਲਾ ਇੱਕ ਸਮਝੌਤਾ ਵਿਅਰਥ ਹੁੰਦਾ ਹੈ।" ਧਾਰਾ 23 ਵਿੱਚ 'ਉਦੇਸ਼' ਸ਼ਬਦ ਦੀ ਵਰਤੋਂ ਉਹਨਾਂ ਅਰਥਾਂ ਲਈ ਨਹੀ ਹੈ ਜੋ ਅਰਥ ਪ੍ਰਤਿਫਲ ਦੇ ਹੁੰਦੇ ਹਨ। ਉਦੇਸ਼ ਦਾ ਅਰਥ ਹੈ ਮੰਤਵ, ਸਰਪੂ ਜਾਂ ਨਕਸ਼ਾ (Purpose or design) ਹੁੰਦਾ ਹੈ।ਇਹ ਭਾਵਨਾ ਦਾ ਸਪੱਸ਼ਟੀਕਰਨ ਕਰਦਾ ਹੈ। ਉਦਾਹਰਣ ਦੇ ਲਈ ਇੱਕ ਦੀਵਾਲੀਆ ਵਿਅਕਤੀ ਦੂਜੀ ਧਿਰ ਨੂੰ ਪ੍ਰਤਿਫਲ ਦੇ ਬਦਲੇ ਵਿੰਚ ਕੋਈ ਜਾਇਦਾਦ ਇਸ ਉਦੇਸ਼ ਨਾਲ ਦਿੰਦਾ ਹੈ ਕਿ ਕਰਜਾ ਦੇਣ ਵਾਲੀ ਧਿਰ ਉਸ ਉੱਤੇ ਕਪਟ ਦਾ ਇਲਜਾਮ ਨਾ ਲਗਾਵੇ। ਇਸ ਕੇਸ ਵਿੱਚ ਮੁਆਇਦੇ ਦਾ ਉਦੇਸ਼ ਤਾਂ ਗੈਰ ਕਾਨੂੰਨੀ ਹੈ ਪਰੰਤੂ ਪ੍ਰਤਿਫਲ ਕਾਨੂੰਨੀ ਹੈ, ਇਸ ਤਰਾਂ ਮੁਆਇਦਾ ਵਿਅਰਥ ਹੋ ਜਾਵੇਗਾ ਕਿਉਂਕਿ ਮੁਆਇਦੇ ਦੇ ਉਦੇਸ਼ ਅਤੇ ਪ੍ਰਤਿਫਲ ਦਾ ਦੋਹਾਂ ਦੀ ਹੀ ਜਾਇਜ ਜਾਂ ਕਾਨੂੰਨੀ ਹੋਣਾ ਜਰੂਰੀ ਹੈ। ਜਾਇਜ ਜਾਂ ਕਾਨੂੰਨੀ ਸ਼ਬਦ ਦਾ ਅਰਥ ਹੈ ਕਾਨੂੰਨ ਦੀ ਮਾਨਤਾ ਪ੍ਰਾਪਤ ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 23 ਵਿੱਚ ਇਸ ਸਬੰਧ ਵਿੱਚ ਹੇਠ ਲਿਖੀਆਂ ਗੱਲਾਂ ਦਾ ਵਰਣਨ ਹੈ :

(i) ਸਮਝੌਤੇ ਲਈ ਪ੍ਰਤਿਫਲ (Considration of Agreement)

(ii) ਸਮਝੌਤੇ ਦਾ ਉਦੇਸ਼ ; ਅਤੇ (Object for the Agreement ; and)

(iii) ਸਮਝੌਤਾ (Agreement)

## 1.6.2 ਸਮਝੋਤੇ ਦਾ ਪ੍ਰਤਿਫਲ ਜਾਂ ਉਦੇਸ਼ ਉਸ ਵੇਲੇ ਹੀ ਗੈਰ ਕਾਨੂੰਨੀ ਹੁੰਦਾ ਹੈ:

**1. ਜੇਕਰ ਇਹ ਕਾਨੂੰਨ ਦੁਆਰਾ ਵਰਜਿਆ ਹੋਇਆ ਹੈ** - ਜੇਕਰ ਸਮਝੌਤੇ ਦਾ ਉਦੇਸ਼ ਜਾਂ ਪ੍ਰਤਿਫਲ ਕਾਨੂੰਨ ਦੁਆਰਾ ਗੈਰ ਕਾਨੂੰਨੀ ਜਾਂ ਵਰਜਿਆ ਹੋਇਆ ਹੋਵੇ ਤਾਂ ਮੁਆਇਦਾ ਵਿਅਰਥ ਹੋਵੇਗਾ। ਮੁਆਇਦਾ ਅਧਿਨਿਯਮ ਅਜਿਹੇ ਸਮਝੌਤੇ ਕਰਨ ਦੀ ਇਜਾਜਤ ਨਹੀ ਦਿੰਦਾ ਜਿਨ੍ਹਾਂ ਦੇ ਲਈ ਕਾਨੂੰਨ ਦੁਆਰਾ ਸਜਾ ਦੇਣ ਦੀ ਵਿਵਸਥਾ ਹੈ ਤੇ ਜਿਨ੍ਹਾਂ ਉੱਤੇ ਸਪੱਸ਼ਟ ਰੂਪ ਵਿੱਚ ਰੋਕ ਲਾਈ ਗਈ ਹੈ।

ਉਦਾਹਰਣ: 1. ਇੱਕ ਵਿਅਕਤੀ ਜਿਸਦੀ ਪਹਿਲੀ ਪਤਨੀ ਜਿਉਦੀ ਹੈ ਉਹ ਦੂਜੇ ਵਿਆਹ ਲਈ ਕਿਸੇ ਨਾਲ ਸਮਝੌਤਾ ਨਹੀ ਕਰ ਸਕਦਾ ਅਤੇ ਨਾ ਹੀ ਅਜਿਹਾ ਸਮਝੌਤਾ ਕਾਨੂੰਨ ਦੁਆਰਾ ਲਾਗੂ ਕਰਾਉਣ ਯੋਗ ਹੋਵੇਗਾ। ਕਿਉਂਕਿ ਕਾਨੂੰਨ ਅਜਿਹੇ ਵਿਆਹਾਂ ਤੇ ਰੋਕ ਲਾ ਰੱਖੀ ਹੈ।

2. X ਨੇ Y ਨੂੰ ਸਰਕਾਰੀ ਨੌਕਰੀ ਦਵਾਉਣ ਦਾ ਵਾਅਦਾ ਕੀਤਾ ਅਤੇ Y ਇਸ ਬਦਲੇ X ਨੂੰ 1000 ਰੁਪਏ ਦੇਣ ਦਾ ਵਚਨ ਦਿੰਦਾ ਹੈ।ਇਹ ਸਮਝੌਤਾ ਵਿਅਰਥ ਹੋਵੇਗਾ ਕਿਉਂਕਿ ਇਸ ਵਿੱਚ ਦਿੱਤਾ ਜਾਣ ਵਾਲਾ ਪ੍ਰਤਿਫਲ ਗੈਰ ਕਾਨੂੰਨੀ ਹੈ।

**2. ਜੇਕਰ ਇਹ ਅਜਿਹੀ ਪ੍ਰਕ੍ਰਿਤੀ ਦਾ ਹੈ ਕਿ ਜੇਕਰ ਆਗਿਆ ਦਿੱਤੀ ਗਈ ਤਾਂ ਇਹ ਕਾਨੂੰਨ ਦੀ ਕਿਸੇ ਸੁਰਤ ਜਾਂ ਵਿਵਸਥਾ ਦੇ ਵਿਰੁੱਧ ਹੋਵੇਗਾ** – ਜੇਕਰ ਕਿਸੇ ਸਮਝੌਤੇ ਦਾ ਉਦੇਸ਼ ਜਾਂ ਪ੍ਰਤਿਫਲ ਅਜਿਹੀ ਪ੍ਰਕ੍ਰਿਤੀ ਦਾ ਹੋਵੇ ਕਿ ਜੇਕਰ ਇਸਨੂੰ ਕਰਨ ਦੀ ਆਗਿਆ ਦੇ ਦਿੱਤੀ ਗਈ ਤਾਂ ਦੇਸ਼ ਦੇ ਕਿਸੇ ਕਾਨੂੰਨ ਦੀ ਉਲੰਘਣਾ ਹੋਵੇਗੀ ਤਾਂ ਅਜਿਹਾ ਸਮਝੌਤਾ ਵਿਅਰਥ ਹੁੰਦਾ ਹੈ। ਭਾਵ ਅਜਿਹਾ ਸਮਝੌਤਾ ਜੋ ਕਾਨੂੰਨ ਦੀ ਵਿਵਸਥਾ ਦੀ ਉਲੰਘਣਾ ਕਰਦਾ ਹੋਵੇ ਤਾਂ ਜਾਇਜ (Valid) ਨਹੀ ਹੋ ਸਕਦਾ।

ਉਦਾਹਰਣ: X ਨੇ Y ਨੂੰ ਮਿਲ ਕੇ ਕੰਮ ਕਰਨ ਦੀ ਸਹਿਮਤੀ ਦਿੱਤੀ ਪ੍ਰਤਿਫਲ ਦੇ ਰੂਪ ਵਿੱਚ X ਨੂੰ 24 ਪੌਂਡ ਮਜਦੂਰੀ ਤੇ 10 ਪੌਂਡ ਖਰਚੇ ਪਾਣੀ ਲਈ ਪ੍ਰਤੀ ਹਫਤਾ ਪ੍ਰਤਿਫਲ ਵਜੋਂ ਮਿਲਣਗੇ। ਦੋਵੇਂ ਧਿਰਾਂ ਇਸ ਗੱਲ ਤੋਂ ਜਾਣੂ ਹਨ ਕਿ ਆਮਦਨ ਨੂੰ ਛੁਪਾ ਕੇ ਕਰ ਚੋਰੀ ਕਰਨ ਦੀ ਚਾਲ ਦੇ ਬਦਲੇ 10 ਪੌਂਡ ਖਰਚੇ ਪਾਣੀ ਲਈ ਮਿਲਣਗੇ। ਇਹ ਫੈਸਲਾ ਦਿੱਤਾ ਗਿਆ ਕਿ ਮੁਆਇਦਾ ਵਿਅਰਥ ਸੀ ਕਿਉਂਕਿ ਇਸਦਾ ਉਦੇਸ਼ ਕਰ ਚੋਰੀ ਕਰਨਾ ਸੀ। ਇਸ ਲਈ ਦੇਸ਼ ਦੇ ਕਾਨੂੰਨ ਦੀ ਉਲੰਘਣਾ ਕਰਦਾ ਹੈ ਅਤੇ ਇਸਦਾ ਉਦੇਸ਼ ਗੈਰ ਕਾਨੂੰਨੀ ਹੈ।

3. **ਜੇਕਰ ਇਹ ਕਪਟ ਪੂਰਨ ਹੈ** – ਅਜਿਹੇ ਸਮਝੌਤੇ ਜੋ ਕਪਟ ਨੂੰ ਪ੍ਰੇਰਨ ਲਈ ਕੀਤੇ ਜਾਂਦੇ ਹਨ, ਵਿਅਰਥ ਹੁੰਦੇ ਹਨ। ਵਸਤਾਂ ਦੀ ਵਿਦੇਸ਼ ਵਿੱਚ ਵਿਕਰੀ ਕਰਨ ਸਬੰਧੀ ਸਮਝੌਤਾ ਜਿਸ ਦਾ ਮੰਤਵ ਵਸਤਾਂ ਨੂੰ ਵਿਦੇਸ਼ ਵਿੱਚ ਤਸਕਰੀ ਲਈ ਭੇਜਣਾ ਹੋਵੇ, ਵਿਅਰਥ ਹੋਵੇਗਾ। ਕਿਉਂਕਿ ਵਸਤਾਂ ਦਾ ਵਿਦੇਸ਼ ਤਸਕਰੀ ਦੇ ਮੰਤਵ ਲਈ ਭੇਜਣਾ ਕਪਟ ਪੂਰਨ ਹੈ ਭਾਵ ਦੇਸ਼ ਦੇ ਕਾਨੂੰਨ ਨਾਲ ਧੋਖਾ ਕਰਨ ਹਿੱਤ ਅਜਿਹਾ ਕੀਤਾ ਜਾ ਰਿਹਾ ਹੈ।

ਉਦਾਹਰਣ: P ਇੱਕ ਜਿਮੀਦਾਰ ਦਾ ਮੁਖਤਿਆਰ (Agent) ਹੈ ਉਹ ਆਪਣੇ ਮਾਲਕ ਦੀ ਜਾਣਕਾਰੀ ਤੋਂ ਬਗੈਰ ਹੀ ਉਸਦੀ ਜਮੀਨ Q ਨੂੰ ਘੱਟ ਕੀਮਤ ਪੱਟੇ ਦੇ ਦੇਣ ਦਾ ਸਮਝੌਤਾ ਕਰ ਲੈਂਦਾ ਹੈ ਇਸ ਕੇਸ ਵਿੱਚ P ਅਤੇ Q ਵਿਚਕਾਰ ਪੱਟੇ ਦਾ ਸਮਝੌਤਾ ਵਿਅਰਥ ਹੋਵੇਗਾ, ਕਿਉਂਕਿ ਇਸਦਾ ਉਦੇਸ਼ ਜਿਮੀਦਾਰ ਨੂੰ ਧੋਖਾ ਦੇਣਾ ਹੈ ਅਤੇ ਸਮਝੌਤੇ ਦੀ ਅਸਲੀਅਤ ਨੂੰ ਮਾਲਕ ਤੋਂ ਛੁਪਾਇਆ ਗਿਆ ਹੈ।

**4. ਜੇਕਰ ਸਮਝਤੇ ਦੀ ਦੂਜੀ ਧਿਰ ਦਾ ਸ਼ਰੀਰਕ ਜਾਂ ਉਸਦੀ ਜਾਇਦਾਦ ਦਾ ਨੁਕਸਾਨ ਹੁੰਦਾ ਹੋਵੇ**– ਜੇਕਰ ਕਿਸੇ ਸਮਝੌਤੇ ਅਧੀਨ ਕਿਸੇ ਧਿਰ ਨੂੰ ਸਰੀਰਕ ਜਾਂ ਉਸਦੀ ਜਾਇਦਾਦ ਨੂੰ ਨੁਕਸਾਨ ਪਹੁੰਚਦਾ ਹੋਵੇ ਤਾਂ ਅਜਿਹੇ ਮੁਆਇਦੇ ਦਾ ਉਦੇਸ਼ ਜਾਂ ਪ੍ਰਤਿਫਲ ਜਰੂਰ ਗੈਰ ਕਾਨੂੰਨੀ ਹੋਵੇਗਾ ਅਤੇ ਇਸ ਤਰ੍ਹਾਂ ਦਾ ਸਮਝੌਤਾ ਵਿਅਰਥ ਹੋਵੇਗਾ। ਉਦਾਹਰਣ ਲਈ A ਅਤੇ B ਵਿਚਕਾਰ C ਦਾ ਮਕਾਨ ਦੱਬ ਲੈਣ ਦਾ ਸਮਝੌਤਾ ਜਾਂ ਘੱਟ ਮੁੱਲ ਦੇ ਕੇ ਮਕਾਨ ਲੈਣ ਦਾ ਸਮਝੌਤਾ ਵਿਅਰਥ ਹੋਵੇਗਾ।

ਉਦਾਹਰਣ: X ਨੇ ਇੱਕ ਅਖਬਾਰ ਦੇ ਸੰਪਾਦਕ ਨੂੰ Y ਦੀ ਬਦਨਾਮੀ ਕਰਨ ਵਾਲਾ ਲੇਖ ਲਿਖਣ ਦੇ ਬਦਲੇ 4,000 ਰੁਪਏ ਦੇਣ ਦੀ ਪ੍ਰੇਸਕਸ਼ ਕੀਤੀ। ਇਹ ਸਮਝੌਤਾ ਵਿਅਰਥ ਹੋਵੇਗਾ ਕਿਉਂਕਿ ਇਸ ਨਾਲ Y ਦੀ ਬਦਨਾਮੀ ਜਾਂ ਮਾਣ ਹਾਨੀ ਹੁੰਦੀ ਹੈ। ਇਸ ਤਰ੍ਹਾਂ X ਅਖਬਾਰ ਦੇ ਸੰਪਾਦਕ ਨੂੰ ਭੁਗਤਾਨ ਕਰਨ ਤੋ ਬਾਅਦ ਉਸ ਤੋਂ 4,000 ਰੁਪਏ ਦੀ ਵਸੂਲ ਦਾ ਕੇਸ ਨਹੀ ਕਰ ਸਕਦਾ।

**5. ਜਦੋਂ ਅਦਾਲਤ ਇਸ ਨੂੰ ਅਨੈਤਿਕ ਮੰਨਦੀ ਹੈ** – ਜੇਕਰ ਕਿਸੇ ਸਮਝੌਤੇ ਦਾ ਉਦੇਸ਼ ਜਾਂ ਪ੍ਰਤਿਫਲ ਇਸ ਕਿਸਮ ਦਾ ਹੋਵੇ ਜਿਸਨੂੰ ਅਦਾਲਤ ਅਨੈਤਿਕ ਮੰਨਦੀ ਹੋਵੇ ਤਾਂ ਅਜਿਹਾ ਸਮਝੌਤਾ ਵਿਅਰਥ ਹੋਵੇਗਾ। ਅਨੈਤਿਕ ਦਾ ਅਰਥ ਹੈ ਜੋ ਨੈਤਿਕ ਨਹੀ ਜਾਂ ਸੱਚ ਜਾਂ ਅਸਲ ਦੇ ਵਿਰੁੱਧ ਹੈ।

ਉਦਾਹਰਣ: ੳ ਨੇ ਆਪਣੀ ਪੁੱਤਰੀ ਨੂੰ ਵੇਸਵਾਪੁਣੇ ਲਈ ਅ ਦੇ ਪਾਸ ਭੇਜਣ ਲਈ ਅ ਨਾਲ ਸਮਝੌਤਾ ਕੀਤਾ। ਇਹ ਸਮਝੌਤਾ ਵਿਅਰਥ ਹੈ ਕਿਉਂਕਿ ਇਹ ਇੱਕ ਅਨੈਤਿਕ ਕੰਮ ਹੈ।

**6. ਜੇਕਰ ਅਦਾਲਤ ਇਸਨੂੰ ਲੋਕ-ਨੀਤੀ ਦੇ ਵਿਰੁੱਧ ਸਮਝਦੀ ਹੈ** – ਅਜਿਹੇ ਸਮਝੌਤੇ ਗੈਰ ਕਾਨੂੰਨੀ ਹੁੰਦੇ ਹਨ ਜਿਲ੍ਹਾਂ ਨੂੰ ਅਦਾਲਤ ਲੋਕ ਨੀਤੀ ਦੇ ਵਿਰੁੱਧ ਸਮਝਦੀ ਹੋਵੇ। ਅਜਿਹੇ ਸਮਝੌਤਿਆਂ ਨੂੰ ਸਮਝੌਤੇ ਦੀ ਕੋਈ ਵੀ ਧਿਰ ਲਾਗੂ ਨਹੀ ਕਰਵਾ ਸਕਦੀ। ਕੋਈ ਵੀ ਸਮਝੌਤਾ ਜੋ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਨੂੰ ਉਤਸ਼ਾਹਿਤ ਕਰਦਾ ਹੋਵੇ ਜਾਂ ਨਿਆਂ ਪੱਖੀ ਨਾ

ਹੋਵੇ ਤਾਂ ਉਹ ਗੈਰ ਕਾਨੂੰਨੀ ਹੋਵੇਗਾ। ਲੋਕ ਨੀਤੀ ਦੇ ਸਿਧਾਤ ਦਾ ਮੁਲ ਆਧਾਰ ਇਹ ਹੈ ਕਿ ਕੋਈ ਵੀ ਨਾਗਰਿਕ ਕਾਨੂੰਨੀ ਰੂਪ ਵਿੱਚ ਅਜਿਹਾ ਕੰਮ ਨਹੀ ਕਰ ਸਕਦਾ ਜੋ ਲੋਕਾਂ ਦੇ ਲਈ ਹਾਨੀਕਾਰਕ ਹੋਵੇ। ਅਦਾਲਤਾਂ ਨੇ ਹੇਠ ਲਿਖੇ ਸਮਝੌਤਿਆਂ ਨੂੰ ਲੋਕ ਨੀਤੀ ਦੇ ਵਿਰੁੱਧ ਕਰਾਰ ਦਿੱਤਾ ਹੈ।

1) ਦੁਸ਼ਮਣ ਦੇ ਨਾਲ ਵਪਾਰ ਕਰਨਾ।
2) ਨਿਆਂ ਦੇ ਰਾਹੀ ਵਿੱਚ ਕਾਵਟ ਪਾਉਣ ਵਾਲੇ ਸਮਝੌਤੇ।
3) ਪਾਲਣ ਪੋਸ਼ਣ (Maintenance) ਜਾਂ ਚੈਮਪਟ੍ਰੀ (Champerty)
4) ਆਤਮ ਹੱਤਿਆ ਸਬੰਧੀ ਸਮਝੌਤੇ।
5) ਸਰਵਜਨਿਕ ਪਦਵੀ ਦੀ ਵਿੱਕਰੀ ਜਾਂ ਮੁੱਲ ਪਾਉਣ ਸਬੰਧੀ ਸਮਝੌਤੇ।
6) ਗੈਰ ਕਾਨੂੰਨੀ ਕੰਮਾਂ ਨੂੰ ਉਤਸ਼ਾਹ ਦੇਣ ਵਾਲੇ ਸਮਝੌਤੇ।
7) ਤਲਾਕ ਦੇਣ ਲਈ ਪੈਸਾ ਉਧਾਰ ਦੇਣ ਦਾ ਸਮਝੌਤਾ।
8) ਦੂਜੇ ਦੇ ਵਿਆਹ ਵਿੱਚ ਵਿਘਨ ਪਾਉਣ ਸਬੰਧੀ ਸਮਝੌਤੇ।

### 1.6.3 ਥੋੜੇ ਗੈਰ ਕਾਨੂੰਨੀ ਉਦੇਸ਼ ਜਾਂ ਪ੍ਰਤਿਫਲ ਵਾਲੇ ਸਮਝੌਤੇ

(Agreement for which object or consideration is unlawful in parts)

ਭਾਰਤੀ ਮੁਆਇਦਾ, ਅਧਿਨਿਯਮ ਦੀ ਧਾਰਾ 24 ਦੇ ਅਨੁਸਾਰ ਜਦੋਂ ਕਿਸੇ ਸਮਝੌਤੇ ਦਾ ਮੰਤਵ ਅਤੇ ਪ੍ਰਤਿਫਲ ਥੋੜ੍ਹਾ ਗੈਰਾ ਕਾਨੂੰਨੀ ਹੋਵੇ ਤਾਂ ਅਜਿਹਾ ਸਮਝੌਤਾ ਪੂਰਨ ਰੂਪ ਵਿੱਚ ਵਿਅਰਥ ਹੁੰਦਾ ਹੈ। ਰਾਮ 10,000 ਰੁਪਏ ਸਲਾਨਾ ਦੇ ਆਧਾਰ ਤੇ ਸ਼ਾਮ ਨੂੰ ਨੀਲ ਤਿਆਰ ਕਰਨ ਸਬੰਧੀ ਕਾਰੋਬਾਰ ਅਤੇ ਹੋਰ ਗੈਰ ਕਾਨੂੰਨੀ ਕਰਨ ਦਾ ਵਚਨ ਦਿੰਦਾ ਹੈ। ਰਾਮ ਦੇ ਵਚਨ ਦਾ ਪ੍ਰਤਿਫਲ ਅਤੇ ਉਦੇਸ਼ ਬੇਸ਼ੱਕ ਥੋੜ੍ਹੇ ਗੈਰ ਕਾਨੂੰਨੀ ਹਨ ਫੇਰ ਵੀ ਇਹ ਸਮਝੌਤਾ ਪੂਰਨ ਰੂਪ ਵਿੱਚ ਵਿਅਰਥ ਹੋਵੇਗਾ। ਇਹ ਨਿਯਮ ਉਸ ਹਾਲਤ ਵਿੱਚ ਲਾਗੂ ਹੁੰਦਾ ਹੈ ਜਦੋਂ ਕਾਰੋਬਾਰ ਜਾਂ ਸੌਦੇ ਜਾਂ ਵਿਵਹਾਰ ਨੂੰ ਜਾਇਜ ਅਤੇ ਨਜਾਇਜ ਵਰਗੇ ਹਿੱਸਿਆਂ ਵਿੱਚ ਨਾ ਵੰਡਿਆ ਜਾ ਸਕਦਾ ਹੋਵੇ ਅਤੇ ਇਸੇ ਤਰ੍ਹਾਂ ਸਾਰਾ ਮੁਆਇਦਾ ਹੀ ਵਿਅਰਥ ਹੋ ਜਾਂਦਾ ਹੈ। ਪਰੰਤੂ ਜੇਕਰ ਇੱਕ ਮੁਆਇਦੇ ਦੇ ਅਧੀਨ ਕਈ ਵਚਨ ਦਿੱਤੇ ਗਏ ਹੋਣ ਜਿਨ੍ਹਾਂ ਵਿੱਚੋ ਕੁਝ ਜਾਇਜ ਹੋਣ ਅਤੇ ਕੁਝ ਨਜਾਇਜ ਤਾਂ ਜਾਇਜ ਵਚਨ ਜਾਇਜ ਹੋਣ ਦੇ ਕਾਰਨ ਲਾਗੂ ਕਰਵਾਏ ਜਾ ਸਕਦੇ ਹਨ। (ਧਾਰਾ 24)

**ਨੀਤੀ ਦੇ ਵਿਰੁੱਧ ਸਮਝੌਤਾ**

**1. ਦੁਸ਼ਮਣ ਨਾਲ ਵਪਾਰ –**

ਦੁਸ਼ਮਣ ਦੇਸ਼ ਦੇ ਨਾਗਕਿਰ ਨਾਲ ਵਪਾਰ ਦੇ ਸਮਝੌਤੇ ਉਸ ਹਾਲਤ ਵਿੱਚ ਸਪੱਸ਼ਟ ਤੌਰ ਤੇ ਵਿਅਰਥ ਹੁੰਦੇ ਹਨ। ਜਦੋਂ ਉਹ ਦੇਸ਼ ਦੇ ਹਿੱਤ ਵਿੱਚ ਨਹੀ ਹੁੰਦੇ। ਇਹਨਾਂ ਤੋਂ ਇਲਾਵਾ ਰਾਸ਼ਟਰੀ ਐਮਰਜੈਂਸੀ ਦੌਰਾਨ ਕੀਤੇ ਅਜਿਹੇ ਵਿਅਕਤੀਆਂ ਨਾਲ ਸਮਝੌਤਿਆਂ ਨੂੰ ਦੇਸ਼ ਦੀ ਸ਼ਾਨ ਦੇ ਖਿਲਾਫ ਮੰਨਿਆ ਜਾਂਦਾ ਹੈ। ਪ੍ਰੰਤੂ ਅਮਨ ਦੇ ਦੌਰਾਨ ਜਿਹੜੇ ਸਮਝੌਤੇ ਕੀਤੇ ਜਾਂਦੇ ਹਨ ਜੇਕਰ ਉਸ ਦੇਸ਼ ਨਾਲ ਲੜਾਈ ਲੱਗ ਜਾਵੇ ਤਾਂ ਜਾਂ ਤਾਂ ਉਸ ਸਮਝੌਤੇ ਨੂੰ ਲਾਗੂ ਕਰਨਾ ਕੁਝ ਸਮੇਂ ਲਈ ਮਨਸੂਖ ਕਰ ਦਿੱਤਾ ਜਾ ਸਕਦਾ ਹੈ ਜਾਂ ਇਸਨੂੰ ਖਤਮ ਵੀ ਕੀਤਾ ਜਾ ਸਕਦਾ ਹੈ। ਦੁਸ਼ਮਣ ਦੇਸ਼ ਦੇ ਨਾਗਰਿਕ ਦਾ ਮਤਲਬ ਅਜਿਹੇ ਵਿਅਕਤੀ ਤੋਂ ਹੁੰਦਾ ਹੈ ਜਿਸ ਦੇ ਦੇਸ਼ ਦੇ ਸੰਬੰਧ ਭਾਰਤ ਨਾਲ ਸੁਖਾਵੇਂ ਨਾ ਹੋਣ ਜਾਂ ਭਾਰਤ ਨਾਲ ਉਸ ਦੇਸ਼ ਦੀ ਲੜਾਈ ਲੱਗੀ ਹੋਵੇ ਜਾਂ ਦੋਹਾਂ ਦੇਸ਼ਾਂ ਦਰਮਿਆਨ ਯੁੱਧ ਦੀ ਘੋਸ਼ਣਾ ਹੋ ਚੁੱਕੀ ਹੋਵੇ।

**2. ਨਿਆਂ ਵਿੱਚ ਅੜਿੱਕਾ ਪਾਉਣ ਵਾਲੇ –**

ਨਿਆਂ ਪ੍ਰਣਾਲੀ ਵਿੱਚ ਅੜਿੱਕਾ ਪਾਉਣ ਵਾਲੇ ਸਮਝੌਤੇ (ਜਿਵੇ ਕਿ ਆਮ ਤੌਰ ਤੇ ਕੀਤੀ ਜਾਣ ਵਾਲੀ ਕਾਨੂੰਨੀ ਕਾਰਵਾਈ ਵਿੱਚ ਰੁਕਾਵਟ ਪਾਉਣਾ ਜਾਂ ਕੋਈ ਮੁਕੱਦਮਾ ਵਾਪਸ ਲੈਣ ਸਬੰਧੀ ਸਮਝੌਤਾ) ਗੈਰ ਕਾਨੂੰਨੀ ਅਤੇ ਵਿਅਰਥ ਹੁੰਦੇ ਹਨ। ਧਿਰਾਂ ਨੂੰ ਇਸ ਗੱਲ ਦੀ ਆਜਾਦੀ ਨਹੀ ਹੁੰਦੀ ਕਿ ਉਹ ਪ੍ਰਸ਼ਾਸ਼ਨ ਵੱਲੋਂ ਨਿਯੁਕਤ ਕੀਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੇ ਨਿਆਂ ਕਰਨ ਦੇ ਅਧਿਕਾਰ ਨੂੰ ਆਪਣੇ ਹੱਥ ਵਿੱਚ ਲੈ ਲੈਣ ਅਤੇ ਨਿਆਂ ਕਰਨ ਦੀ ਵਿਧੀ ਵੀ ਖੁਦ ਹੀ ਨਿਰਧਾਰਤ ਕਰਨ ਲੱਗਣ ਪਰੰਤੂ ਸੰਘੀ ਅਪਰਾਧ ਦੇ ਲਈ ਸਮਝੌਤੇ ਦਾ ਮੁਆਇਦਾ ਵਿਅਰਥ ਨਹੀਂ ਹੁੰਦਾ।

**3. ਵਾਦ ਪੋਸ਼ਣ ਮੈਟੀਨੈਂਸ ਅਤੇ ਮੁਕੱਦਮੇ ਦਾ ਖਰਚਾ ਜਾਂ ਚੈਮਪਟ੍ਰੀ –**

ਵਾਦ ਪੋਸ਼ਣ ਅਤੇ ਚੈਮਪਟਰੀ ਦੇ ਸਮਝੌਤੇ ਵਿਅਰਥ ਹੁੰਦੇ ਹਨ ਕਿਉਂਕਿ ਉਹ ਲੋਕ ਨੀਤੀ ਦੇ ਵਿਰੁੱਧ ਹੁੰਦੇ ਹਨ। ਅਜਿਹਾ ਸਮਝੌਤਾ ਜਿਸ ਵਿੱਚ ਕੋਈ ਬਾਹਰਲਾ ਵਿਅਕਤੀ ਕਿਸੇ ਅਜਿਹੇ ਕੇਸ ਦੀ ਪੈਰਵਾਈ ਕਰਦਾ ਹੈ ਜਾਂ ਖਰਚ ਕਰਦਾ ਹੈ ਜਿਸ ਵਿੱਚ ਉਸਦਾ ਆਪਣਾ ਕੋਈ ਨਿੱਜੀ ਹਿੱਤ ਨਹੀ ਤਾਂ ਉਸਨੂੰ ਮੈਂਟੀਨੈਂਸ ਦਾ ਸਮਝੌਤਾ ਕਹਿੰਦੇ ਹਾਂ ਇਸ ਤੋਂ ਉਲਟ ਜੇਕਰ ਕੋਈ ਵਿਅਕਤੀ ਕਿਸੇ ਮੁੱਕਦਮੇ ਜਾਂ ਝਗੜੇ ਨੂੰ ਅੱਗੇ ਵਧਾਉਣ ਲਈ ਆਰਥਿਤ ਜਾਂ ਕੋਈ ਹੋਰ ਮਦਦ ਕਰਦਾ ਹੈ ਅਤੇ ਮੁਕੱਦਮੇ ਤੋਂ ਪ੍ਰਾਪਤ ਹੋਈ ਰਕਮ ਵਿੱਚੋਂ ਹਿਸਾ ਪ੍ਰਾਪਤ ਕਰਦਾ ਹੈ ਤਾਂ ਇਸਨੂੰ ਚੈਮਪਟਰੀ ਦਾ ਸਮਝੌਤਾ ਕਹਿੰਦੇ ਹਾਂ।

**4. ਸਰਵਜਨਿਕ ਪਦਵੀਆਂ ਨਾਲ ਸਬੰਧਤ ਵਪਾਰ –**

ਸਰਵਜਨਿਕ ਪਦਵੀਆਂ ਦੇ ਵਪਾਰ ਸਬੰਧੀ ਸਮਝੌਤੇ ਵਿਅਰਥ ਹੁੰਦੇ ਹਨ, ਕਿਉਂਕਿ ਅਜਿਹੇ ਸਮਝੌਤੇ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਦੇ ਹਨ। ਜਾਇਦਾਦ ਦੇ ਤਬਾਦਲੇ ਦੇ ਅਧਿਨਿਯਮ ਦੀ ਧਾਰਾ 6(f) ਦੇ ਅਨੁਸਾਰ ਸਰਕਾਰੀ ਅਹੁੱਦਿਆਂ ਦਾ ਨਾਂ ਤਾਂ ਤਬਾਦਲਾ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸਰਕਾਰੀ ਅਧਿਕਾਰੀ ਦੀ ਤਨਖਾਹ ਵੇਚੀ ਜਾ ਸਕਦੀ ਹੈ।

ਉਦਾਹਰਣ: ਇੱਕ ਸਰਕਾਰੀ ਕਰਮਚਾਰੀ ਓ ਨੂੰ ਨੌਕਰੀ ਤੋਂ ਰਿਟਾਇਰ ਹੋਣ ਲਈ ਪ੍ਰੇਰਤ ਕਰਨ ਵਾਸਤੇ ਅ ਨੇ ਉਸਨੂੰ ਇੱਕ ਨਿਸ਼ਚਿਤ ਰਕਮ ਦਿੱਤੀ ਤਾਂ ਜੋ ਉਹ ਉਸਦੀ ਥਾਂ ਤੇ ਨਿਯੁਕਤ ਹੋ ਸਕੇ। ਇਹ ਫੈਸਲਾ ਦਿੱਤਾ ਗਿਆ ਕਿ ਉਕਤ ਸਮਝੌਤਾ ਵਿਅਰਥ ਸੀ।

**5. ਫਰਜ ਦੇ ਵਿਰੁੱਧ ਹਿੱਤ–ਨਿਰਮਾਣ ਦੇ ਲਈ ਸਮਝੌਤਾ –**

ਕਿਸੇ ਵਿਅਕਤੀ ਦੁਆਰਾ ਆਪਣੇ ਹਿੱਤ ਨਿਰਮਾਣ ਦੇ ਲਈ ਅਜਿਹਾ ਕੰਮ ਕਰਨ ਦਾ ਸਮਝੌਤਾ ਜੋ ਉਸਦੇ ਫਰਜਾਂ ਦੇ ਵਿਰੁੱਧ ਹੋਵੇ, ਗੈਰ ਕਾਨੂੰਨੀ ਹੁੰਦਾ ਹੈ ਕਿਉਂਕਿ ਇਹ ਲੋਕ ਨੀਤੀ ਦੇ ਵਿਰੁੱਧ ਹੁੰਦਾ ਹੈ। ਉਦਾਹਰਣ ਦੇ ਲਈ ਕਿਸੇ ਅਖਬਾਰ ਦੇ ਸੰਪਾਦਕ ਦੁਆਰਾ ਕੁਝ ਪ੍ਰਤਿਫਲ ਦੇ ਬਦਲੇ ਵਿੰਚ ਕਿਸੇ ਵਿਅਕਤੀ ਵਿਸ਼ੇ ਨਾਲ ਸਬੰਧਤ ਖਬਰਾਂ ਨੂੰ ਆਪਣੇ ਅਖਬਾਰ ਵਿੱਚ ਨਾਂ ਛਾਪਣ ਦਾ ਸਮਝੌਤਾ ਵਿਅਰਥ ਹੋਵੇਗਾ ਕਿਉਂਕਿ ਇਹ ਸੰਪਾਦਕ ਦੇ ਫਰਜ਼ਾਂ ਦੇ ਵਿਰੁੱਧ ਹੈ।

**6. ਵਿਆਹ ਦੀ ਦਲਾਲੀ ਦੇ ਸਮਝੌਤੇ –**

ਵਿਆਹ ਦੀ ਦਲਾਲੀ ਦਾ ਸਮਝੌਤਾ ਇੱਕ ਅਜਿਹਾ ਸਮਝੌਤਾ ਹੈ ਜਿਸ ਵਿੱਚ ਇੱਕ ਵਿਅਕਤੀ ਕੁਝ ਰਕਮ ਦੇ ਬਦਲੇ ਦੂਜ਼ੇ ਵਿਅਕਤੀ ਦਾ ਵਿਆਹ ਕਰਵਾਉਣ ਦਾ ਵਚਨ ਦਿੰਦਾ ਹੈ। ਅਜਿਹੇ ਸਮਝੌਤੇ ਲੋਕ ਨੀਤੀ ਦੇ ਵਿਰੁੱਧ ਹੋਣ ਦੇ ਕਾਰਨ ਵਿਅਰਥ ਹੁੰਦੇ ਹਨ।

ਉਦਾਹਰਣ: ਇੱਕ ਅਣਜਾਣ ਵਿਅਕਤੀ ਓ ਨੂੰ ਕਹਿੰਦਾ ਹੈ ਕਿ ਜੇਕਰ ਉਹ ਉਸਦੇ ਲਈ ਇੱਕ ਪਤਨੀ ਦਾ ਪ੍ਰਬੰਧ ਕਰ ਦੇਵੇ ਤਾਂ ਉਹ ਉਸਨੂੰ ਨਿਸ਼ਚਿਤ ਰਕਮ ਦਾ ਭੁਗਤਾਨ ਕਰੇਗਾ। ਇੱਥੇ ਇਹ ਮੁਆਇਦਾ ਲਾਗੂ ਕਰਵਾਉਣ ਯੋਗ ਨਹੀ ਹੋਵੇਗਾ ਕਿਉਕਿ ਸਪੱਸ਼ਟ ਰੂਪ ਵਿੱਚ ਇਹ ਲੋਕ ਨੀਤੀ ਦੇ ਵਿਰੁੱਧ ਹੈ।

**7. ਏਕਾ ਅਧਿਕਾਰ ਸਥਾਪਤ ਕਰਨ ਦਾ ਸਮਝੌਤਾ –**

ਏਕਾ ਅਧਿਕਾਰ ਸਥਾਪਤ ਕਰਨ ਦਾ ਸਮਝੌਤਾ ਲੋਕ ਨੀਤੀ ਦੇ ਵਿਰੁੱਧ ਹੈ ਅਤੇ ਇਸ ਕਾਰਨ ਵਿਅਰਥ ਹੈ। ਹਾਂ ਅਜਿਹਾ ਹੋ ਸਕਦਾ ਹੈ ਕਿ ਸਾਰੇ ਵਿਅਕਤੀਆਂ ਨੇ ਮਿਲ ਕੇ ਇੱਕ ਨਿਸ਼ਚਿਤ ਹਲਕੇ ਜਾਂ ਇਲਾਕੇ ਵਿੱਚ ਕਿਸੇ ਵਿਅਕਤੀ ਨੂੰ ਕੋਈ ਇੱਕ ਅਜਿਹਾ ਕੰਮ ਕਰਨ ਦਾ ਅਧਿਕਾਰ ਦਿੱਤਾ ਗਿਆ ਹੋਵੇ। ਜਿਵੇਂ ਕਿ ਸਬਜੀ ਵੇਚਣ ਦਾ ਅਧਿਕਾਰ।

**8. ਸਰਕਾਰੀ ਅਹੁਦਿਆਂ ਦੀ ਵਰਤੋਂ ਅਤੇ ਚੋਣਾਂ ਵਿੱਚ ਵੋਟਰਾਂ ਨੂੰ ਸਮਝੌਤੇ –**

ਵੋਟਰਾਂ ਨੂੰ ਗਲਤ ਤਰੀਕੇ ਨਾਲ ਪ੍ਰਭਾਵਿਤ ਕਰਨ ਦੇ ਸਮਝੌਤੇ ਅਤੇ ਤੀਜੀਆਂ ਧਿਰਾਂ ਦੇ ਨਾਲ ਵੋਟਰਾਂ ਨੂੰ ਅਸਿੱਧੇ ਰੂਪ ਵਿੱਚ ਅਤੇ ਗਲਤ ਤਰੀਕੇ ਨਾਲ ਪ੍ਰਭਾਵਿਤ ਕਰਨ ਦੇ ਲਈ ਕੀਤੇ ਗਏ ਸਮਝੌਤੇ ਵਿਅਰਥ ਹੁੰਦੇ ਹਨ ਕਿਉਂਕਿ ਅਜਿਹੇ ਸਮਝੌਤੇ ਲੋਕ ਨੀਤੀ ਦੇ ਵਿਰੁੱਧ ਹੁੰਦੇ ਹਨ। ਇਸੇ ਤਰ੍ਹਾਂ ਕਿਸੇ ਉਮੀਦਵਾਰ ਨੂੰ ਆਪਣਾ ਨਾ ਵਾਪਸ ਲੈਣ ਦੇ ਬਦਲੇ ਵਿੰਚ ਕੀਤਾ ਗਿਆ ਕੋਈ ਵੀ ਵਾਅਦਾ ਵੀ ਵਿਅਰਥ ਹੁੰਦਾ ਹੈ।

ਉਦਾਹਰਣ: R ਇੱਕ ਅਖਬਾਰ ਦੇ ਮਾਲਕ ਨੂੰ ਇਹ ਵਚਨ ਦਿੰਦਾ ਹੈ ਕਿ ਜੇਕਰ ਉਹ ਆਪਣੇ ਅਖਬਾਰ ਵਿੱਚ ਚੋਣਾਂ ਵਿੱਚ ਖੜੇ ਉਮੀਦਵਾਰ ਦੇ ਵਿਰੁੱਧ ਅਪਮਾਨਜਨਕ ਅਤੇ ਭੜਕਾਊ ਮਸਾਲਾ ਛਾਪੇਗਾ ਤਾਂ ਉਹ ਉਸਨੂੰ 10,000 ਰੁਪਏ ਦੇਵੇਗਾ। ਇੱਥੇ ਇਹ ਸਮਝੌਤਾ ਲੋਕ ਨੀਤੀ ਦੇ ਵਿਰੁੱਧ ਹੋਣ ਕਾਰਨ ਵਿਅਰਥ ਹੈ।

**9. ਨਿੱਜੀ ਆਜਾਦੀ ਵਿੱਚ ਵਿਘਨ ਪਾਉਣ ਵਾਲੇ ਸਮਝੌਤੇ** –

ਅਜਿਹੇ ਸਮਝੌਤੇ ਜਿਹੜੇ ਕਿਸੇ ਵਿਅਕਤੀ ਦੀ ਨਿੱਜੀ ਆਜਾਦੀ ਵਿੱਚ ਵਿਘਨ ਪਾਉਂਦੇ ਹਨ, ਗੈਰ ਕਾਨੂੰਨੀ ਹੁੰਦੇ ਹਨ। ਇਸੇ ਤਰ੍ਹਾਂ ਜੇ ਕਿਸੇ ਵਿਅਕਤੀ ਨੂੰ ਦਾਸ ਜਾਂ ਗੁਲਾਮ ਜਾਂ ਬੰਧਕ ਬਣਾ ਕੇ ਰੱਖੇ ਗੈਰ ਕਾਨੂੰਨੀ ਹੁੰਦੇ ਹਨ ਅਤੇ ਅਜਿਹੇ ਸਮਝੌਤੇ ਵੀ ਜੋ ਅਜਿਹਾ ਕਰਨ ਲਈ ਪ੍ਰੇਰਤ ਕਰਦੇ ਹੋਣ ਵਿਅਰਥ ਹੁੰਦੇ ਹਨ।

### 1.6.4 ਵਿਅਰਥ ਸਮਝੌਤੇ (Void Agreements)

ਸਾਰੇ ਹੀ ਸਮਝੌਤੇ ਕਾਨੂੰਨ ਦੁਆਰਾ ਲਾਗੂ ਕਰਵਾਉਣ ਯੋਗ ਨਹੀ ਹੋ ਸਕਦੇ ਸਿਰਫ ਉਹੋ ਸਮਝੌਤੇ ਲਾਗੂ ਕਰਵਾਏ ਜਾ ਸਕਦੇ ਹਨ ਜੋ ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 10 ਵਿੱਚ ਦਰਜ ਸ਼ਰਤਾਂ ਨੂੰ ਪੂਰਾ ਕਰਦੇ ਹੋਣ। ਕੋਈ ਵੀ ਸਮਝੌਤਾ, ਪ੍ਰਤਿਫਲ ਦੀ ਘਾਟ ਕਾਰਨ, ਧਿਰਾਂ ਦੀ ਅਸਮਰੱਥਾ ਜਾਂ ਧਿਰਾਂ ਦੀ ਗਲਤੀ, ਆਦਿ ਕਾਰਨ, ਵਿਅਰਥ ਹੋ ਜਾਂਦਾ ਹੈ। ਪ੍ਰੰਤੂ ਭਾਰਤੀ ਮੁਆਇਦਾ ਅਧਿਨਿਯਮ ਵਿੱਚ ਇਹਨਾਂ ਸ਼ਰਤਾਂ ਤੋਂ ਇਲਾਵਾ ਕੁਝ ਵਿਸ਼ੇਸ਼ ਪ੍ਰਕਾਰ ਦੇ ਮੁਆਇਦਿਆਂ ਦਾ ਜਿਕਰ ਹੈ ਜੋ ਵਿਅਰਥ ਕਰਾਰ ਦਿੱਤੇ ਗਏ ਹਨ। ਇਹਨਾਂ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਕੀਤੀ ਜਾ ਰਹੀ ਹੈ:

**ਵਿਆਹ ਵਿੱਚ ਰੁਕਾਵਟ ਪਾਉਣ ਵਾਲੇ ਸਮਝੌਤੇ** –

ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 26 ਦੇ ਅਨੁਸਾਰ ''ਹਰੇਕ ਅਜਿਹਾ ਸਮਝੌਤਾ ਜੋ ਨਾਬਾਲਗ ਨੂੰ ਛੱਡ ਕੇ ਕਿਸੇ ਵੀ ਹੋਰ ਵਿਅਕਤੀ ਦੇ ਵਿਆਹ ਵਿੱਚ ਰੁਕਾਵਟ ਬਣਦਾ ਹੋਵੇ ਵਿਅਰਥ ਹੁੰਦਾ ਹੈ।''[1]

ਹਰੇਕ ਵਿਅਕਤੀ ਨੂੰ ਵਿਆਹ ਕਰਵਾਉਣ ਦੀ ਪੂਰੀ ਆਜਾਦੀ ਹੈ। ਕਿਸੇ ਵੀ ਵਿਅਕਤੀ ਲਈ ਕਾਨੂੰਨਨ ਜਰੂਰੀ ਨਹੀ ਹੁੰਦਾ ਕਿ ਉਹ ਜਰੂਰ ਵਿਆਹ ਕਰਵਾਏ। ਪ੍ਰੰਤੂ ਕਿਸੇ ਵਿਅਕਤੀ ਨੂੰ ਵਿਆਹ ਕਰਵਾਉਣ ਤੋ ਰੋਕਣਾ ਲੋਕ ਨੀਤੀ ਦੇ ਵਿਰੁੱਧ ਹੁੰਦਾ ਹੈ। ਇਸੇ ਤਰ੍ਹਾਂ ਹੀ ਕਿਸੇ ਵਿਅਕਤੀ ਨੂੰ ਵਿਆਹ ਨਾ ਕਰਨ ਦੇਣ ਜਾਂ ਕਿਸੇ ਨਿਸ਼ਚਿਤ ਪੁਰਸ਼ ਜਾਂ ਇਸਤਰੀ ਨੂੰ ਛੱਡ ਕੇ ਕਿਸੇ ਹੋਰ ਪੁਰਸ਼ ਜਾਂ ਇਸਤਰੀ ਨਾਲ ਵਿਆਹ ਕਰਵਾਉਣ ਦਾ ਸਮਝੌਤਾ ਵੀ ਵਿਅਰਥ ਹੁੰਦਾ ਹੈ।

**ਵਪਾਰ ਵਿੱਚ ਰੁਕਾਵਟ ਪਾਉਣ ਵਾਲੇ ਸਮਝੌਤੇ** –

ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 27 ਦੇ ਅਨੁਸਾਰ ''ਹਰੇਕ ਅਜਿਹਾ ਸਮਝੌਤਾ ਜਿਸ ਨਾਲ ਕਿਸੇ ਵਿਅਕਤੀ ਨੂੰ ਕਿਸੇ ਵੀ ਕਿਸਮ ਦਾ ਜਾਇਜ ਪੇਸ਼ਾ, ਵਪਾਰ ਜਾਂ ਧੰਦਾ ਕਰਨ ਤੋਂ ਰੋਕਦਾ ਹੋਵੇ, ਉਸ ਹੱਦ ਤੱਕ ਵਿਅਰਥ ਹੁੰਦਾ ਹੈ।''[2]

ਅਧਿਨਿਯਮ ਦੀ ਧਾਰਾ 27 ਦੇ ਅਨੁਸਾਰ ਵਪਾਰ ਵਿੱਚ ਪੂਰੀ ਜਾਂ ਅਧੂਰੀ ਰੁਕਾਵਟ ਪਾਉਣ ਵਾਲੇ ਸਮਝੌਤੇ ਵਿਅਰਥ ਹੁੰਦੇ ਹਨ। ਇਸ ਅਨੁਸਾਰ ਅਜਿਹੇ ਸਾਰੇ ਸਮਝੇਤੇ ਜੋ ਵਪਾਰ ਵਿੱਚ ਰੁਕਾਵਟ ਬਣਦੇ ਹੋਣ ਭਾਂਵੇ ਉਹ ਪੂਰਨ ਜਾਂ ਅਧੂਰੇ, ਸ਼ਰਤ ਸਹਿਤ ਜਾਂ ਸ਼ਰਤ ਰਹਿਤ ਹੋਣ ਵਿਅਰਥ ਹੁੰਦੇ ਹਨ। ਰੁਕਾਵਟ ਦੇ ਸਮਝੌਤੇ ਦੇ ਪ੍ਰਬੰਧ ਦੇ ਤਰੀਕੇ ਤੇ ਹੀ ਰੋਕ ਲਗਾ ਸਕਦੇ ਹਨ ਪ੍ਰੰਤੂ ਉਸਦੀ ਦਸ਼ਾ ਤੇ ਨਹੀ।

ਉਦਾਹਰਣ: ੳ ਨੇ ਅ ਨਾਲ ਇਹ ਵਾਅਦਾ ਕੀਤਾ ਕਿ ਉਹ ਆਪਣੀ ਸਰਵਿਸ ਖਤਮ ਹੋਣ ਤੋ ਬਾਅਦ ਉਸੇ ਤਰ੍ਹਾਂ ਦੇ ਰੇਡੀਮੇਟ ਕੱਪੜਿਆਂ ਦਾ ਵਪਾਰ ਮਦਰਾਸ ਦੇ 300 ਮੀਲ ਦੇ ਘੇਰੇ ਵਿੱਚ ਕਿਸੇ ਥਾਂ ਤੇ ਨਹੀ ਕਰੇਗਾ। ਇਹ ਫੈਸਲਾ ਕੀਤਾ ਗਿਆ ਕਿ ਸਮਝੌਤਾ ਵਿਅਰਥ ਸੀ।

**ਛੋਟਾਂ**

ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 27 ਦੇ ਅਧੀਨ ਇਸ ਨਿਯਮ ਦੀਆਂ ਛੋਟਾਂ ਹੇਠ ਲਿਖੇ ਪ੍ਰਕਾਰ ਹਨ:-

1. **ਵਪਾਰ ਦੀ ਗੁੱਡਵਿਲ** – ਦੀ ਵਿਕਰੀ ਵੇਲੇ ਵਿਕਰੀਕਾਰ ਇਸ ਗੱਲ ਤੇ ਸਹਿਮਤ ਹੋ ਸਕਦਾ ਹੈ ਕਿ ਉਹ ਉਸੇ ਕਿਸਮ ਦਾ ਵਪਾਰ ਉਦੋਂ ਤੱਕ ਕਿਸੇ ਨਿਸ਼ਚਿਤ ਸਥਾਨ ਜਾਂ ਦਾਇਰੇ ਵਿੱਚ ਨਹੀ ਕਰੇਗਾ ਜਦੋਂ ਤੱਕ ਕਿ ਖਰੀਦਦਾਰ ਇਸ ਬਾਰੇ ਇਜਾਜਤ ਨਹੀ ਦੇਵੇਗਾ। ਪ੍ਰੰਤੂ ਇਸ ਤਰ੍ਹਾਂ ਦੀ ਰੁਕਾਵਟ ਉਸੇ ਹਾਲਤ ਵਿੱਚ ਜਾਇਜ ਹੋਵੇਗੀ ਜਦੋਂ ਵਪਾਰ ਦੀ ਪ੍ਰਕ੍ਰਿਤੀ ਨੂੰ ਧਿਆਨ ਵਿੱਚ ਰੱਖ ਕੇ ਅਦਾਲਤ ਨੂੰ ਅਜਿਹੀ ਰੁਕਾਵਟ ਸਹੀ ਲੱਗਦੀ ਹੋਵੇ।

ਉਦਾਹਰਣ: ਇੱਕ ਨਕਲੀ ਗਹਿਣਿਆਂ ਦਾ ਵਪਾਰੀ ੳ ਆਪਣਾ ਸਮੁੱਚਾ ਵਪਾਰ ਅ ਨੂੰ ਵੇਚ ਦਿੰਦਾ ਹੈ ਅਤੇ ਵਾਅਦਾ ਕਰਦਾ ਹੈ ਕਿ ਉਹ ਹੁਣ ਅਸਲੀ ਅਤੇ ਨਕਲੀ ਗਹਿਣਿਆਂ ਦਾ ਵਪਾਰ ਨਹੀਂ ਕਰੇਗਾ ਇਹ ਫੈਸਲਾ ਦਿੱਤਾ ਗਿਆ ਕਿ ਲਗਾਈ ਗਈ ਪਾਬੰਦੀ ਸਿਰਫ ਨਕਲੀ ਗਹਿਣਿਆਂ ਦੀ ਵਿਕਰੀ ਲਈ ਜਾਇਜ ਸੀ।

2. ਭਾਰਤੀ ਹਿੱਸੇਦਾਰੀ ਅਧਿਨਿਯਮ ਦੀ ਧਾਰਾ 11(2) ਦੇ ਅਨੁਸਾਰ ਹਿੱਸੇਦਾਰੀ ਆਪਸ ਵਿੰਚ ਇਹ ਸਮਝੌਤਾ ਕਰ ਸਕਦੇ ਹਨ ਕਿ ਕੋਈ ਵੀ ਹਿੱਸੇਦਾਰ ਜਦੋਂ ਤੱਕ ਉਹ ਫਰਮ ਦਾ ਹਿੱਸੇਦਾਰ ਰਹੇਗਾ ਫਰਮ ਦੇ ਵਪਾਰ ਤੋ ਇਲਾਵਾ ਕੋਈ ਵੀ ਹੋਰ ਵਪਾਰ ਨਹੀ ਕਰੇਗਾ।

3. ਹਿੱਸੇਦਾਰੀ ਫਰਮ ਦੇ ਖਾਤਮੇ ਸਮੇਂ ਜਾਂ ਟੁੱਟਣ ਦੀ ਹਾਲਤ ਵਿੱਚ ਹਿੱਸੇਦਾਰ ਸਮਝੌਤਾ ਕਰ ਸਕਦੇ ਹਨ ਕਿ ਸਾਰੇ ਹਿੱਸੇਦਾਰ ਜਾਂ ਕੁਝ ਹਿੱਸੇਦਾਰ ਇੱਕ ਨਿਸ਼ਚਿਤ ਮਿਆਦ ਤੱਕ ਜਾਂ ਕਿਸੇ ਨਿਸ਼ਚਿਤ ਹੱਦ ਦੇ ਅੰਦਰ ਹਿੱਸੇਦਾਰੀ ਫਰਮ ਦੇ ਵਪਾਰ ਨਾਲ ਮਿਲਦਾ ਜੁਲਦਾ ਵਪਾਰ ਨਹੀ ਕਰਨਗੇ। ਭਾਰਤੀ ਹਿੱਸੇਦਾਰੀ ਅਧਿਨਿਯਮ (ਧਾਰਾ 54) ਅਜਿਹਾ ਸਮਝੌਤਾ ਵੁਸੇ ਹਾਲਤ ਵਿੱਚ ਜਾਇਜ ਹੋਵੇਗਾ ਜਦੋਂ ਲਗਾਈ ਰੋਕ ਜਾਇਜ ਹੋਵੇ।

4. ਭਾਰਤੀ ਹਿੱਸੇਦਾਰੀ ਅਧਿਨਿਯਮ ਦੀ ਧਾਰਾ 36(2) ਦੇ ਅਨੁਸਾਰ ਰਿਟਾਇਰ ਹੋਣ ਵਾਲਾ ਹਿੱਸੇਦਾਰ ਅਜਿਹਾ ਸਮਝੌਤਾ ਕਰ ਸਕਦਾ ਹੈ ਉਹ ਨਿਸ਼ਚਿਤ ਹੱਦ ਦੇ ਅੰਦਰ ਜਾਂ ਕਿਸੇ ਨਿਸ਼ਚਿਤ ਸਮੇਂ ਲਈ ਫਰਮ ਦੇ ਵਪਾਰ ਨਾਲ ਮਿਲਦਾ ਜੁਲਦਾ ਕੋਈ ਵੀ ਵਪਾਰ ਨਹੀ ਕਰੇਗਾ। ਇਸ ਕਿਸਮ ਦਾ ਸਮਝੌਤਾ ਵੀ ਤਾਂ ਹੀ ਜਾਇਜ ਹੋਵੇਗਾ ਜੇਕਰ ਅਜਿਹਾ ਕਰਨਾ ਉੱਚਿਤ ਜਾਂ ਜਾਇਜ ਹੋਵੇ।

5. ਭਾਰਤੀ ਹਿੱਸੇਦਾਰੀ ਅਧਿਨਿਯਮ ਦੀ ਧਾਰਾ 55(3) ਦੇ ਅਨੁਸਾਰ ਕੋਈ ਹਿੱਸੇਦਾਰ, ਹਿੱਸੇਦਾਰੀ ਫਰਮ ਨੂੰ (Goodwill) ਵੇਚਣ ਸਮੇਂ ਫਰਮ ਨਾਲ ਇਹ ਸਮਝੌਤਾ ਕਰ ਸਕਦਾ ਹੈ ਕਿ ਉਹ ਕਿਸੇ ਨਿਸ਼ਚਿਤ ਹੱਦ ਦੇ ਅੰਦਰ ਜਾਂ ਕਿਸੇ ਨਿਸ਼ਚਿਤ ਸਮੇਂ ਦੇ ਲਈ ਹਿੱਸੇਦਾਰੀ ਫਰਮ ਦੇ ਵਪਾਰ ਨਾਲ ਮਿਲਦਾ ਜੁਲਦਾ ਵਪਾਰ ਨਹੀ ਕਰੇਗਾ। ਪਰੰਤੂ ਇਸ ਕਿਸਮ ਦਾ ਸਮਝੌਤਾ ਵੀ ਉਦੋਂ ਹੀ ਜਾਇਜ ਹੋਵੇਗਾ ਜਦੋਂ ਅਜਿਹਾ ਕਰਨਾ ਉੱਚਿਤ ਹੋਵੇ।

**ਨੌਕਰੀ ਦੇ ਸਮਝੌਤੇ**

ਅਜਿਹਾ ਕੋਈ ਵੀ ਸਮਝੋਤਾ ਜਿਸ ਅਨੁਸਾਰ ਕੋਈ ਨੌਕਰ ਆਪਣੇ ਮਾਲਕ ਨਾਲ ਇਹ ਵਾਅਦਾ ਕਰਦਾ ਹੈ ਕਿ ਉਹ ਨੌਕਰੀ ਸਬੰਧਤ ਸਮਝੌਤੇ ਵਿੱਚ ਤੈਅ ਕੀਤੀ ਮਿਆਦ ਦੌਰਾਨ ਕਿਸੇ ਹੋਰ ਵਿਅਕਤੀ ਕੋਲ ਨੌਕਰੀ ਨਹੀ ਕਰੇਗਾ ਜਾਂ ਉਹ ਆਪਣੇ ਮਾਲਕ ਦੇ ਮੁਕਾਬਲੇ ਵਿੱਚ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਵਪਾਰ ਨਹੀ ਕਰੇਗਾ ਤਾਂ ਇਹ ਵਪਾਰ ਵਿੱਚ ਰੁਕਾਵਟ ਨਹੀ ਹੈ ਅਤੇ ਮੰਨੇ ਜਾਣ ਯੋਗ ਹੈ। ਇਸੇ ਤਰ੍ਹਾਂ ਕੋਈ ਵੀ ਮਾਲਕ ਆਪਣੇ ਨੌਕਰ ਨੂੰ ਉਸ ਸਮੇਂ ਤੱਕ ਕਿਸੇ ਹੋਰ ਪਾਸ ਨੌਕਰੀ ਕਰਨ ਤੋਂ ਰੋਕ ਵੀ ਸਕਦਾ ਹੈ ਜਦੋਂ ਤੱਕ ਉਹ ਉਸਦੀ ਨੌਕਰੀ ਵਿੱਚ ਰਹੇਗਾ।

ਪਰੰਤੂ ਵੱਖ ਵੱਖ ਅਦਾਲਤਾਂ ਦੇ ਫੈਸਲਿਆਂ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਨੌਕਰੀ ਦੇ ਸਮਝੌਤੇ ਵਿੱਚ ਲਗਾਈਆਂ ਰੁਕਾਵਟਾਂ ਸਹੀ ਹਨ ਕਿ ਨਹੀ। ਇਹ ਫੈਸਲਾ ਸੰਬੰਧਤ ਕੇਸ ਦੀਆਂ ਹਾਲਤਾਂ ਅਤੇ ਸੱਚਾਈ ਨੂੰ ਧਿਆਨ ਵਿੱਚ ਰੱਖ ਕੇ ਹੀ ਕੀਤਾ ਜਾ ਸਕਦਾ ਹੈ।

ਉਦਾਹਰਣ: ਇੱਕ ਨੌਕਰੀ ਦੇ ਸਮਝੌਤੇ ਵਿੱਚ ਇਹ ਨਿਰਧਾਰਤ ਕੀਤਾ ਗਿਆ ਕਿ ਨੌਕਰੀ ਵਿੱਚੋਂ ਕੱਢੇ ਜਾਣ ਪਿੱਛੋਂ ਉਹ ਦਰਜੀ ਉਸੇ ਕਿਸਮ ਦਾ ਧੰਦਾ ਆਪਣੇ ਮਾਲਕ ਦੇ ਧੰਦੇ ਦੇ ਸਥਾਨ ਦੀ 10 ਮੀਲ ਦੀ ਹੱਦ ਅੰਦਰ ਨਹੀ ਕਰ ਸਕੇਗਾ। ਇਹ ਫੈਸਲਾ ਦਿੱਤਾ ਗਿਆ ਕਿ ਉਹ ਫੈਸਲਾ ਵਿਅਰਥ ਹੈ।

**ਵਪਾਰਕ ਗੁੱਟਬੰਦੀ**

ਇੱਕੋ ਹੀ ਕਿਸਮ ਦੇ ਵਪਾਰ ਵਿੱਚ ਲੱਗੀਆਂ ਵੱਖ ਵੱਖ ਫਰਮਾਂ ਜਾਂ ਵਪਾਰੀਆਂ ਵਿਚਕਾਰ ਆਪਣੇ ਸਮਾਨ ਨੂੰ ਹਿੱਕ ਨਿਰਧਾਰਤ ਮੁੱਲ ਤੋਂ ਘੱਟ ਨਾ ਵੇਚਣ ਸਬੰਧੀ ਗੁੱਟਬੰਦੀ ਦਾ ਸਮਝੌਤਾ ਨਜਾਇਜ ਨਹੀ ਹੁੰਦਾ ਹੈ। ਇਸੇ ਤਰ੍ਹਾਂ ਵਪਾਰੀਆਂ ਦੁਆਰਾ ਉਤਪਾਦਨ ਕੀਤੇ ਮਾਲ ਨੂੰ ਨਿਸ਼ਚਿਤ ਮੁੱਲ ਤੇ ਵੇਚ ਕੇ ਸਾਰੇ ਲਾਭ ਨੂੰ ਇੱਕ ਥਾਂ ਇਕੱਠਾ ਕਰਕੇ ਵੰਡਣ ਬਾਰੇ ਸਮੌਤੇ ਵੀ ਜਾਇਜ ਹੁੰਦੇ ਹਨ। ਪਰੰਤੂ ਜੇਕਰ ਅਜਿਹੇ ਸਮਝੌਤਿਆਂ ਦਾ ਉਦੇਸ਼ ਆਪਸੀ ਲਾਭ ਮਕਾਉਣ ਲਈ ਨਾ ਹੋ ਕੇ ਏਕਾ ਅਧਿਕਾਰ ਸਮਥਾਪਤ ਕਰਨਾ ਹੋਵੇ ਜਾਂ ਇਹ ਲੋਕ ਨੀਤੀ ਦੇ ਵਿਰੁੱਧ ਹੋਵੇ ਤਾਂ ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 27 ਅਨੁਸਾਰ ਵਿਅਰਕ ਹੁੰਦੇ ਹਨ।

**ਅਨਿਸ਼ਚਿਤ ਅਰਥ ਵਾਲੇ ਸਮਝੌਤੇ**

ਧਾਰਾ 29 ਦੇ ਅਨੁਸਾਰ ''ਅਜਿਹੇ ਸਮਝੌਤੇ ਜਿਲ੍ਹਾਂ ਦਾਅਰਥ ਨਿਸ਼ਚਿਤ ਨਾ ਹੋਵੇ ਜਾਂ ਨਿਸ਼ਚਿਤ ਨਾ ਕੀਤੇ ਜਾ ਸਕਦੇ ਹੋਣ, ਵਿਅਰਥ ਹੁੰਦੇ ਹਨ।

ਜੇਕਰ ਕਿਸੇ ਸਮਝੌਤੇ ਦੇ ਸ਼ਬਦਾਂ ਦੇ ਦੋ ਜਾਂ ਦੋ ਤੋ ਵੱਧ ਅਰਥ ਨਿਕਲਦੇ ਹੋਣ ਤਾਂ ਇਹ ਸੰਭਵ ਨਹੀ ਹੁੰਦਾ ਕਿ ਦੂਜੀ ਧਿਰ ਸਮਝੌਤੇ ਦੇ ਉਹੋ ਅਰਥ ਸਮਝਦੀ ਹੋਵੇ ਜੋ ਪਹਿਲੀ ਸਮਝਦੀ ਹੈ। ਇਸ ਕਾਰਨ ਰਿਆਇਤੀ ਦਰਾਂ ਤੇ ਵਸਤਾਂ ਵੇਚਣ ਦਾ ਸਮਝੌਤਾ ਜਿਸ ਵਿੱਚ ਜਦੋਂ ਤੱਕ ਮੁੱਲ ਨਿਰਧਾਰਤ ਨਹੀ ਹੋ ਜਾਂਦਾ ਵਿਅਰਥ ਹੋਵੇਗਾ। ਇਸੇ ਤਰ੍ਹਾਂ ਕਿਸੇਵਸਤੂ ਦਾ ਕਿਰਾਇਆ ਨਿਰਘਾਰਤ ਕਰਨ ਤੋਂ ਬਿਨਾਂ ਇਹ ਸਮਝੌਤਾ ਕਰਨਾ ਕਿ ਕਿਰਾਇਆ ਨਕਦ ਦਿੱਤਾ ਜਾਏਗਾ। ਅਰਥਾਂ ਦੀ ਅਨਿਸ਼ਚਿਤਤਾ ਦੇ ਕਾਰਨ ਵਿਅਰਥ ਹੋਵੇਗਾ।

ਉਦਾਹਰਣ: ੳ ਨੇ ਅ ਨੂੰ 1000 ਟਨ ਤੇਲ ਵੇਚਣ ਦੀ ਸਹਿਮਤੀ ਦਿੱਤੀ ਅਤੇ ਅਜਿਹਾ ਕੋਈ ਵੀ ਸੰਕੇਤ ਨਹੀ ਸੀ ਕਿ ਤੇਲ ਕਿਸ ਕਿਸਮ ਦਾ ਜਾਂ ਕਿਸ ਚੀਜ ਦਾ ਹੋਵੇਗਾ। ਇਸ ਲਈ ਅਰਥਾਂ ਦੀ ਅਨਿਸ਼ਚਿਤਤਾ ਦੇ ਕਾਰਨ ਸਮਝੌਤਾ ਵਿਅਰਥ ਹੈ।

ਅਜਿਹੇ ਸਮਝੌਤੇ ਜਿਨ੍ਹਾਂ ਵਿੱਚ ਮੁੱਲ ਦਾ ਨਿਰਧਾਤ ਹੋਣਾ ਕਿਸਮਤ ਜਾਂ ਕਿਸੇ ਅਨਿਸ਼ਚਿਤ ਘਟਨਾ ਵਾਪਰਨ ਉੱਤੇ ਅਧਾਰਤ ਹੋਵੇ, ਵਿਅਰਥ ਹੋਣਗੇ।

ਉਦਾਹਰਣ: ੳ ਇੱਕ ਖਰੀਦਾਰ ਨੇ ਘੋੜੇ ਦੀ ਖਰੀਦ ਕਰਨ ਵੇਲੇ ਅ ਵਿਕਰੀਕਾਰ ਨੂੰ ਇਹ ਵਚਨ ਦਿੱਤਾ ਕਿ ਜੇਕਰ ਘੋਟਾ ਉਸ ਲਈ ਕਿਸਮਤ ਵਾਲਾ ਨਿਕਲਿਆ ਤਾਂ ਉਹ ਉਸਨੂੰ 5 ਪੌਂਡ ਹੋਰ ਦੇਵੇਗਾ। ਇਹ ਫੈਸਲਾ ਕੀਤਾ ਗਿਆ ਕਿ ਅਨਿਸ਼ਚਿਤਾ ਦੇ ਕਾਰਨ ਸਮਝੌਤਾ ਵਿਅਰਥ ਹੈ।

**ਕਾਨੂੰਨੀ ਕਾਰਵਾਈ ਵਿੱਚ ਰੁਕਾਵਟ ਪਾਉਣ ਵਾਲੇ ਸਮਝੌਤੇ** – ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 28 ਦੇ ਅਨੁਸਾਰ ''ਅਜਿਹਾ ਸਮਝੋਤਾ ਜਿਸਦੇ ਰਾਹੀਂ ਮੁਆਇਦੇ ਦੀ ਕੋਈ ਧਿਰ ਕਿਸੇ ਮੁਆਇਦੇ ਅਧੀਨ ਆਪਣੇ ਅਧਿਕਾਰ ਨੂੰ ਸਧਾਰਣ ਕਾਨੂੰਨੀ ਕਾਰਵਾਈ ਰਾਹੀ ਲਾਗੂ ਕਰਵਾਉਣ ਤੇ ਪੂਰੀ ਤਰ੍ਹਾਂ ਰੋਕ ਲਗਾ ਦਿੰਦੀ ਹੈ ਜਾਂ ਉਸ ਸਮੇਂ ਨੂੰ ਘਟਾ ਦਿੰਦੀ ਹੈ ਜਿਸ ਦੌਰਾਨ ਉਹ ਆਪਣੇ ਅਧਿਕਾਰ ਨੂੰ ਲਾਗੂ ਕਰਵਾ ਸਕਦੀ ਹੋਵੇ ਉਸ ਹੱਦ ਤੱਕ ਵਿਅਰਥ ਹੋਵੇਗਾ।[2]

ਇਸ ਤਰ੍ਹਾਂ ਜੇਕਰ ਇੱਕ ਨੌਕਰ ਨੂੰ ਗਲਤ ਤਰੀਕੇ ਨਾਲ ਨੌਕਰੀ ਤੋਂ ਹਟਾ ਦਿੱਤਾ ਜਾਵੇ ਤਾਂ ਵੀ ਉਹ ਇਹ ਸਹਿਮਤੀ ਦੇ ਦੇਵੇ ਕਿ ਉਹ ਆਪਣੇ ਮਾਲਕ ਦੇ ਵਿਰੁੱਧ ਮੁਕੱਦਮਾ ਨਹੀ ਕਰੇਗਾ ਤਾਂ ਅਜਿਹਾ ਸਮਝੌਤਾ ਇਸ ਧਾਰਾ ਦੇ ਅਨੁਸਾਰ ਵਿਅਰਥ ਹੋਵੇਗਾ। ਇਸ ਨਿਯਮ ਦੀਆਂ ਹੇਠ ਲਿਖੀਆਂ ਛੋਟਾਂ ਹਨ:–

(i) ਮੁਆਇਦੇ ਨਾਲ ਸਬੰਧਤ ਸਾਰੇ ਭਾਵੀ ਝਗੜਿਆਂ ਨੂੰ ਪੰਚਾਇਤ ਦੇ ਹਵਾਲੇ ਕਰਨ ਸਬੰਧੀ ਸਮਝੌਤਾ।

(ii) ਮੁਆਇਦੇ ਨਾਲ ਸਬੰਧੀ ਸਾਰੇ ਵਰਤਮਾਨ ਝਗੜਿਆਂ ਨੂੰ ਪੰਚਾਇਤ ਦੇ ਹਵਾਲੇ ਕਰਨ ਸਬੰਧੀ ਸਮਝੌਤਾ।

(iii) ਮੁਅਇਦੇ ਨਾਲ ਸਬੰਧ ਝਗੜੇ ਦੀ ਕਿਸੇ ਧਿਰ ਨੂੰ ਕਿਸੇ ਵਿਸ਼ੇਸ਼ ਅਦਾਲਤ ਵਿੱਚ ਮੁਕੱਦਮਾ ਨਾ ਕਰਨ ਦਾ ਸਮਝੌਤਾ।

ਉਦਾਹਰਣ: ਚੰਡੀਗੜ੍ਹ ਦਾ ਰਹਿਣ ਵਾਲਾ ੳ ਦਿੱਲੀ ਦੇ ਰਹਿਣ ਵਾਲੇ ਅ ਨਾਲ ਇੱਕ ਮੁਆਹਿਦਾ ਇਸ ਸ਼ਰਤ ਤੇ ਕਰਦਾ ਹੈ ਕਿ ਜੇਕਰ ਉਹਨਾਂ ਦਰਮਿਆਨ ਜੇਕਰ ਕੋਈ ਝਗੜਾ ਹੋਇਆ ਤਾਂ ਉਹ ਚੰਡੀਗੜ੍ਹ ਵਿੱਚ ਹੀ ਹੋਵੇਗਾ। ਇਹ ਸ਼ਰਤ ਅ ਦੇ ਕੇਸ ਕਰਨ ਦੇ ਅਧਿਕਾਰ ਨੂੰ ਚੰਡੀਗੜ੍ਹ ਦੀ ਅਦਾਲਤ ਤੱਕ ਸੀਮਤ ਕਰਦੀ ਹੈ ਅਤੇ ਇਹ ਸਮਝੌਤਾ ਜਾਇਜ ਹੋਵੇਗਾ।

**ਬਾਜੀ ਲਗਾਉਣ ਦੇ ਸਮਝੌਤੇ** –

ਭਾਰਤੀ ਮੁਆਇਦਾ ਅਧਿਨਿਯਮ ਦੀ ਧਾਰਾ 30 ਦੇ ਅਨੁਸਾਰ ''ਬਾਜੀ(ਸ਼ਰਤ) ਦੇ ਸਮਝੋਤੇ ਵਿਅਰਥ ਹੁੰਦੇ ਹਨ ਅਤੇ ਬਾਜੀ ਦੇ ਲਈ ਰੱਖੀ ਰਕਮ ਜਾਂ ਚੀਜ ਦੀ ਵਸੂਲ ਲਈ ਜਾਂ ਕਿਸੇ ਹੋਰ ਵਿਅਕਤੀ ਕੋਲ ਬਾਜੀ ਦੇ ਸੱਟੇ ਨੂੰ ਪੂਰਾ ਕਰਨ ਹਿੱਤ ਰੱਖੀ ਰਕਮ ਜਾਂ ਚੀਜ ਦੀ ਵਸੂਲ ਲਈ ਕੋਈ ਵਿਅਕਤੀ ਮੁਕੱਦਮਾ ਨਹੀ ਕਰ ਸਕਦਾ।

ਬਾਜੀ ਦੇ ਸਮਝੌਤੇ ਦਾ ਮੂਲ ਤੱਤ ਇਹ ਹੈ ਕਿ ਧਿਰਾਂ ਦੇ ਜਿੱਤਣ ਜਾਂ ਹਾਨ ਕਰਕੇ ਰਕਮ ਪ੍ਰਾਪਤ ਕਰਨ ਜਾਂ ਰਕਮ ਦਾ ਭੁਗਤਾਨ ਦੇਣ ਤੋਂ ਇਲਾਵਾ ਹੋਹਰ ਕੋਈ ਹਿੱਤ ਨਹੀ ਹੋਣਾਂ ਚਾਹੀਦਾ।

**ਲੱਛਣ**

(i) ਅਜਿਹੇ ਸਮਝੌਤਿਆਂ ਵਿੱਚ ਕੁਝ ਨਿਸ਼ਚਿਤ ਧਨ ਜਾਂ ਕੀਮਤੀ ਵਸਤੂ ਦੇਣ ਦਾ ਵਾਅਦਾ ਹੁੰਦਾ ਹੈ।

(ii) ਇਹ ਵਾਅਦਾ ਕਿਸੇ ਘਟਨਾ ਦੇ ਵਾਪਰਨ ਜਾਂ ਨਾ ਵਾਪਰਨ ਉੱਤੇ ਅਧਾਰਤ ਹੁੰਦਾ ਹੈ।

(iii) ਘਟਨਾ ਦਾ ਵਾਪਰਨਾ ਅਨਿਸ਼ਚਿਤ ਹੋਣਾ ਚਾਹੀਦਾ ਹੈ ਅਤੇ ਇਹ ਅਨਿਸ਼ਚਿਤ ਘਟਨਾ ਭੂਤਕਾਲ, ਵਰਤਕਾਨ ਜਾਂ ਭਵਿੱਖ ਨਾਲ ਸਬੰਧਤ ਹੋ ਸਕਦੀ ਹੈ।

(iv) ਦੋ ਧਿਰਾਂ ਦਾ ਹੋਣਾ ਜਰੂਰੀ ਹੈ। ਦੋ ਧਿਰਾਂ ਜਿੱਤਣ ਜਾਂ ਹਾਨ ਦੀ ਹਾਲਤ ਵਿੱਚ ਹੋਣੀਆਂ ਚਾਹੀਦੀਆਂ ਹਨ। ਭਾਵ ਇੱਕ ਧਿਰ ਜਿੱਤਣ ਅਤੇ ਦੂਜੀ ਧਿਰ ਹਾਰਨ ਦੀ ਹਾਲਤ ਵਿੱਚ ਹੋਵੇ।

(v) ਸਮਝੌਤਾ ਕਰਦੇ ਸਮੇਂ ਦੋਹਾਂ ਦੀ ਭਾਵਨਾ ਇੱਕੋ ਜਿਹੀ ਹੋਣੀ ਚਾਹੀਦੀ ਹੈ।

(vi) ਦੋਹਾਂ ਧਿਰਾਂ ਦਾ ਜਿੱਤਣ ਜਾਂ ਹਾਨ ਤੋਂ ਇਲਾਵਾ ਹੋਰ ਕੋਈ ਹਿੱਤ ਨਹੀ ਹੋਣਾ ਚਾਹੀਦਾ।

ਉਦਾਹਰਣ: ਵ ਨੇ ਅ ਨੂੰ ਵਾਅਦਾ ਦਿੱਤਾ ਕਿ ਜੇਕਰ ੲ ਟੀਮ ਨੇ ਸ ਟੀਮ ਨੂੰ ਫੁੱਟਬਾਲ ਦੇ ਮੈਚ ਵਿੱਚ ਹਰ ਦਿੱਤਾ ਤਾਂ ਉਹ ਉਸਨੂੰ 100 ਰੁਪਏ ਦੇਵੇਗਾ। ਇਸ ਦੇ ਬਦਲੇ ਵਿੰਚ ਅ ਨੇ ੳ ਨੂੰ ਵਚਨ ਦਿੱਤਾ ਕਿ ਜੇਕਰ ਸ ਟੀਮ ਨੇ ੲ ਟੀਮ ਨੂੰ ਹਰਾ ਦਿੱਤਾ ਤਾਂ ਉਹ 200 ਰੁਪਏ ਦੇਵੇਗਾ। ਇਹ ਸਮਝੌਤਾ ਬਾਜੀ ਦਾ ਸਮਝੌਤਾ ਹੈ।

ਮਹਾਂਰਾਸ਼ਟਰ ਨੂੰ ਛੱਡ ਕੇ ਸਾਰੇ ਭਾਰਤ ਵਿੱਚ ਬਾਜੀ ਦੇ ਸਮਝੌਤੇ ਵਿਅਰਥ ਹੁੰਦੇ ਹਨ। ਮਹਾਂਰਾਸ਼ਟਰ ਵਿੱਚ ਬਾਜੀ ਦੇ ਸਮਝੌਤੇ ਗੈਰ ਕਾਨੂੰਨੀ ਹੁੰਦੇ ਹਨ। ਘੋਟ ਦੌੜ ਵਿੱਚ ਜਿੱਤਣ ਵਾਲੇ ਨੂੰ 500 ਰੁਪਏ ਜਾਂ ਇਸ ਤੋਂ ਵੱਧ ਰਾਸ਼ੀ ਜਾਂ ਇਨਾਮ ਦੇਣਾ ਜਾਂ ਦੇਣ ਲਈ ਚੰਦਾ ਆਦਿ ਦੇਣ ਜਾਂ ਦਾਨ ਦੇਣਾ ਦਾ ਸਮਝੌਤਾ ਜਾਇਜ ਹੁੰਦਾ ਹੈ।

**ਵਪਾਰਕ ਲੈਣ ਦੇਣ ਅਤੇ ਬਾਜੀ ਦੇ ਸਮਝੌਤੇ –**

ਅਸਲ ਵਿੰਚ ਵਸਤੂਆਂ ਦੀ ਖਰੀਦ ਵਿਕਰੀ ਦੇ ਸਮਝੌਤੇ ਬਾਜੀ ਦੇ ਸਮਝੌਤੇ ਨਹੀ ਹੁੰਦੇ। ਪਰੰਤੂ ਕਈ ਵਾਰ ਇਹ ਨਿਰਘਾਰਤ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਵਾਕਿਆ ਹੀ ਕੋਈ ਲੈਣ ਦੇਣ ਦੀ ਕ੍ਰਿਆ ਖਰੀਦ ਵਿਕਰੀ ਦਾ ਸਮਝੌਤਾ ਹੈ ਜਾਂ ਕੀਮਤਾਂ ਦੇ ਫਰਕ ਦਾ ਭੁਗਤਾਨ ਕਰਨ ਲਈ ਬਾਜੀ ਦਾ ਸਮਝੌਤਾ ਹੈ। ਉਦਾਹਰਣ ਦੇ ਲਈ ਦੋ ਵਪਾਰੀ ੳ ਅਤੇ ਅ ਖਰੀਦ ਵਿਕਰੀ ਦਾ ਇੱਕ ਮੁਆਇਦਾ ਕਰਦੇ ਹਨ ਕਿ 100 ਬੋਰੀ ਚੀਨੀ 400 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਹਰ ਮਹੀਨੇ ੳ ਦੁਆਰਾ ਅ ਨੂੰ ਵੇਚੀ ਜਾਏਗੀ। ਇਸ ਕੇਸ ਵਿੱਚ ਇਹ ਫੈਸਲਾ ਕਰਨਾ ਮੁਸ਼ਕਿਲ ਹੋਵੇਗਾ ਕਿ ਕੀ ਸੌਦਾ ਨਿਰੋਲ ਵਪਾਰਕ ਹੈ ਜਾਂ ਚੀਨੀ ਦੀਆਂ ਕੀਮਤਾਂ ਦੇ ਵਾਧੇ ਘਾਟੇ ਸਬੰਧੀ ਸੱਟਾ ਜਿਸਦੀ ਬਾਜੀ ਲਗਾਈ ਜਾ ਰਹੀ ਹੈ। ਧਾਰਾ 30 ਵਿੱਚ ਅਜਿਹੇ ਕੇਸਾਂ ਨੂੰ ਸ਼ਾਮਲ ਕਰਨ ਲਈ ਇਹ ਜਰੂਰੀ ਹੈ ਕਿ ਬਾਜੀ ਦੀਆ ਧਿਰਾਂ ਦਾ ਮੰਤਵ ਕੀਮਤਾਂ ਵਿੱਚ ਵਾਧੇ ਘਾਟੇ ਦੇ ਫਰਕ ਨੂੰ ਪ੍ਰਾਪਤ ਕਰਨਾ ਜਾਂ ਦੇਣਾ ਹੋਵੇ। ਇਸ ਤਰ੍ਹਾਂ ਇੱਕ ਵਪਾਰਕ ਸੌਦਾ ਬਾਜੀ ਦਾ ਸਮਝੌਤਾ ਹੈ ਕਿ ਨਹੀ। ਇਹ ਧਿਰਾਂ ਦਾ ਮੰਤਵ ਸਪੱਸ਼ਟ ਹੋਣ ਤੇ ਹੀ ਪਤਾ ਚੱਲਦਾ ਹੈ।

**ਲਾਟਰੀ –**

ਭਾਰਤੀ ਦੰਡ ਸੰਹਿਤਾ ਦੀ ਘਾਰਾ 294-A ਦੇ ਅਨੁਸਾਰ ਜਦੋਂ ਬਾਜੀ ਦੇ ਸਮਝੌਤੇ ਜਾਂ ਵਿਹਾਰ ਲਾਟਰੀ ਦੀ ਸ਼ਕਲ ਅਖਤਿਆਰ ਕਰ ਜਾਂਦੇ ਹਨ ਤਾਂ ਉਹ ਨਜਾਇਜ ਹੋਣ ਦੇ ਨਾਲ ਨਾਲ ਸਜਾ ਕਰਾਉਣ ਯੋਗ ਵੀ ਹੋ ਜਾਂਦੇ ਹਨ। ਅਸਲ ਵਿੱਚ ਲਾਟਰੀ ਬਾਜੀ ਦਾ ਵਿਵਹਾਰਕ ਰੂਪ ਹੈ ਜਿਸਨੂੰ ਖਤਮ ਨਹੀ ਕੀਤਾ ਜਾ ਸਕਦਾ ਕਿਉਂਕਿ ਇਸ ਨੂੰ ਸਰਕਾਰ ਦੀ ਮਾਨਤਾ ਜਾਂ ਮੰਨਜੂਰੀ ਪ੍ਰਾਪਤ ਹੁੰਦੀ ਹੈ। ਜੇਕਰ ਲਾਟਰੀ ਸਰਕਾਰ ਦੁਆਰਾ ਮੰਨਜੂਰਸੁਦਾ ਹੋਵੇ ਤਾਂ ਇਹ ਸਜਾ ਹੋਣ ਯੋਗ ਨਹੀ ਹੋਵੇਗਾ ਅਤੇ ਨਾ ਹੀ ਦੰਡ ਕਾਨੂੰਨ ਦੇ ਅਧੀਨ ਕੋਈ ਕੇਸ ਕੀਤਾ ਜਾ ਸਕਦਾ ਹੈ। ਧਾਰਾ 30 ਦੇ ਅਨੁਸਾਰ ਲਾਟਰੀ ਦੀਆਂ ਟਿਕਟਾਂ ਦੀ ਖਰੀਦ ਅਤੇ ਵਿਕਰੀ ਇੱਕ ਬਾਜੀ ਦਾ ਸਮਝੌਤਾ ਹੁੰਦਾ ਹੈ ਭਾਵ ਲਾਟਰੀ ਨਾਲ ਸਬੰਧਤ ਰਕਮ ਦੇ ਭੁਗਤਾਨ ਵਾਪਸ ਵਸੂਲਿਆ ਨਹੀ ਜਾ ਸਕਦਾ।

**ਬਾਜੀ ਦੇ ਮੁਆਇਦੇ ਅਤੇ ਬੀਮੇ ਦੇ ਮੁਆਇਦੇ –**

ਬੀਮਾਂ ਦਾ ਮੁਆਇਦਾ ਬੇਸ਼ੱਕ ਉਹ ਜੀਵਨ ਬੀਮਾਂ ਹੋਵੇ, ਦੁਰਘਟਨਾ ਬੀਮਾਂ ਹੋਵੇ, ਅਗਨੀ ਬੀਮਾਂ ਹੋਵੇ ਜਾਂ ਸਮੁੰਦਰੀ ਬੀਮਾਂ ਹੋਵੇ ਬਾਜੀ ਦਾ ਮੁਆਇਦਾ ਨਹੀ ਹੋਵੇਗਾ ਜੇਕਰ ਇਹ ਅਜਿਹੀ ਘਟਨਾ ਉੱਤੇ ਆਧਾਰਤ ਹੋਵੇ ਜਿਸਦਾ ਵਾਪਰਨਾ ਅਨਿਸ਼ਚਿਤ ਹੋਵੇ। ਅਜਿਹਾ ਇਸ ਲਈ ਹੈ ਕਿਉਂਕਿ ਬੀਮੇ ਦੇ ਮੁਆਇਦੇ ਦੇ ਅਧੀਨ ਬੀਮਾਂ ਕਰਵਾਉਣ ਵਾਲੇ ਦਾ ਹਿੱਤ ਹੁੰਦਾ ਹੈ ਜਦੋਂ ਕਿ

ਬਾਜੀ ਦੇ ਮੁਆਇਦੇ ਵਿੱਚ ਮੁਆਇਦੇ ਦੀਆਂ ਧਿਰਾਂ ਦਾ ਕੋਈ ਹਿੱਤ ਨਹੀ ਹੁੰਦਾ। ਇੱਕ ਵਿਅਕਤੀ ਦਾ ਖੁਦ ਹੀ ਉਸਦੀ ਜਿੰਦਗੀ ਵਿੱਚ ਬੀਮਾਂ ਯੋਗ ਹਿੱਤ ਹੁੰਦਾ ਹੈ ਅਤੇ ਉਹ ਤੀਜੀ ਧਿਰ ਦੇ ਹਿੱਤ ਲਈ ਬੀਮੇ ਦਾ ਮੁਆਇਦਾ ਕਰ ਸਕਦਾ ਹੈ। ਪ੍ਰੰਤੂ ਕੋਈ ਵਿਅਕਤੀ ਕਿਸੇ ਅਜਿਹੇ ਵਿਅਕਤੀ ਦੇ ਜੀਵਨ ਦਾ ਬੀਮਾਂ ਕਰਵਾਉਦਾ ਹੈ ਜਿਸ ਵਿੱਚ ਉਸਦਾ ਕੋਈ ਬੀਮਾਂ ਯੋਗ ਹਿੱਤ ਨਹੀ ਹੁੰਦਾ ਤਾਂ ਇਹ ਬਾਜੀ ਦਾ ਮੁਆਇਦਾ ਮੰਨਿਆ ਜਾਵੇਗਾ ਅਤੇ ਇਸੇ ਕਾਰਨ ਵਿਅਰਥ ਹੋਵੇਗਾ।

ਉਦਾਹਰਣ ਦੇ ਲਈ ਇੱਕ ਵਿਅਕਤੀ ਨੇ ਆਪਣੇ ਛੋਟੇ ਭਰਾ ਦਾ ਬੀਮਾਂ ਕਰਵਾਇਆ ਜਿਸ ਵਿੱਚ ਉਸਦਾ ਕੋਈ ਬੀਮਾਂ ਯੋਗ ਹਿੱਤ ਨਹੀ ਸੀ ਇਸ ਕਾਰਨ ਇਹ ਮੁਆਇਦਾ ਵਿਅਰਥ ਹੋਵੇਗਾ।